# ONE YEAR DIPLOMA IN SIKH THEOLOGY

## SEMESTER-I

## COURSE: SIKH THEOLOGIAN

## UNIT - 1 BHAI GURDAS JI

**STRUCTURE**

1.0 ਉਦੇਸ਼

1.1 ਜਾਣ ਪਛਾਣ, ਪਰਿਭਾਸ਼ਾ ਅਤੇ ਖੇਤਰ

1.2 ਆਦਿ ਬੀੜ ਲਿਖਣ ਦੀ ਸੇਵਾ ਤੇ ਅਕਬਰ ਨਾਲ ਮੇਲ

1.3 ਭਾਈ ਗੁਰਦਾਸ ਜੀ ਦਾ ਅੰਤਰ ਧਰਮ ਸੰਵਾਦ ਸੰਬੰਧੀ ਦ੍ਰਿਸ਼ਟੀਕੋਣ

1.4 ਗ੍ਰਹਿਸਤ ਸੰਬੰਧੀ ਵਿਚਾਰ

1.5 ਦੁਨਿਆਵੀ, ਰੂਹਾਨੀ ਰਿਸ਼ਤੇ ਨਾਤੇ ਤੇ ਸਦਾਚਾਰਕ ਕਦਰਾਂ ਕੀਮਤਾਂ

1.6 ਰੂਹਾਨੀ ਰਿਸ਼ਤੇ

1.7 ਸਾਰ

1.8 ਪੜ੍ਹਣਯੋਗ ਪੁਸਤਕਾਂ

### 1.0 ਉਦੇਸ਼

ਧਰਮ ਚਿੰਤਕ ਹੋਣਾ ਆਪਣੇ ਆਪ ਵਿਚ ਹੀ ਇਕ ਕਠਿਨ ਮਾਰਗ ਹੈ। ਪੈਗੰਬਰ ਦੀ ਬੋਲੀ ਸਮਝਣ ਵਾਲਾ ਪਾਰਖੂ ਹੀ ਧਰਮ ਚਿੰਤਕ ਅਖਵਾਉਂਦਾ ਹੈ। ਸਿੱਖ ਧਰਮ ਦੇ ਪਹਿਲੇ ਚਿੰਤਕ ਹੋਣ ਦਾ ਮਾਣ ਭਾਈ ਗੁਰਦਾਸ ਜੀ ਨੂੰ ਪ੍ਰਾਪਤ ਹੈ। ਇਸੇ ਕਾਰਨ ਹੀ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਨੂੰ 'ਗੁਰਬਾਣੀ ਦੀ ਕੁੰਜੀ' ਦਾ ਮਾਣ ਪ੍ਰਾਪਤ ਹੈ। ਭਾਈ ਗੁਰਦਾਸ ਜੀ ਦੀ ਮਹਾਨਤਾ ਉਨ੍ਹਾਂ ਦੀ ਪੁਰਾਤਨਤਾ ਕਰਕੇ ਵੀ ਹੈ ਤੇ ਸਿੱਖੀ ਦੀ ਪ੍ਰਫੁੱਲਤਾ ਵਿਚ ਪਾਏ ਯੋਗਦਾਨ ਕਰਕੇ ਅਤੇ ਉਨ੍ਹਾਂ ਦੀ ਰਚਨਾ ਦੀ ਪ੍ਰਮਾਣਿਕਤਾ ਕਰਕੇ ਵੀ। ਭਾਈ ਗੁਰਦਾਸ ਜੀ ਅਜਿਹੀ ਸਖ਼ਸ਼ੀਅਤ ਸਨ ਜਿਨ੍ਹਾਂ ਨੇ ਚਾਰ ਗੁਰੂਆਂ ਦੀ ਸੰਗਤ ਮਾਣੀ। ਸਿੱਖ ਅਕਾਦਮਿਕਤਾ ਦੇ ਵਿਚ ਭਾਈ ਗੁਰਦਾਸ ਜੀ ਨੂੰ ਪਹਿਲੇ ਸਿੱਖ ਧਰਮ-ਵਿਗਿਆਨੀ (Theologian) ਵਜੋਂ ਸਵੀਕਾਰ ਕੀਤਾ ਜਾ ਚੁੱਕਾ ਹੈ। ਆਪ ਜੀ ਦੁਆਰਾ ਰਚਿਤ ਵਾਰਾਂ ਤੇ ਕਬਿੱਤ ਸਵੱਈਯੇ ਸਿੱਖ ਇਤਿਹਾਸ ਤੇ ਸਿੱਖ ਦਰਸ਼ਨ ਦਾ ਮੁੱਢਲਾ ਸਰੋਤ ਹਨ। ਵਿਚਾਰ ਅਧੀਨ ਵਿਸ਼ਾ ਭਾਈ ਗੁਰਦਾਸ ਜੀ ਜੀਵਨ ਤੇ ਰਚਨਾਵਾਂ ਦੇ ਵਿਸਤ੍ਰਿਤ ਅਧਿਐਨ ਸੰਬੰਧੀ ਹੈ।

**1.1 ਜਾਣ-ਪਛਾਣ,ਪਰਿਭਾਸ਼ਾ ਅਤੇ ਖੇਤਰ**

ਭਾਈ ਗੁਰਦਾਸ ਜੀ ਸਿੱਖ ਧਰਮ ਦੇ ਪਹਿਲੇ ਵਿਆਖਿਆਕਾਰ, ਸਿੱਖ ਇਤਿਹਾਸ ਦੇ ਮੁੱਢਲੇ ਫਿਲਾਸਫ਼ਰ ਹਨ। ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਜਾਂਦਾ ਹੈ। ਗੁਰਪ੍ਰਤਾਪ ਸੂਰਜ ਗ੍ਰੰਥ ਮੁਤਾਬਿਕ ਗੁਰੂ ਅਰਜਨ ਸਾਹਿਬ ਨੇ ਹੀ ਇਨ੍ਹਾਂ ਦੀ ਰਚਨਾ ਨੂੰ ਸਿੱਖੀ ਦੇ ਪਾਠ ਵਜੋਂ ਮਹੱਤਤਾ ਪ੍ਰਦਾਨ ਕੀਤੀ ਗਈ ਹੈ।

ਜੋ ਬਾਣੀ ਗੁਰਦਾਸ ਕੀ ਗੁਰ ਮਹਿਮਾ ਭਾਰੀ।
ਸਿਖੀ ਪ੍ਰਾਪਤ ਪਠੇ ਤੇ ਵਿਮ ਲੇਹੁ ਬਿਚਾਰੀ।

ਡਾ. ਦਰਸ਼ਨ ਸਿੰਘ ਅਨੁਸਾਰ ਭਾਈ ਗੁਰਦਾਸ ਜੀ ਦਾ ਸਥਾਨ ਉਤਨਾ ਹੀ ਮਹੱਤਵਪੂਰਣ ਹੈ ਜਿਤਨਾ ਕਿ ਹਿੰਦੂ ਧਰਮ ਵਿਚ ਵੇਦ ਵਿਆਸ ਜੀ ਦਾ, ਬੁੱਧ ਧਰਮ ਵਿਚ ਆਨੰਦ ਜੀ ਦਾ ਅਤੇ ਈਸਾਈ ਧਰਮ ਵਿਚ ਸੰਤ ਪਾਲ ਜੀ ਦਾ।"ਆਦਿ ਬੀੜ" ਜਿਸ ਨੂੰ ਕਿ ਗੁਰੂ ਅਰਜਨ ਦੇਵ ਜੀ ਨੇ ਸੰਪਾਦਿਤ ਕਰਵਾਇਆ, ਇਸ ਬੀੜ ਨੂੰ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਨੇ ਨਿਭਾਈ। ਭਾਈ ਗੁਰਦਾਸ ਜੀ ਨੇ ਵਾਰਾਂ ਕਬਿੱਤ, ਸਵੱਯੈ ਆਦਿ ਦੀ ਰਚਨਾ ਕੀਤੀ। ਭਾਈ ਗੁਰਦਾਸ ਜੀ ਦੁਆਰਾ ਰਚਿਤ ਵਾਰਾਂ ਵਿੱਚ ਜੋ ਇਤਿਹਾਸਕ ਸੰਕੇਤ ਮਿਲਦੇ ਹਨ, ਉਹ ਗੁਰ-ਇਤਿਹਾਸ ਦਾ ਮੁੱਢਲਾ ਸਰੋਤ ਬਣਦੇ ਹਨ। ਅਸੀਂ ਇਹ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਜੀ ਸਿੱਖ ਵਿਰਸੇ ਤੇ ਇਤਿਹਾਸ ਵਿੱਚ ਬਹੁ-ਪ੍ਰਸਿੱਧੀ ਅਤੇ ਬਹੁ-ਪ੍ਰਤਭਾ ਵਾਲੇ ਵਿਅਕਤੀ ਹਨ।

ਭਾਈ ਗੁਰਦਾਸ ਜੀ ਦੇ ਸੰਬੰਧ ਵਿੱਚ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ ਕਿ- ਭਾਈ ਗੁਰਦਾਸ ਜੀ ਸਤਿਗੁਰੂ ਦੇ ਸੱਚੇ ਸਿੱਖ, ਬੀਬੀ ਭਾਨੀ ਜੀ ਦੇ ਨੇੜਿਓਂ ਭਾਈ ਸਨ, ਇਨ੍ਹਾਂ ਨੇ ਚੌਥੇ ਸਤਿਗੁਰਾਂ ਤੋਂ 1636 ਈਸਵੀ ਵਿੱਚ ਸਿੱਖ ਧਰਮ ਧਾਰਨ ਕੀਤਾ ਅਤੇ ਗੁਰਬਾਣੀ ਦਾ ਸਿਧਾਂਤ ਪੰਜਵੇਂ ਸਤਿਗੁਰਾਂ ਤੋਂ ਸਮਝਿਆ। ਸਿੱਖ ਮੱਤ ਦੇ ਪ੍ਰਚਾਰਕ ਹੋ ਕੇ ਇਨ੍ਹਾਂ ਨੇ ਧਰਮ ਦੇ ਨਿਯਮ ਚੰਗੀ ਤਰ੍ਹਾਂ ਫੈਲਾਏ। ਲਾਹੌਰ, ਆਗਰਾ ਅਤੇ ਕਾਸ਼ੀ ਆਦਿਕ ਅਸਥਾਨਾਂ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ। ਇਕ ਉੱਚ ਕੋਟੀ ਦੇ ਸਾਹਿਤਕਾਰ ਵਜੋਂ ਭਾਈ ਗੁਰਦਾਸ ਜੀ ਅਮੀਰ ਖਜ਼ਾਨੇ ਦੇ ਮਾਲਿਕ ਸਨ। ਜਿਨ੍ਹਾਂ ਦੀਆਂ ਰਚਨਾਵਾਂ ਵਿਚੋਂ ਅਨੇਕਾਂ ਸਾਹਿਤਕ ਵਿਸ਼ੇਸ਼ਤਾਵਾਂ ਪ੍ਰਗਟ ਹੁੰਦੀਆਂ ਹਨ। ਇਸ ਸੰਬੰਧੀ ਡਾ. ਸਰਬਜਿੰਦਰ ਸਿੰਘ ਦਾ ਵਿਚਾਰ ਹੈ- ਗੁਰੂ ਪਾਤਸ਼ਾਹਾਂ ਦੀ ਦੇਖ-ਰੇਖ ਵਿਚ ਗਿਣਾਤਮਕ ਤੇ ਗੁਣਾਤਮਕ ਪੱਖੋਂ ਇਨ੍ਹਾਂ ਨੇ 40 ਵਾਰਾਂ ਦੀ ਰਚਨਾ ਕਰਕੇ ਪ੍ਰਥਮ ਸਿਰਮੌਰ ਵਾਰਕਾਰ ਹੋਣ ਦਾ ਸੁਭਾਗ ਪ੍ਰਾਪਤ ਕੀਤਾ ਹੈ, ਜਿਸ ਵਿਚ 913 ਪਉੜੀਆਂ, 6444 ਪੰਕਤੀਆਂ ਅਤੇ 46166 ਦੇ ਕਰੀਬ ਸ਼ਬਦ ਆਏ ਹਨ। ਬ੍ਰਜ ਭਾਸ਼ਾ ਵਿਚ ਲਿਖੇ ਕਬਿੱਤ ਸਵੱਈਏ ਹਨ, ਜਿਨ੍ਹਾਂ ਦੀ ਗਿਣਤੀ ਲਗਭਗ 675 ਹੈ। ਇਸ ਤੋਂ ਇਲਾਵਾ 6 ਸਲੋਕ ਮਹਾਂਕਵੀ ਭਾਈ ਸੰਤੋਖ ਸਿੰਘ ਦੇ 'ਗੁਰਪ੍ਰਤਾਪ ਸੂਰਜ ਗ੍ਰੰਥ' ਵਿਚ (7ਵੀਂ ਰਾਸ, 4 ਅੰਸੂ, ਛੰਦ ਨੰ. 51 ਉੱਤੇ) ਸੁਰੱਖਿਅਤ ਹਨ। ਇਨ੍ਹਾਂ ਸਲੋਕਾਂ ਪਿੱਛੇ ਪ੍ਰਵਾਨਿਤ ਧਾਰਨਾ ਇਹ ਹੈ ਕਿ ਜਦ ਪੰਡਿਤਾਂ ਨੇ ਵਾਹਿਗੁਰੂ ਸ਼ਬਦ ਤੋਂ ਪਹਿਲਾਂ ਪ੍ਰਚਲਿਤ 'ਪਰਮਾਤਮਾ' ਦੇ ਨਾਵਾਂ ਤੋਂ ਵੱਧ ਉਸ ਦੀ ਵਿਸ਼ੇਸ਼ਤਾ ਬਾਰੇ ਪ੍ਰਸ਼ਨ ਕੀਤਾ ਤਾ ਭਾਈ ਗੁਰਦਾਸ ਨੇ ਸੰਸਕ੍ਰਿਤ ਸਲੋਕਾਂ ਰਾਹੀਂ ਉਸ ਦਾ ਉੱਤਰ ਦਿੱਤਾ। ਇਹ ਆਖਣਾ ਅਤਿ-ਉਕਤਿ ਨਹੀਂ ਕਿ- "ਸਿੱਖੀ ਦਾ ਰਹਿਤਨਾਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਅਦ ਭਾਈ ਸਾਹਿਬ

ਦੀ ਰਚਨਾ ਤੋਂ ਵੱਧ ਕੇ ਹੋਰ ਕੋਈ ਨਹੀਂ। ਭਾਈ ਗੁਰਦਾਸ ਜੀ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਭਤੀਜੇ ਸਨ। ਆਪ ਦੇ ਪਿਤਾ ਦਾ ਨਾ ਈਸ਼ਰਦਾਸ ਜੀ ਸੀ। ਕੇਸਰ ਸਿੰਘ ਛਿੱਬਰ ਅਨੁਸਾਰ-

ਭਾਈ ਗੁਰਦਾਸ ਈਸਰ ਭਲੇ ਦਾ ਬੇਟਾ

ਈਸਰ ਵਿਸਨੁ ਦਾਸ ਭਲੇ ਦੇ ਪਰਿਵਾਰ ਵਿਚੋਂ ਆਹਾ ਖਤ੍ਰੇਟਾ।

ਜਿਸ ਵੇਲੇ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਸਾਇਆ ਉਸ ਵੇਲੇ ਇਹ ਪਰਿਵਾਰ ਵੀ ਗੋਇੰਦਵਾਲ ਸਾਹਿਬ ਹੀ ਆ ਵਸਿਆ। ਭਾਈ ਵੀਰ ਸਿੰਘ ਦੇ ਮਤ ਅਨੁਸਾਰ ਗੋਇੰਦਵਾਲ ਸ਼ਾਹੀ ਸੜਕ ਉਤੇ ਹੋਣ ਕਾਰਨ ਯਾਤਰੀਆਂ ਦੇ ਠਹਿਰਨ ਦਾ ਪ੍ਰਮੁੱਖ ਨਗਰ ਸੀ ਅਤੇ ਵਿਦਿਆ ਦਾ ਕੇਂਦਰ ਵੀ ਸੀ। ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਅਨੁਸਾਰ ਆਪ ਜੀ ਦਾ ਜਨਮ 1551 ਈਸਵੀ ਵਿੱਚ ਹੋਇਆ। ਤਿੰਨ ਸਾਲ ਦੀ ਉਮਰ ਵਿੱਚ ਆਪ ਜੀ ਦੇ ਮਾਤਾ ਜੀ ਗੁਜ਼ਰ ਗਏ ਤੇ ਬਾਰਾਂ ਸਾਲ ਦੇ ਹੋਏ ਤਾਂ ਪਿਤਾ ਜੀ ਵੀ ਗੁਜ਼ਰ ਗਏ।

ਆਪ ਆਪਣੇ ਮਾਤਾ-ਪਿਤਾ ਦੇ ਇਕਲੌਤੇ ਪੁੱਤਰ ਸਨ। ਆਪ ਜੀ ਨੇ ਜੀਵਨ ਦੇ ਪਹਿਲੇ ਸਾਲ ਗੋਇੰਦਵਾਲ ਹੀ ਗੁਜ਼ਾਰੇ ਅਤੇ ਇੱਥੋਂ ਹੀ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਇਸ ਤੋਂ ਉਪਰੰਤ ਆਪ ਬਨਾਰਸ ਚਲੇ ਗਏ, ਜਿੱਥੇ ਕਿ ਆਪ ਨੇ ਸੰਸਕ੍ਰਿਤ ਅਤੇ ਬ੍ਰਜ ਭਾਸ਼ਾ ਦਾ ਅਧਿਐਨ ਕੀਤਾ। ਡਾ. ਹਰਬੰਸ ਸਿੰਘ ਅਨੁਸਾਰ ਗੁਰੂ ਰਾਮਦਾਸ ਜੀ ਦੇ ਸਮੇਂ ਆਪ ਨੇ ਸਿੱਖੀ ਧਾਰਨ ਕੀਤੀ। ਆਪ ਜੀ ਨੇ ਬਹੁਤ ਥਾਵਾਂ ਉੱਪਰ ਸਿੱਖੀ ਦਾ ਪ੍ਰਚਾਰ ਕੀਤਾ। ਆਪ ਆਗਰਾ, ਲਖਨਊ, ਬਨਾਰਸ, ਬੁਰਹਾਨਪੁਰ, ਜੰਮੂ, ਚੰਬਾ ਆਦਿਕ ਅਸਥਾਨਾਂ ਤੇ ਸਿੱਖੀ ਦਾ ਪ੍ਰਚਾਰ ਕਰਦੇ ਰਹੇ।

ਡਾ. ਗੰਡਾ ਸਿੰਘ ਤਾਂ ਇਹ ਵੀ ਲਿਖਦੇ ਹਨ ਕਿ ਭਾਈ ਸਾਹਿਬ ਜਦੋਂ ਪ੍ਰਚਾਰ ਦੀ ਖ਼ਾਤਿਰ ਆਗਰੇ ਗਏ ਤਾਂ ਉੱਥੇ ਆਪ ਅਕਬਰ ਬਾਦਸ਼ਾਹ ਨੂੰ ਵੀ ਮਿਲੇ। ਅਕਬਰ ਬਾਦਸ਼ਾਹ ਭਾਈ ਸਾਹਿਬ ਦੇ ਵਿਅਕਤਿਤਵ ਤੋਂ ਬਹੁਤ ਪ੍ਰਸੰਨ ਹੋਇਆ। ਭਾਈ ਸਾਹਿਬ ਨੇ ਬਹੁਤ ਹੀ ਪ੍ਰੇਰਨਾਮਈ ਢੰਗ ਦੇ ਨਾਲ ਬਾਦਸ਼ਾਹ ਨੂੰ ਸਿੱਖੀ ਦੇ ਅਸੂਲਾਂ ਤੇ ਸਿਧਾਂਤਾਂ ਤੋਂ ਜਾਣੂੰ ਕਰਵਾਇਆ। ਉੱਥੇ ਆਸ-ਪਾਸ ਦੇ ਕਈ ਖੇਤਰਾਂ ਦੇ ਵਿੱਚ ਭਾਈ ਸਾਹਿਬ ਨੇ ਕਾਫ਼ੀ ਸਿੱਖ ਸੰਗਤਾਂ ਦੀ ਸਥਾਪਨਾ ਕੀਤੀ। ਮਹਾਂਕਵੀ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਇੱਥੇ ਆਗਰੇ ਵਿਖੇ ਹੀ ਆਪ ਜੀ ਨੂੰ ਗੁਰੂ ਰਾਮਦਾਸ ਜੀ ਦੇ ਜੋਤੀ-ਜੋਤ ਸਮਾਉਣ ਦੀ ਖ਼ਬਰ ਮਿਲਦੀ ਹੈ ਤੇ ਆਪ ਵਾਪਸ "ਚੱਕ ਗੁਰੂ" ਵਾਪਸ ਪਰਤ ਆਉਂਦੇ ਹਨ। "ਚੱਕ ਗੁਰੂ" ਅੰਮ੍ਰਿਤਸਰ ਦਾ ਪੁਰਾਣਾ ਨਾਮ ਹੈ।

ਸ੍ਰੀ ਗੁਰੂ ਰਾਮਦਾਸ ਗੁਰਦਾਸ॥ ਪਠਯੋ ਆਗਰੇ ਸੰਗਤਿ ਪਾਸ॥

ਸੋ ਭੀ ਤਯਾਰ ਹੋਇ ਚਲਿ ਪਰਯੋ॥ ਸੁਨਿ ਪਰਲੋਕ ਪਿਆਨਾ ਕਰਿਯੋ॥

ਜਦੋਂ ਗੁਰੂ ਅਰਜਨ ਸਾਹਿਬ ਜੀ ਨੂੰ ਗੁਰਗੱਦੀ ਮਿਲੀ ਤਾਂ ਭਾਈ ਗੁਰਦਾਸ ਜੀ ਨੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਗੁਰੂ ਸਾਹਿਬ ਦੀ ਸੇਵਾ ਵਿੱਚ ਹਮੇਸ਼ਾਂ ਹੀ ਹਾਜ਼ਰ ਰਹੇ। ਜਿਸ ਸਮੇਂ ਗੁਰੂ ਅਰਜਨ ਸਾਹਿਬ ਗੱਦੀ `ਤੇ ਬਿਰਾਜਮਾਨ ਸਨ ਤਾਂ ਇੱਕ ਸਮਾਂ ਅਜਿਹਾ ਆ ਗਿਆ ਸੀ ਕਿ ਗੁਰੂ ਘਰ ਦੇ ਲੰਗਰ ਬਹੁਤ ਮਸਤਾਨੇ ਹੋ ਚੁੱਕੇ ਸਨ। ਭਾਈ ਗੁਰਦਾਸ ਜੀ ਨੇ ਇਸ ਵਿਸ਼ੇ ਪਰ ਪ੍ਰਤੀ ਚਿੰਤਾ ਪ੍ਰਗਟ ਕੀਤੀ। ਦੇਖਣ ਵਿੱਚ ਆਇਆ ਕਿ ਪ੍ਰਿਥੀ ਚੰਦ ਮਸੰਦਾਂ ਕੋਲੋਂ ਰਸਦ, ਮਇਆ ਆਦਿ ਲੈ ਲੈਂਦਾ ਸੀ, ਪਰ ਗੁਰੂ ਦਰਬਾਰ ਵਿੱਚ ਨਹੀਂ ਪਹੁੰਚਾਉਂਦਾ ਸੀ। ਭਾਈ ਗੁਰਦਾਸ ਜੀ ਨੇ

ਇਸ ਸਥਿਤੀ ਨੂੰ ਭਾਂਪਦਿਆਂ ਹੋਇਆਂ ਮਸੰਦਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਤੇ ਉਨ੍ਹਾਂ ਨੂੰ ਸਮਝਾਇਆ ਕਿ ਰਸਦ ਮਾਇਆ ਆਦਿਕ ਸਿੱਧੀ ਗੁਰੂ ਦਰਬਾਰ ਦੇ ਵਿੱਚ ਪਹੁੰਚਾਈ ਜਾਵੇ।

ਦੁਨਿਆਵੀ ਰਿਸ਼ਤੇਦਾਰੀ ਦੇ ਵਿੱਚ ਭਾਈ ਗੁਰਦਾਸ ਜੀ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਲੱਗਦੇ ਸਨ। ਪ੍ਰਿਥੀ ਚੰਦ ਜੋ ਕਿ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਸੀ ਤੇ ਗੁਰੂ ਜੀ ਨਾਲ ਈਰਖ਼ਾ ਰੱਖਦਾ ਸੀ। ਭਾਈ ਗੁਰਦਾਸ ਜੀ ਚਾਹੁੰਦੇ ਸਨ ਕਿ ਉਨ੍ਹਾਂ ਦੇ ਦੋਵੇਂ ਭਾਣਜੇ ਪਿਆਰ ਨਾਲ ਰਹਿਣ। ਪ੍ਰਿਥੀਚੰਦ ਗੁਰੂ ਰਾਮਦਾਸ ਜੀ ਦਾ ਸਭ ਤੋਂ ਵੱਡਾ ਪੁੱਤਰ ਹੋਣ ਕਰਕੇ ਗੁਰਗੱਦੀ ’ਤੇ ਆਪਣਾ ਹੱਕ ਸਮਝਦਾ ਸੀ। ਇਸ ਲਈ ਉਹ ਗੁਰੂ ਅਰਜਨ ਦੇਵ ਜੀ ਨਾਲ ਈਰਖ਼ਾ ਕਰਦਾ ਸੀ। ਗੁਰੂ ਅਰਜਨ ਦੇਵ ਜੀ ਇਸ ਦੇ ਉਲਟ ਆਪਣੇ ਵੱਡੇ ਭਰਾ ਦਾ ਸਦਾ ਸਤਿਕਾਰ ਕਰਦੇ ਸਨ। ਖ਼ੁਸ਼ਵਕਤ ਰਾਏ ਰਚਿਤ “ਤਵਾਰੀਖ਼ ਸਿੱਖਾਂ” ਵਿੱਚ ਲਿਖਿਆ ਹੈ ਕਿ ਗੁਰੂ ਅਰਜਨ ਸਾਹਿਬ ਨੇ ਚੌਂਕ ਪਾਸੀਆਂ ਦੀ ਚੁੰਗੀ ਵਸੂਲਣ ਦਾ ਅਖ਼ਤਿਆਰ ਤੇ ਹੋਰ ਬਹੁਤ ਕੁੱਝ ਪ੍ਰਿਥੀਚੰਦ ਨੂੰ ਦੇ ਦਿੱਤਾ ਤੇ ਆਪ ਕੁੱਝ ਸਮੇਂ ਲਈ ਗੁਰੂ ਕੀ ਵਡਾਲੀ ਚਲੇ ਗਏ। ਪ੍ਰਿਥੀਚੰਦ ਫੇਰ ਵੀ ਨਾਰਾਜ਼ ਰਿਹਾ ਅਤੇ ਕੁੱਝ ਸਮੇਂ ਪਿੱਛੋਂ ਉਹ ਵੀ ਅੰਮ੍ਰਿਤਸਰ ਛੱਡ ਕੇ ਆਪਣੇ ਸਹੁਰੇ ਪਿੰਡ ਹੇਹਰ (ਜ਼ਿਲ੍ਹਾ ਲਾਹੌਰ) ਚਲਾ ਗਿਆ। ਇਹ ਘਟਨਾ ਗੁਰੂ ਹਰਿਗੋਬਿੰਦ ਜੀ ਦੇ ਜਨਮ ਤੋਂ ਪਿੱਛੋਂ ਵਾਪਰੀ ਹੋਵੇਗੀ ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜਨਮ ਸਮੇਂ ਤੱਕ ਪ੍ਰਿਥੀਚੰਦ ਅਤੇ ਉਸ ਦਾ ਪਰਿਵਾਰ ਅੰਮ੍ਰਿਤਸਰ ਹੀ ਰਿਹਾ ਸੀ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਇਸ ਗੱਲ ਦਾ ਗੁਰੂ ਅਰਜਨ ਦੇਵ ਜੀ ਤੇ ਭਾਈ ਗੁਰਦਾਸ ਜੀ ਨੂੰ ਬਹੁਤ ਦੁੱਖ ਹੋਇਆ। ਭਾਈ ਗੁਰਦਾਸ ਜੀ ਪ੍ਰਿਥੀਚੰਦ ਨੂੰ ਵਾਪਸ ਲਿਆਉਣ ਲਈ ਹੇਹਰ ਪਿੰਡ ਗਏ। ਪ੍ਰਿਥੀਚੰਦ ਨੇ ਇੱਕ ਨਾ ਮੰਨੀ, ਸਗੋਂ ਭਾਈ ਸਾਹਿਬ ਨੂੰ ਉਲ੍ਹਾਮੇਂ ਤੇ ਕਰੜ੍ਹੇ ਬਚਨ ਕਹੇ। ਪ੍ਰਿਥੀਚੰਦ ਨਾਲ ਮਾਮੇ ਦਾ ਰਿਸ਼ਤਾ ਹੋਣ ਦੇ ਕਾਰਨ ਭਾਈ ਗੁਰਦਾਸ ਜੀ ਇਨ੍ਹਾਂ ਗੱਲਾਂ ਦੀ ਆਸ ਨਹੀਂ ਸਨ ਰੱਖਦੇ। ਉਹ ਆਪਣੇ ਸਮੇਂ ਦੇ ਮਹਾਂਕਵੀ ਸਨ। ਉਨ੍ਹਾਂ ਦੇ ਸੂਖ਼ਮ ਭਾਵਾਂ ਨੂੰ ਸੱਟ ਵੱਜੀ, ਜਿਸ ਕਰਕੇ ਉਨ੍ਹਾਂ ਨੇ ਵਿਅੰਗਮਈ ਰਚਨਾ ਕੀਤੀ। ਭਾਈ ਸੰਤੋਖ ਸਿੰਘ ਦੇ ਕਥਨ ਅਨੁਸਾਰ ਹੀ ਛੱਤੀਵੀਂ ਵਾਰ ਦੀਆਂ ਪਹਿਲੀਆਂ ਪਉੜੀਆਂ ਦੇ ਵਿੱਚ ਭਾਈ ਗੁਰਦਾਸ ਜੀ ਨੇ ਹੇਹਰ ਪਿੰਡ ਤੋਂ ਅੰਮ੍ਰਿਤਸਰ ਆਉਂਦਿਆਂ ਹੀ ਜੋੜ ਲਈਆਂ ਸਨ:-

“ਕਾਲੇ ਮੁਖ ਮੀਣਾ” ਭਯੋ ਬਡ ਦੰਭ ਕਮਾਵੈ।
ਬੇਖ ਬਾਕ ਸੁਭ ਮੋਰ ਕੇ ਜੀਵਨਿ ਚੁਨਿ ਖਾਵੈ।
ਗਯਾਨ ਹੀਨ ਗੁਰ ਬਨਤਿ ਹੈ ਕੋ ਨਮੋ ਨ ਠਾਨੈ।
“ਖੋਟੀ ਸੰਗਤਿ ਮੀਣਿਆ” ਗੁਰਨਿੰਦ ਬਖਾਨੈ॥

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਈ ਗੁਰਦਾਸ ਜੀ ਦੀ ਛੱਤੀਵੀਂ ਵਾਰ, ਜਿਸ ਵਿੱਚ ਮੀਣਿਆਂ ਦਾ ਕਥਨ ਹੈ, ਪ੍ਰਿਥੀਚੰਦ ਦੇ ਕੁਬਚਨ, ਕਰੋਧੀ ਸੁਭਾ ਅਤੇ ਭਾਈ ਗੁਰਦਾਸ ਜੀ ਦਾ ਯੋਗ ਸਤਿਕਾਰ ਨਾ ਕਰਨ ਦਾ ਸਿੱਟਾ ਸੀ। ਗੁਰੂ ਘਰ ਦੇ ਸਿਦਕੀ ਸਿੱਖ ਹੋਣ ਦੇ ਨਾਤੇ ਉਹ ਗੁਰੂ ਅਰਜਨ ਦੇਵ ਜੀ ਦੀ ਨਿੰਦਾ ਅਤੇ ਉਨ੍ਹਾਂ ਪਰਥਾਇ ਕੌੜੇ ਬਚਨ ਨਹੀਂ ਸਹਾਰ ਸਕਦੇ ਸਨ। ਸ਼ਾਇਦ ਇਸ ਰਚਨਾ ਦਾ ਇੱਕ ਮਨੋਰਥ ਗੁਰਸਿੱਖਾਂ ਨੂੰ ਇਹ ਵੀ ਸੂਚਿਤ ਕਰਨਾ ਸੀ ਕਿ ਗੁਰਿਆਈ ਦਾ ਮਾਲਕ ਪ੍ਰਿਥੀਚੰਦ ਨਹੀਂ, ਸਗੋਂ ਗੁਰੂ ਅਰਜਨ ਸਾਹਿਬ ਹਨ, ਪਰ ਇੱਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਭਾਈ

ਗੁਰਦਾਸ ਜੀ ਨੇ ਗੁਰੂ ਘਰ ਦੇ ਸਾਰੇ ਵਿਰੋਧੀਆਂ ਦਾ ਇਸ ਵਾਰ ਵਿਚ ਕਥਨ ਕੀਤਾ ਹੈ। ਛੱਬੀਵੀਂ ਵਾਰ ਦੀ ਤੇਤੀਵੀਂ ਪਉੜੀ ਵਿੱਚ ਗੁਰੂ ਘਰ ਦੇ ਸਭ ਵਿਰੋਧੀ ਗਿਣੇ ਹਨ। ਬਾਬਾ ਸ੍ਰੀ ਚੰਦ ਤੇ ਉਨ੍ਹਾਂ ਦੇ ਭਰਾ ਲੱਖਮੀ ਦਾਸ ਜੀ, ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਦਾਤੂ ਜੀ ਤੇ ਦਾਸੂ ਜੀ, ਗੁਰੂ ਅਮਰਦਾਸ ਜੀ ਦੇ ਸਪੁੱਤਰ ਮੋਹਨ ਅਤੇ ਮੋਹਰੀ ਜੀ। ਲੱਖਮੀ ਦਾਸ ਦੇ ਪੁੱਤਰ ਧਰਮਚੰਦ ਆਦਿ ਦਾ ਕਥਨ ਵੀ ਆਉਂਦਾ ਹੈ:-

ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ।
ਲਖਮੀ ਦਾਸਹੁ ਧਰਮਚੰਦ ਪੋਤਾ ਹੁਇ ਕੈ ਆਪੁ ਗਣਾਇਆ।
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖ ਆਇਆ।
ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਬਨਾਇਆ।
ਮੀਣਾ ਹੋਆ ਪਿਰਥੀਆ ਕਰਿ ਕਰਿ ਟੇਢਕ ਬਰਲੁ ਚਲਾਇਆ।
ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖ ਕੁਤਾ ਭਉਕਾਇਆ।
ਚੰਦਨ ਵਾਸੁ ਨ ਵਾਸ ਬੋਹਾਇਆ।

## 1.2 ਆਦਿ ਬੀੜ ਲਿਖਣ ਦੀ ਸੇਵਾ ਤੇ ਅਕਬਰ ਨਾਲ ਮੇਲ

ਭਾਈ ਵੀਰ ਸਿੰਘ ਦੇ ਕਥਨ ਅਨੁਸਾਰ "ਭਾਈ ਗੁਰਦਾਸ ਜੀ ਦੇ ਸਦਾ ਰਹਿਣ ਵਾਲੇ ਦੋ ਸੇਵਾ ਦੇ ਕੰਮ ਹਨ। ਇਕ ਇਹ, ਸ੍ਰੀ ਗੁਰੂ ਜੀ ਨਾਲ ਬੈਠ ਕੇ ਗੁਰਬਾਣੀ ਦੇ ਇਕਤ੍ਰ ਤੇ ਸੰਕਲਤ ਕਰਨ ਵਿਚ ਸੇਵਾ ਕਰਨੀ ਤੇ ਸਾਰੀ ਬਾਣੀ ਆਪਣੇ ਹੱਥੀਂ ਲਿਖਣੀ। ਦੂਸਰਾ ਕੰਮ ਉਨ੍ਹਾਂ ਦੀ ਆਪਣੀ ਬਾਣੀ ਹੈ, ਜੋ ਗੁਰਸਿੱਖੀ ਦੇ ਅਸੂਲਾਂ ਤੇ ਗੁਰਬਾਣੀ ਦੇ ਭਾਵਾਂ ਨੂੰ ਸਮਝਣ ਲਈ ਸਚਮੁੱਚ ਕੁੰਜੀ ਦਾ ਕੰਮ ਦਿੰਦੀ ਹੈ। ਇਹ ਇਕ ਇਤਿਹਾਸਕ ਸੱਚਾਈ ਹੈ। ਗੁਰੂ ਪਾਤਸ਼ਾਹ ਤੋਂ ਇਲਾਵਾ ਕਿਸੇ ਵੀ ਪੈਗੰਬਰ ਨੇ ਬਾਣੀ ਨੂੰ ਆਪ ਸੰਪਾਦਿਤ ਨਹੀਂ ਕੀਤਾ।

ਆਦਿ ਬੀੜ ਲਿਖਣ ਦਾ ਕਾਰਜ ਕਰਨ ਲਈ ਗੁਰੂ ਅਰਜਨ ਪਾਤਸ਼ਾਹ ਨੇ ਪ੍ਰਮੁੱਖ ਸਿੱਖਾਂ ਦੀ ਸਹਾਇਤਾ ਲਈ। ਡਾ. ਰਤਨ ਸਿੰਘ ਜੱਗੀ ਅਨੁਸਾਰ ਸਾਰੀ ਬਾਣੀ ਇਕੱਤਰ ਕਰਨ ਲਈ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਵਰਗੇ ਸਿਆਣੇ ਸਿੱਖਾਂ ਨੂੰ ਨਿਯੁਕਤ ਕੀਤਾ ਗਿਆ। ਇਸ ਤਰ੍ਹਾਂ ਇੱਕਠੀ ਹੋਈ ਅਤੇ ਆਪਣੀ ਰਚੀ ਬਾਣੀ ਨੂੰ ਲਿਖਣ ਦਾ ਕਾਰਜ ਪਹਿਲਾਂ ਭਾਈ ਸੰਤ ਦਾਸ, ਭਾਈ ਹਰੀਆ ਜੀ, ਭਾਈ ਸੁਖਾ ਜੀ ਅਤੇ ਭਾਈ ਮਨਸਾ ਰਾਮ ਨੂੰ ਸੌਂਪਿਆ ਗਿਆ। ਕਈ ਵਰ੍ਹਿਆਂ ਦੀ ਘਾਲਣਾ ਤੋਂ ਬਾਅਦ ਜਦ ਸਾਰੀ ਬਾਣੀ ਇਕੱਠੀ ਹੋ ਗਈ ਤਾਂ ਉਸ ਨੂੰ ਸੋਧ ਕੇ ਅਤੇ ਰਾਗਾਂ ਅਨੁਸਾਰ ਤਰਤੀਬ ਦੇ ਕੇ ਅੰਤਿਮ ਰੂਪ ਵਿਚ ਲਿਖਣ ਦਾ ਕੰਮ ਭਾਈ ਗੁਰਦਾਸ ਦੇ ਸਪੁਰਦ ਕੀਤਾ ਗਿਆ।

'ਤਵਾਰੀਖ ਗੁਰੂ ਖਾਲਸਾ' ਦੇ ਕਰਤਾ ਅਨੁਸਾਰ ਜਦ ਅਕਬਰ ਬਟਾਲੇ ਆਇਆ ਤਾਂ ਉਸਨੂੰ ਕਿਸੇ ਨੇ ਸ਼ਿਕਾਇਤ ਕੀਤੀ ਕਿ ਗੁਰੂ ਅਰਜਨ ਸਾਹਿਬ ਦੁਆਰਾ ਬਣਾਏ ਗ੍ਰੰਥ ਵਿਚ ਇਸਲਾਮ ਦੀ ਨਿੰਦਿਆ ਕੀਤੀ ਹੈ। ਅਕਬਰ ਨੇ ਸਪੱਸ਼ਟ ਕਰਨ ਲਈ ਅੰਮ੍ਰਿਤਸਰ ਸੁਨੇਹਾ ਭੇਜਿਆ। ਭਾਈ ਗੁਰਦਾਸ, ਬਾਬਾ ਬੁੱਢਾ ਆਦਿ ਕੁਝ ਸਿੱਖ ਗ੍ਰੰਥ ਲੇ ਕੇ ਉਥੇ ਗਏ। ਅਕਬਰ ਨੇ ਭਾਈ ਗੁਰਦਾਸ ਨੂੰ ਗ੍ਰੰਥ ਵਿਚੋਂ ਕੁਝ ਪੜ੍ਹ ਕੇ ਸੁਣਾਉਣ ਲਈ ਕਿਹਾ। ਸਭ ਤੋਂ ਪਹਿਲਾਂ ਸ਼ਬਦ

ਆਇਆ **"ਖਾਕ ਨੂਰ ਕਰਦੰ ਆਲਮ ਦੁਨਿਆਇ।"** ਚੁਗਲਖੋਰਾਂ ਦੇ ਇਤਰਾਜ਼ ਕਰਨ ਤੇ ਭਾਈ ਗੁਰਦਾਸ ਨੇ ਹੋਰ ਸ਼ਬਦ ਕੱਢੇ। ਉਨ੍ਹਾਂ ਨੂੰ ਸੁਣ ਕੇ ਅਕਬਰ ਦੀ ਤਸੱਲੀ ਹੋ ਗਈ। ਉਸ ਨੇ 51 ਮੋਹਰਾਂ ਗ੍ਰੰਥ ਸਾਹਿਬ ਦੇ ਭੇਟਾ ਕੀਤੀਆਂ ਅਤੇ ਭਾਈ ਗੁਰਦਾਸ ਆਦਿ ਸਿੱਖਾਂ ਨੂੰ ਦੁਸ਼ਾਲੇ ਦਿੱਤੇ।

ਦੂਸਰੇ ਪਾਸੇ ਜਦੋਂ ਅਸੀਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਵਿਸਤ੍ਰਿਤ ਅਧਿਐਨ ਕਰਦੇ ਹਾਂ ਤਾਂ ਅਸੀਂ ਇਹ ਦੇਖਦੇ ਹਾਂ ਕਿ ਭਾਈ ਸਾਹਿਬ ਦੀਆਂ ਵਾਰਾਂ ਇੱਕ ਇਤਿਹਾਸਕ ਸਰੋਤ ਵਜੋਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਦੇ ਇਤਿਹਾਸ ਨੂੰ ਜੇਕਰ ਵਾਚਣਾ ਹੋਵੇਗਾ ਤਾਂ ਸਭ ਤੋਂ ਮਹੱਤਵਪੂਰਨ ਸਰੋਤ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਹੈ। ਭਾਵੇਂ ਕਿ ਛੇਵੇਂ ਗੁਰੂ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਜੀ ਤੱਕ ਗੁਰੂਆਂ ਬਾਰੇ ਵੀ ਵਰਣਨ ਮਿਲਦਾ ਹੈ, ਜਿਵੇਂ ਕਿ ਭਾਈ ਸਾਹਿਬ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੰਬੰਧ ਵਿੱਚ ਲਿਖਦੇ ਹਨ ਕਿ :-

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ॥
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ॥
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ॥
ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥

ਪਰ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਦਾ ਪੂਰਾ ਹਾਲ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਤੋਂ ਲੈ ਕੇ ਗੁਰੂ ਸਾਹਿਬ ਜੀ ਦਾ ਪ੍ਰਚਾਰ ਯਾਤਰਾਵਾਂ ਦੌਰਾਨ ਸਿੱਧਾਂ ਕੋਲ ਜਾਣ, ਸਿੱਧਾਂ ਦੇ ਨਾਲ ਵੀਚਾਰ ਕਰਕੇ ਸਿੱਧਾਂ ਨੂੰ ਮਾਤ ਲੋਕ ਤੋਂ ਜਾਣੂੰ ਕਰਵਾਉਣ ਤੇ ਸ਼ਬਦ ਦੇ ਨਾਲ ਵਿਚਾਰਾਂ ਦੇ ਵਿੱਚ ਜਿੱਤ ਪ੍ਰਾਪਤ ਕਰਨ ਦਾ ਵਰਣਨ ਹੈ।

ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।
ਕਲਿਜੁਗਿ ਨਾਨਕ ਨਾਮੁ ਸੁਖਾਲਾ॥

ਭਾਈ ਸਾਹਿਬ ਉਚਾਰਨ ਕਰਦੇ ਹਨ ਕਿ ਜਦੋਂ ਗੁਰੂ ਸਾਹਿਬ ਮੱਕੇ ਗਏ ਤਾਂ ਜੋ ਹਾਜੀ ਮੁਸਲਮਾਨ ਸਨ ਉਹ ਗੁਰੂ ਜੀ ਨੂੰ ਪੁੱਛਦੇ ਹਨ ਕਿ ਹਿੰਦੂ ਵੱਡਾ ਹੈ ਕਿ ਮੁਸਲਮਾਨ ਤਾਂ ਗੁਰੂ ਨਾਨਕ ਸਾਹਿਬ ਜੀ ਜਵਾਬ ਦਿੰਦੇ ਹਨ ਕਿ ਸ਼ੁਭ ਕਰਮਾਂ ਤੋਂ ਬਿਨਾਂ ਕੋਈ ਵੀ ਚੰਗਾ ਨਹੀਂ।

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ?

ਬਾਬਾ ਆਖੇ ਹਾਜੀਆਂ,ਸੁਭਿ ਅਮਲਾ ਬਾਝਹੁ ਦੋਨੋ ਰੋਈ॥

ਗੁਰੂ ਨਾਨਕ ਦੇਵ ਜੀ ਦਾ ਲੋਕਾਈ ਨੂੰ ਤਾਰਨ ਤੋਂ ਬਾਅਦ ਵਾਪਸ ਕਰਤਾਰਪੁਰ ਆ ਕੇ ਵਸਣ ਦਾ ਹਾਲ ਵੀ ਭਾਈ ਸਾਹਿਬ ਦੱਸਦੇ ਹਨ ਕਿ ਗੁਰੂ ਜੀ ਨੇ ਕਰਤਾਰਪੁਰ ਆ ਕੇ ਆਪਣਾ ਨਿਵਾਸਕਰ ਲਿਆ ਤੇ ਇੱਥੇ ਹੀ ਭਾਈ ਲਹਿਣਾ ਜੀ ਦੇ ਸਿਰ `ਤੇ ਹੱਥ ਰੱਖ ਕੇ ਉਨ੍ਹਾਂ ਨੂੰ ਗੁਰੂ ਅੰਗਦ ਬਣਾ ਦਿੱਤਾ।

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।

ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।

ਭਾਈ ਗੁਰਦਾਸ ਜੀ ਦੁਆਰਾ ਰਚਿਤ ਕਬਿੱਤ ਸਵੱਈਆਂ ਦੀ ਗੱਲ ਕਰਦੇ ਹਾਂ ਤਾਂ ਭਾਈ ਸਾਹਿਬ ਦੁਆਰਾ ਰਚਿਤ ਇਹ ਰਚਨਾ ਦਾਰਸ਼ਨਿਕਤਾ ਨਾਲ ਭਰਪੂਰ ਰਚਨਾ ਹੈ। ਇਹ ਫਿਲਾਸਫ਼ੀਕਲ ਪ੍ਰਸੰਗ ਦੇ ਵਿੱਚ ਲਿਖੇ ਗਏ ਹਨ। ਸਿੱਖੀ ਦੇ ਆਦਰਸ਼ ਨੂੰ ਵਰਣਨ ਕਰਦਿਆਂ ਹੋਇਆਂ ਭਾਈ ਗੁਰਦਾਸ ਜੀ ਸੰਬੋਧਨ ਕਰਦੇ ਹਨ ਕਿ ਸਿੱਖ ਧਰਮ ਦੇ ਵਿੱਚ ਗੁਰਮਤਿ ਦਾ ਸਿਧਾਂਤ ਮਹੱਤਵਪੂਰਨ ਹੈ। ਗੁਰਮਤਿ ਤੋਂ ਭਾਵ ਕਿ ਗੁਰੂ ਦੀ ਮੱਤ ਦੇ ਅਨੁਸਾਰ ਚੱਲਣਾ। ਗੁਰਮਤਿ ਦੇ ਉਲਟ ਦੁਰਮਤਿ ਹੈ ਜੋ ਕਿ ਭੈੜੀ ਮੱਤ ਹੈ। ਭਾਈ ਸਾਹਿਬ ਵਿਸਥਾਰ ਦੇ ਵਿੱਚ ਗੁਰਮਤਿ ਤੇ ਦੁਰਮਤਿ ਬਾਰੇ ਦੱਸਦੇ ਹੋਏ ਗੁਰਮਤਿ ਨੂੰ ਅਪਣਾਉਣ ਦੀ ਪ੍ਰੇਰਨਾ ਦਿੰਦੇ ਹਨ ਕਿ ਗੁਰਮਤਿ ਸਭ ਤੋਂ ਸ੍ਰੇਸ਼ਟ ਹੈ, ਦੁਰਮਤਿ ਹਨ੍ਹੇਰਾ ਹੈ। ਗੁਰਮਤਿ ਦੇ ਨਾਲ ਸੁਰਤ ਉੱਚੀ ਉੱਠਦੀ ਹੈ, ਕਪਾਟ ਖੁੱਲ੍ਹਦੇ ਹਨ ਤੇ ਇਹ ਅੰਮ੍ਰਿਤ ਦੀ ਨਿਆਈਂ ਹੈ, ਸੁਗੰਧੀ ਭਰਪੂਰ ਹੈ, ਜਦਕਿ ਦੁਰਮਤਿ ਦੁਰਗੰਧ ਭਰਪੂਰ ਹੈ। ਗੁਰਮਤਿ ਸਹਿਜ ਸਿਖਾਉਂਦੀ ਹੈ ਜਦਕਿ ਦੁਰਮਤਿ ਕ੍ਰੋਧ।ਭਾਈ ਸਾਹਿਬ ਲਿਖਦੇ ਹਨ:-

ਗੁਰਮਤਿ ਚਰਮ ਦ੍ਰਿਸਟਿ ਦਿਬ ਦ੍ਰਿਸ਼ਟਿ ਹ੍ਵੈ,
ਦੁਰਮਤਿ ਲੋਚਨ ਅੱਛਤ ਅੰਧ ਕੰਧ ਹੈ॥
ਗੁਰਮਤਿ ਸੁਰਤਿ ਕੈ ਬਜਰ ਕਪਾਟ ਖੁਲੈ
ਦੁਰਮਤਿ ਕਠਨ ਕਪਾਟ ਸਨਬੰਧ ਹੈ॥
ਗੁਰਮਤਿ ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ,
ਦੁਰਮਤਿ ਮੁਖ ਦੁਰਬਚਨ ਦੁਰਗੰਧਿ ਹੈ॥
ਗੁਰਮਤਿ ਸਹਜਿ ਸੁਭਾਇ ਨ ਹਰਖ ਸੋਗ,
ਦੁਰਮਤਿ ਬਿਗ੍ਰਹਿ ਵਿਰੋਧ ਕ੍ਰੋਧ ਸੰਗਿ ਹੈ॥

ਅਜਿਹੀ ਗੁਰਮਤਿ ਦੀ ਬਿਰਤੀ ਨੂੰ ਅਪਣਾਉਣ ਵਾਲਾ ਮਨੁੱਖ ਭਾਈ ਗੁਰਦਾਸ ਜੀ ਦੀ ਦ੍ਰਿਸ਼ਟੀ ਅਨੁਸਾਰ ਗੁਰਮੁਖ ਪਦ ਦਾ ਧਾਰਨੀ ਹੋ ਜਾਂਦਾ ਹੈ। ਅਜਿਹੇ ਰੱਬੀ ਪਿਆਰ ਦੇ ਰੰਗ ਵਿੱਚ ਰੰਗੇ ਵਿਅਕਤੀ, ਸੁੱਖ-ਦੁੱਖ, ਜੀਵਨ-ਮੌਤ ਦੇ ਉਤਰਾਵਾਂ ਚੜ੍ਹਾਵਾਂ ਵਿੱਚ ਸਮਾਨ-ਭਾਵੀ ਹੋ ਕੇ ਨਿਰਲੇਪ ਹੋ ਕੇ ਰਹਿੰਦੇ ਹਨ :-

ਗੁਰਮੁਖ ਆਪਾ ਖੋਇ ਜੀਵਨ ਮੁਕਤਿ ਗਤਿ,
ਬਿਸਮ ਬਿਦੇਹ ਗੇਹ ਸਮਤਿ ਸੁਭਾਉ ਹੈ॥
ਜਨਮ ਮਰਨ ਸਮ ਨਰਕ ਸੁਰਗ ਅਰ,
ਪੁੰਨ ਪਾਪ ਸੰਪਤ ਬਿਪਤ ਚਿੰਤਾ ਚਾਉ ਹੈ॥

**1.3 ਭਾਈ ਗੁਰਦਾਸ ਜੀ ਦਾ ਅੰਤਰ-ਧਰਮ ਸੰਵਾਦ ਸੰਬੰਧੀ ਦ੍ਰਿਸ਼ਟੀਕੋਣ**

ਭਾਈ ਗੁਰਦਾਸ ਜੀ ਦੇ ਕਬਿੱਤ ਸਵੱਈਆਂ ਦੇ ਵਿੱਚ ਗੁਰੂਆਂ ਦੇ ਦਰਸਾਏ ਸਿਧਾਂਤ ਅੰਤਰ ਧਰਮ ਸੰਵਾਦ ਦੇ ਦੀਦਾਰ ਵੀ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਅਨੇਕਤਾ ਨੂੰ ਖ਼ਤਮ ਕਰਨਾ ਨਹੀਂ ਸੀ, ਸਗੋਂ ਅਨੇਕਤਾ ਦੇ

ਵਿੱਚ ਏਕਤਾ ਨੂੰ ਕਾਇਮ ਕਰਨਾ ਸੀ। ਭਾਈ ਸਾਹਿਬ ਵੀ ਇਹ ਗੱਲ ਦ੍ਰਿੜ੍ਹ ਕਰਾਉਂਦੇ ਹਨ ਕਿ ਸਾਰਿਆਂ ਨੂੰ ਆਪਣੇ-ਆਪਣੇ ਧਰਮ ਪਿਆਰੇ ਹਨ। ਇੱਕ ਦੂਜੇ ਦੇ ਧਰਮ ਨੂੰ ਕੂੜ ਭਾਵ ਕਿ ਝੂਠ ਦੀ ਨਿਗਾਹ ਦੇ ਨਾਲ ਦੇਖਣ ਦੀ ਬਜਾਇ ਆਪਸੀ ਮਿਲਵਰਤਨ ਦੀ ਭਾਵਨਾ ਦਾ ਪ੍ਰਗਟਾਅ ਹੋਣਾ ਚਾਹੀਦਾ ਹੈ। ਕਿਸੇ ਵੀ ਮੱਤ ਦੇ ਨਾਲ ਕੋਈ ਸੰਬੰਧਿਤ ਜੇਕਰ ਉਹ ਆਪਣੇ ਸ਼ੁਭ ਸਿਧਾਂਤਾਂ ਨੂੰ ਮੰਨਦਾ ਹੈ ਤਾਂ ਉਹ ਪ੍ਰਵਾਨ ਹੈ-

ਆਪਨੇ ਸੁਅੰਨ ਜੈਸੋ ਲਾਗਤ ਪਿਆਰੋ ਜੀਅ,
ਜਾਨੀਐ ਵੈਸੋ ਹੀ ਪਯਾਰੋ ਸਕਲ ਸੰਸਾਰ ਕੋ॥
ਆਪਨੋ ਦਰਬੁ ਜੈਸੇ ਰਾਖੀਐ ਜਤਨ ਕਰ,
ਵੈਸੇ ਹੀ ਸਮਝ ਸਭ ਕਾਹੂ ਕੇ ਬਿਉਹਾਰ ਕੋ॥
ਅਸਤਤਿ ਨਿੰਦਾ ਸੁਨ ਬਯਾਪਤ ਹਰਖ ਸੋਗ,
ਵੈਸੇ ਹੀ ਲਗਤ ਜਗ ਅਨਿਕ ਪ੍ਰਕਾਰ ਕੋ॥
ਜੈਸੇ ਕੁਲ ਧਰਮ ਕਰਮ ਜੈਸੋ ਜੈਸੋ ਕਾਕੋ,
ਉਤਮ ਕੈ ਮਾਨ ਜਾਨ ਬ੍ਰਹਮ ਬਿਥਾਰ ਕੋ॥

## 1.4 ਗ੍ਰਹਿਸਤ ਸੰਬੰਧੀ ਵਿਚਾਰ

ਗੁਰੂ ਸਾਹਿਬਾਨ ਦੇ ਆਪਣੇ ਜੀਵਨ ਦੌਰਾਨ ਅਨੇਕਾਂ ਮੌਲਿਕ ਸਿਧਾਂਤ ਸਿਰਜੇ ਜਿਨ੍ਹਾਂ ਵਿਚੋਂ ਗ੍ਰਹਿਸ ਦਾ ਸਿਧਾਂਤ ਇਕ ਨਿਵੇਕਲਾ ਸਿਧਾਂਤ ਹੈ ਕਿਉਂਕਿ ਸਿੱਖ ਧਰਮ ਦੀ ਆਮਦ ਤੋਂ ਪਹਿਲਾਂ ਪ੍ਰਚਲਿਤ ਭਾਰਤੀ ਧਰਮਾਂ ਵਿਚ ਗ੍ਰਹਿਸਤ ਦੇ ਤਿਆਗ ਦੀ ਭਾਵਨਾ ਪ੍ਰਚਲਿਤ ਸੀ। ਗੁਰੂ ਸਾਹਿਬ ਨੇ ਇਸ ਸਿਧਾਂਤ ਨੂੰ ਨਕਾਰਿਆ ਤੇ ਆਪਣੇ ਸਿੱਖਾਂ ਨੂੰ ਗ੍ਰਹਿਸਤੀ ਧਾਰਨ ਕਰਨ ਦਾ ਉਪਦੇਸ਼ ਦਿੱਤਾ। ਇਸ ਉੱਤਰ ਸਿਧਾਂਤ ਸੰਬੰਧੀ ਜਦੋਂ ਅਸੀਂ ਭਾਈ ਗੁਰਦਾਸ ਜੀ ਦੀ ਰਚਨਾ ਦਾ ਅਧਿਐਨ ਕਰਦੇ ਹਾਂ ਤਾਂ ਭਾਈ ਸਾਹਿਬ ਵੀ ਗੁਰਮਤਿ ਦੇ ਗ੍ਰਹਿਸਤ ਸੰਬੰਧੀ ਸਿਧਾਂਤ ਨੂੰ ਸਪੱਸ਼ਟ ਕਰਦੇ ਹੋਏ ਲਿਖਦੇ ਹਨ ਕਿ ਨਦੀਆਂ ਵਿੱਚੋਂ ਗੰਗਾ ਨਦੀ, ਪਹਾੜਾਂ ਵਿੱਚੋਂ ਸੁਮੇਰ ਪਰਬਤ, ਰੁੱਖਾਂ ਵਿੱਚੋਂ ਚੰਦਨ, ਧਾਤਾਂ ਵਿਚੋਂ ਸੋਨਾ, ਪੰਛੀਆਂ ਵਿੱਚੋਂ ਹੰਸ ਆਦਿ ਨੂੰ ਸਰਵੋਤਮ ਮੰਨੇ ਜਾਣ ਦਾ ਦ੍ਰਿਸ਼ਟਾਂਤ ਦਿੰਦੇ ਹੋਏ ਗ੍ਰਹਿਸਤ ਧਰਮ ਨੂੰ ਸਾਰੇ ਧਰਮਾਂ ਵਿੱਚੋਂ ਪ੍ਰਧਾਨ ਅਤੇ ਸ਼੍ਰੇਸ਼ਟ ਧਰਮ ਦੱਸਿਆ ਹੈ-

ਜੈਸੇ ਸਰੁ ਸਰਿਤਾ ਸਕਲ ਮੈ ਸਮੁੰਦਰ ਬਡੋ
ਮੇਰੁ ਮੈ ਸੁਮੇਰ ਬਡੋ ਜਗਤੁ ਬਖਾਨ ਹੈ।
ਤਰੁਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ,
ਧਾਤ ਮੈ ਕਨਿਕ ਅਦਿ ਉਤਮ ਕੈ ਮਾਨਿ ਹੈ।
ਪੰਛੀਅਨ ਮੈ ਹੰਸੁ ਮ੍ਰਿਗ ਰਾਜਨ ਮੈ ਸਾਰਦੂਲੁ
ਗਗਨ ਮੈ ਸ੍ਰੀ ਰਾਗੁ ਪਾਰਸ ਪਖਾਨ ਹੈ।
ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰ,

ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ।

**1.5 ਦੁਨਿਆਵੀ, ਰੂਹਾਨੀ ਰਿਸ਼ਤੇ ਨਾਤੇ ਤੇ ਸਦਾਚਾਰਕ ਕਦਰਾਂ ਕੀਮਤਾਂ**

ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਵਿਚ ਦੋ ਤਰ੍ਹਾਂ ਦੇ ਰਿਸ਼ਤਿਆਂ ਦਾ ਵਰਣਨ ਮਿਲਦਾ ਹੈ ਜਿਸ ਦਾ ਸਿੱਧਾ ਸੰਬੰਧ ਮਨੁੱਖਤਾ ਦੇ ਆਚਾਰ-ਵਿਹਾਰ ਨਾਲ ਸੰਬੰਧਿਤ ਹੈ। ਭਾਈ ਗੁਰਦਾਸ ਜੀ ਅਨੁਸਾਰ ਦੁਨਿਆਵੀ ਰਿਸ਼ਤਿਆਂ ਵਿਚੋਂ ਸਭ ਤੋਂ ਸਤਿਕਾਰਤ ਰਿਸ਼ਤਾ ਮਾਂ-ਪਿਉ ਦਾ ਰਿਸ਼ਤਾ ਹੈ। ਮਾਂ-ਪਿਉ ਦੀ ਕੀਤੀ ਸੇਵਾ ਹੀ ਅਸਲੀ ਧਨ-ਦੌਲਤ ਹੈ। ਅਜੋਕੇ ਸੰਦਰਭ 'ਚ ਜਦੋਂ ਅਸੀਂ ਸੰਸਾਰ ਵਿਚ ਨਿਗ੍ਹਾ ਮਾਰਦੇ ਹਾਂ ਤਾਂ ਥਾਂ-ਥਾਂ ਤੇ ਬਣੇ ਬਿਰਧ ਆਸ਼ਰਮ ਮਨੁੱਖਾਂ ਵਿਚਲੀ ਆਈ ਨੈਤਿਕਤਾ ਦੀ ਗਿਰਾਵਟ ਦੀ ਪਰਤੱਖ ਗਵਾਹੀ ਭਰਦੇ ਹਨ। ਭਾਈ ਗੁਰਦਾਸ ਜੀ ਆਪਣੀ ਵਾਰ ਰਾਹੀਂ ਮਨੁੱਖਤਾ ਨੂੰ ਸੰਦੇਸ਼ ਦਿੰਦੇ ਹਨ ਕਿ ਮਾਂ-ਬਾਪ ਦੀ ਸੇਵਾ ਤੋਂ ਵੱਡਾ ਕੋਈ ਪੁੰਨ ਹੈ। ਭਾਈ ਸਾਹਿਬ ਆਪਣੀ ਸੈਂਤੀਵੀਂ ਵਾਰ ਵਿਚ ਲਿਖਦੇ ਹਨ-

ਮਾਂ ਪਿਉ ਪਰਹਰਿ ਸੁਣੈ ਵੇਦ ਭੇਦੁ ਨਾ ਜਾਣੈ ਕਹਾਣੀ।<br>
ਮਾਂ ਪਿਉ ਪਰਹਰਿ ਕਰੈ ਤਪੁ ਨਵ ਖੰਡਿ ਭੁਲਾ ਫਿਰੈ ਬਿਬਾਣੀ।<br>
ਮਾਂ ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨ ਸੇਵ ਕਮਾਣੀ।<br>
ਮਾਂ ਪਿਉ ਪਰਹਰਿ ਨ੍ਹਾਵਣਾ ਅਠਸਠਿ ਤੀਰਥ ਘੁੰਮਣ ਵਾਣੀ।<br>
ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।<br>
ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮਿ ਭੁਲਾਣੀ।<br>
ਗੁਰੁ ਪਰਮੇਸਰ ਸਾਰੁ ਨ ਜਾਣੀ।

ਭਾਈ ਗੁਰਦਾਸ ਜੀ ਦੇ ਅਨੁਸਾਰ ਮਾਤਾ ਪਿਤਾ ਤੋਂ ਬਾਅਦ ਅਗਲਾ ਸਤਿਕਾਰਤ ਰਿਸ਼ਤਾ ਪਤੀ-ਪਤਨੀ ਦਾ ਰਿਸ਼ਤਾ ਮੰਨਦੇ ਹਨ। ਇਥੇ ਵੀ ਭਾਈ ਗੁਰਦਾਸ ਜੀ ਇਨ੍ਹਾਂ ਸਮੁੱਚੇ ਰਿਸ਼ਤਿਆਂ ਸੰਬੰਧੀ ਇਕ ਨੈਤਿਕ ਸੀਮਾ ਦਾ ਮਾਪਦੰਡ ਪ੍ਰਦਾਨ ਕਰਦੇ ਹੋਏ ਸਪੱਸ਼ਟ ਤੌਰ 'ਤੇ ਤਾੜ੍ਹਨਾ ਕਰਦੇ ਹੋਏ ਲਿਖਦੇ ਹਨ-

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।<br>
ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ॥<br>
ਪੁਤ੍ਰ ਕਲਤ੍ਰ ਕੁਟੰਬੁ ਦੇਖਿ ਮੋਹੇ ਮੋਹਿ ਨ ਧੋਹਿ ਧਿਙਾਣੈ।

**1.6 ਰੂਹਾਨੀ ਰਿਸ਼ਤੇ**

ਰੂਹਾਨੀ ਰਿਸ਼ਤਿਆਂ ਦਾ ਸੰਬੰਧ ਮਨੁੱਖ ਦੀ ਪਰਮੇਸ਼ਰ ਨਾਲ ਸਾਂਝ ਤੋਂ ਹੈ। ਭਾਈ ਗੁਰਦਾਸ ਜੀ ਦੇ ਅਨੁਸਾਰ ਦੁਨਿਆਵੀ ਰਿਸ਼ਤਿਆਂ ਨੂੰ ਨਿਭਾਉਂਦਿਆਂ ਹੋਇਆ ਨਾਲ-ਨਾਲ ਵਿਅਕਤੀ ਨੂੰ ਪਰਮਾਰਥ ਦੇ ਰਸਤੇ ਉੱਤੇ ਵੀ ਚੱਲਣਾ ਚਾਹੀਦਾ ਹੈ। ਭਾਈ ਸਾਹਿਬ ਦੀ ਵਾਰ ਅਨੁਸਾਰ ਪਰਮੇਸ਼ਰ ਨਾਲ ਸਾਂਝ ਲਈ ਮਾਧਿਅਮ ਗੁਰੂ ਅਤੇ ਨਾਮ ਹੈ। ਗੁਰੂ ਨਾਮ ਦੀ ਦਾਤ ਬਖਸ਼ ਦੇ ਮਨੁੱਖ ਨੂੰ ਪਰਮਾਰਥ ਦੇ ਰਸਤੇ ਤੇ ਪਹੁੰਚਾ ਦਿੰਦਾ ਹੈ। ਗੁਰੂ ਤੇ ਸਿੱਖ ਦਾ ਰਿਸ਼ਤਾ ਨਿਰੋਲ

ਰੂਹਾਨੀ ਰਿਸ਼ਤਾ ਹੁੰਦਾ ਹੈ। ਗੁਰੂ ਇਕ ਦਰਵਾਜਾ ਹੈ ਜਿਸ ਦਰਵਾਜੇ ਵਿਚੋਂ ਲੰਘ ਕੇ ਪਰਮੇਸ਼ਰ ਦੇ ਦੀਦਾਰ ਹੁੰਦੇ ਹਨ। ਇਸ ਸਮੁੱਚੇ ਰਿਸ਼ਤੇ ਨੂੰ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ।

ਗੁਰ ਸਿਖੁ ਸਿਖੁ ਗੁਰ ਸੋਇ ਅਲਖੁ ਲਖਾਇਆ।
ਗੁਰ ਦੀਖਿਆ ਲੈ ਸਿੱਖ ਸਿ ਸਦਾਇਆ।
ਗੁਰ ਸਿਖ ਇਕੋ ਹੋਇ ਜੋ ਗੁਰ ਭਾਇਆ।
ਹੀਰਾ ਕਣੀ ਪਰੋਇ ਹੀਰੁ ਬਿਧਾਇਆ।
ਜਲ ਤਰੰਗੁ ਅਵਲੋਇ ਸਲਿਲ ਸਮਾਇਆ।
ਜੋਤੀ ਜੋਤਿ ਸਮੋਇ ਦੀਪੁ ਦੀਪਾਇਆ।
ਅਚਰਜ ਅਚਰਜੁ ਢੋਇ ਚਲਿਤੁ ਬਣਾਇਆ।
ਦੁਧਹੁ ਦਹੀ ਵਿਲੋਇ ਘਿਉ ਕਢਾਇਆ।
ਇਕੁ ਚਾਨਣੁ ਤ੍ਰਿਹੁ ਲੋਇ ਪ੍ਰਗਟੀ ਆਇਆ।

ਇਨ੍ਹਾਂ ਗੁਰਮਤਿ ਦੇ ਮੁੱਖ ਅਸੂਲਾਂ ਤੇ ਸਿਧਾਂਤਾਂ ਨੂੰ ਧਿਆਨ ਵਿੱਚ ਰੱਖਦਿਆਂ ਹੀ ਭਾਈ ਸਾਹਿਬ ਜੀ ਨੇ ਆਪਣੀ ਸਾਰੀ ਰਚਨਾ ਰਚੀ। ਇਹ ਵਿੱਦਿਅਕ ਕਾਰਜ ਕਰਨ ਤੋਂ ਇਲਾਵਾ ਭਾਈ ਸਾਹਿਬ ਨੇ ਗੁਰੂ ਦੀ ਸੇਵਾ ਦੇ ਵਿੱਚ ਵੀ ਕੋਈ ਕਸਰ ਨਾ ਛੱਡੀ।ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਵੀ ਜਦੋਂ ਗੁਰੁੂ ਜੀ ਨੇ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ, ਉਸ ਦੀ ਸਾਰੀ ਸੇਵਾ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ ਨਿਭਾਈ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਹੀ ਭਾਈ ਸਾਹਿਬ ਨਾਲ ਇੱਕ ਘਟਨਾ ਵਾਪਰੀ। ਇੱਕ ਵਾਰ ਗੁਰੂ ਜੀ ਕੋਲ ਭਾਈ ਗੁਰਦਾਸ ਜੀ ਸਮੇਤ ਹੋਰ ਸਿਦਕੀ ਸਿੱਖ ਭਾਈ ਭਗਤੂ, ਭਾਈ ਬਹਿਲੋ, ਭਾਈ ਜੇਠਾ ਅਤੇ ਭਾਈ ਬਿਧੀਆ ਜੀ ਬੈਠੇ ਸਨ। ਸਿੱਖਾਂ ਨੇ ਕਿਹਾ ਕਿ ਜੇ ਗੁਰੂ ਦਾ ਆਸਰਾ ਲਿਆ ਜਾਵੇ ਤਾਂ ਉਹ ਮਾਇਆ ਦੇ ਭਰਮ ਜਾਲ ਤੋਂ ਬਚਾ ਲੈਂਦੇ ਹਨ। ਪਰ, ਭਾਈ ਗੁਰਦਾਸ ਜੀ ਨੇ ਕਿਹਾ ਕਿ ਜੋ ਸਿਦਕੀ ਸਿੱਖ ਹੁੰਦਾ ਹੈ, ਚਾਹੇ ਗੁਰੂ ਕਸੌਟੀ ਲਾ ਕੇ ਵੀ ਵੇਖਣ, ਉਹ ਡੋਲਦਾ ਨਹੀਂ, ਆਪਣੇ ਮਨ ਨੂੰ ਕਾਬੂ ਕਰਕੇ ਰੱਖਦਾ ਹੈ। ਭਾਈ ਸਾਹਿਬ ਨੇ ਪੈਂਤੀਵੀਂ ਵਾਰ ਦੀ ਵੀਹਵੀਂ ਪਉੜੀ `ਚੋਂ ਤੁਕ ਸੁਣਾਈ:

ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ॥

ਇਹ ਸੁਣ ਕੇ ਸਿੱਖਾਂ ਨੇ ਕਿਹਾ ਕਿ ਗੁਰੂ ਦੀ ਲੀਲ੍ਹਾ ਬੜੀ ਪ੍ਰਬਲ ਹੁੰਦੀ ਹੈ। ਉਹ ਸਿਦਕੀ ਸਿੱਖ ਨੂੰ ਡੁਲਾ ਸਕਦੇ ਹਨ। ਸਿਦਕ ਰੱਖਣਾ ਬਹੁਤ ਮੁਸ਼ਕਲ ਹੈ। ਗੁਰੂ ਦਾ ਓਟ ਆਸਰਾ ਹੋਣਾ ਬਹੁਤ ਜ਼ਰੂਰੀ ਹੈ। ਇਹ ਸਭ ਕੁੱਝ ਸੁਣ ਕੇ ਗੁਰੂ ਜੀ ਨੇ ਸੋਚਿਆ ਕਿ ਜੋ ਭਾਈ ਗੁਰਦਾਸ ਜੀ ਨੂੰ ਬੀਜ-ਮਾਤਰ ਭਾਵ ਕਿ ਥੋੜ੍ਹਾ ਜਿਹਾ ਵੀ ਅਹੰਕਾਰ ਹੋ ਗਿਆ ਹੈ, ਇਸ ਨੂੰ ਦੂਰ ਕਰਨਾ ਚਾਹੀਦਾ ਹੈ। ਗੁਰੂ ਜੀ ਨੇ ਭਾਈ ਗੁਰਦਾਸ ਨੂੰ ਘੋੜੇ ਖ਼ਰੀਦਣ ਲਈ ਧਨ ਦੇ ਕੇ ਕਾਬਲ ਭੇਜਿਆ। ਉੱਥੇ ਜਾ ਕੇ ਭਾਈ ਗੁਰਦਾਸ ਜੀ ਨੇ ਚੰਗੇ ਘੋੜੇ ਖ਼ਰੀਦੇ ਤੇ ਸੌਦਾਗਰ ਨੂੰ ਧਨ ਦੇਣ ਲਈ ਜਦੋਂ ਤੰਬੂ `ਚ ਗਏ ਤਾਂ ਉਨ੍ਹਾਂ ਨੂੰ ਉਹ ਰੁਪਏ ਠੀਕਰੀਆਂ ਲੱਗੀਆਂ। ਠੀਕਰੀਆਂਵੇਖ ਕੇ ਭਾਈ ਸਾਹਿਬ ਘਬਰਾ ਗਏ ਤੇ ਤੰਬੂ ਪਾੜ ਕੇ ਪਿਛਲੇ ਪਾਸੇ

ਦੀ ਭੱਜ ਗਏ। ਤੰਬੂ ਦੇ ਬਾਹਰ ਸੌਦਾਗਰ ਬੈਠਾ ਉਡੀਕਦਾ ਰਿਹਾ। ਜਦ ਕਾਫ਼ੀ ਦੇਰ ਤੱਕ ਅੰਦਰੋਂ ਧਨ ਦੇਣ ਕੋਈ ਨਾ ਆਇਆ ਤਾਂ ਸੌਦਾਗਰ ਤੰਬੂ ਦੇ ਅੰਦਰ ਚਲਾ ਗਿਆ ਤੇ ਦੇਖਦਾ ਹੈ ਕਿ ਅੰਦਰ ਧਨ ਖੁੱਲ੍ਹਾ ਪਿਆ ਹੈ। ਸੌਦਾਗਰ ਨੇ ਹੋਰ ਸਿੱਖਾਂ ਨੂੰ ਬੁਲਾਇਆ ਤੇ ਆਪਣੇ ਘੋੜਿਆਂ ਦੇ ਮੁੱਲ ਦਾ ਧਨ ਲੈਕੇ ਚਲਾ ਗਿਆ। ਉੱਧਰ ਭਾਈ ਗੁਰਦਾਸ ਜੀ ਸੰਤ ਦਾ ਭੇਸ ਧਾਰ ਕੇ ਕਾਸ਼ੀ ਵੱਲ ਚਲੇ ਗਏ। ਕਾਸ਼ੀ ਦੀ ਸੰਗਤ ਭਾਈ ਸਾਹਿਬ ਨੂੰ ਪਹਿਲਾਂ ਤੋਂ ਹੀ ਜਾਣਦੀ ਸੀ। ਸੰਗਤ ਨੇ ਆਉ-ਭਗਤ ਕੀਤੀ। ਕਾਸ਼ੀ ਵਿੱਚ ਰਹਿ ਕੇ ਭਾਈ ਸਾਹਿਬ ਨੇ ਸਿੱਖੀ ਦਾ ਪ੍ਰਚਾਰ ਪਹਿਲਾਂ ਵਾਂਗ ਹੀ ਕਰਨਾ ਸ਼ੁਰੂ ਕਰ ਦਿੱਤਾ। ਪੰਡਿਤਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਤੋਂ ਜਾਣੂੰ ਕਰਵਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ ਬਾਰੇ ਦੱਸਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਬਹੁਤ ਹੀ ਮਹਾਨ ਤੇ ਪ੍ਰਤੱਖ ਗਿਆਨ ਦਾ ਸਰੂਪ ਹੈ:-

ਸ੍ਰੀ ਗੁਰ ਗ੍ਰਿੰਥ ਮਹਾਨ ਪ੍ਰਗਟ ਬੋਧ ਬਪੁ ਮਾਨੀਏ।
ਸ੍ਰੀ ਗੁਰ ਕਹਯੋ ਬਖਾਨ੍ਮਮ ਸਰੂਪ ਭਵ ਸੇਤ ਇਹ॥

ਕਾਸ਼ੀ ਵਿੱਚ ਸਿੱਖੀ ਪ੍ਰਚਾਰ ਕਰਦਿਆਂ ਇੱਕ ਵਾਰ ਭਾਈ ਸਾਹਿਬ ਦੇ ਮਨ ਵਿੱਚ ਗੁਰੂ ਦਰਸ਼ਨ ਦੀ ਤਾਂਘ ਪੈਦਾ ਹੋਈ। ਉਨ੍ਹਾਂ ਦਾ ਹਿਰਦਾ ਇਵੇਂ ਤੜ੍ਹਪ ਰਿਹਾ ਸੀ ਜਿਵੇਂ ਪਾਣੀ ਤੋਂ ਬਿਨਾਂ ਮੱਛੀ ਤੜ੍ਹਪਦੀ ਹੈ। ਚਾਹੇ ਉਨ੍ਹਾਂ ਕੋਲ ਸੁੱਖ ਦੇਣ ਵਾਲੀਆਂ ਬਹੁਤ ਕੀਮਤੀ ਵਸਤੂਆਂ ਆਉਂਦੀਆਂ ਸਨ, ਪਰ ਗੁਰੂ ਜੀ ਦੇ ਵਿਛੋੜੇ ਦਾ ਕਾਰਨ ਕੁੱਝ ਵੀ ਚੰਗਾ ਨਹੀਂ ਸੀ। ਗੁਰੂ ਜੀ ਜਾਣ ਗਏ ਕਿ ਹੁਣ ਭਾਈ ਗੁਰਦਾਸ ਜੀ ਦਾ ਅਹੰਕਾਰ ਦੂਰ ਹੋ ਗਿਆ ਹੈ ਇਸ ਲਈ ਗੁਰੂ ਜੀ ਨੇ ਕਾਸ਼ੀ ਦੀ ਸੰਗਤ ਨੂੰ ਸੁਨੇਹਾ ਭੇਜ ਕੇ ਭਾਈ ਗੁਰਦਾਸ ਜੀ ਨੂੰ ਆਪਣੇ ਕੋਲ ਬੁਲਾ ਲਿਆ। ਗੁਰੂ ਜੀ ਦੇ ਸਨਮੁੱਖ ਭਾਈ ਸਾਹਿਬ ਨੇ ਬੇਨਤੀ ਕੀਤੀ ਕਿ ਤੁਸੀਂ ਮਾਲਕ ਹੋ, ਦਾਤਾ ਹੋ। ਮੈਂ ਅਗਿਆਨੀ ਹਾਂ। ਕ੍ਰਿਪਾ ਕਰਕੇ ਮਾਫ਼ ਕਰੋ। ਗੁਰੂ ਜੀ ਮੁਸਕਰਾਏ ਤੇ ਪਿਆਰ ਨਾਲ ਮਾਫ਼ੀ ਪ੍ਰਦਾਨ ਕੀਤੀ। ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ ਕਿ :-

"ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ"॥

ਇਥੇ ਕੁੱਝ ਸਮਾਂ ਗੁਰੂ ਜੀ ਕੋਲ ਰਹਿਣ ਉਪਰੰਤਆਪ ਜੀ ਗੋਇੰਦਵਾਲ ਸਾਹਿਬ ਚਲੇ ਗਏ। ਇੱਕ ਦਿਨ ਗੁਰੂ ਜੀ ਨੂੰ ਜਾਣਕਾਰੀ ਮਿਲੀ ਕਿ ਆਪ ਜੀ ਦਾ ਅੰਤਲਾ ਸਮਾਂ ਨੇੜੇ ਆ ਗਿਆ ਹੈ। ਉਨ੍ਹਾਂ ਘੋੜਾ ਮੰਗਵਾਇਆ ਤੇ ਗੋਇੰਦਵਾਲ ਸਾਹਿਬ ਜਾਣ ਦੀ ਤਿਆਰੀ ਕਰ ਲਈ। ਗੋਇੰਦਵਾਲ ਸਾਹਿਬ ਜਾ ਕੇ ਜਾ ਕੇ ਭੋਜਨ ਕੀਤਾ ਤੇ ਰਾਤ ਸਮੇਂ ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਭਾਈ ਸਾਹਿਬ ਦੀ ਹਾਲਤ ਠੀਕ ਨਹੀਂ ਤਾਂ ਉਹ ਕੁੱਝ ਸਿੱਖਾਂ ਸਮੇਤ ਭਾਈ ਗੁਰਦਾਸ ਜੀ ਕੋਲ ਚਲੇ ਗਏ। ਭਾਈ ਸਾਹਿਬ ਨੇ ਗੁਰੂ ਜੀ ਨੂੰ ਆਖਿਆ ਕਿ ਮੇਰਾ ਅੰਤਲਾ ਸਮਾਂ ਆ ਗਿਆ ਹੈ। ਇਸ ਬਾਰੇ ਭਾਈ ਸੰਤੋਖ ਸਿੰਘ ਇਸ ਤਰ੍ਹਾਂ ਲਿਖਦੇ ਹਨ :-

ਬਿਨਤੀ ਪੁਨ ਗੁਰਦਾਸ ਸੁਨਾਈ। ਪ੍ਰਾਨ ਅੰਤ ਮਹਿ ਬਿਲਮ ਨ ਕਾਈ।
ਡਾਰਹੁ ਭਸਮ ਬਿਪਾਸਾ ਮਾਂਹੀ। ਮੇਰੀ ਮੜ੍ਹੀ ਕੀਜੀਏ ਨਾਂਹੀ।
ਸੁਨਿ ਗੁਰ ਕਹਯੋ। ਕਰੈਂ ਤਵ ਕਹਯੋ। ਮਨ ਅਡੋਲ ਭਾਈ ਹੁਇ ਰਹਯੋ।
ਜਪੁਜੀ ਪਾਠ ਸੁਖਮਨੀ ਕੀਨਿ। ਨਮੋ ਠਾਨਿ ਗੁਰ ਧਯਾਨ ਸੁ ਲੀਨਿ॥
ਸ੍ਰੀ ਹਰਿਗੋਬਿੰਦ ਚੰਦ ਅਲਾਯੋ। ਧੰਨ ਜਨਮ ਤੁਮਰੋ ਜਗ ਆਯੋ।

ਉਪਰੰਤ ਭਾਈ ਸਾਹਿਬ ਜੀ ਗੁਰਪੁਰੀ ਸਿਧਾਰ ਗਏ। ਪਰਲੋਕ ਸਿਧਾਰਨ ਪਿੱਛੋਂ ਗੁਰੂ ਦੇ ਸਿੱਖਾਂ ਭਾਈ ਭਾਨਾ ਜੀ, ਭਾਈ ਸੂਰਜ ਮੱਲ ਆਦਿ ਸਭ ਨੇ ਦੁਸ਼ਾਲੇ ਪਾਏ ਤੇ ਮਿਰਤਕ ਸਰੀਰ ਨੂੰ ਮੋਢਾ ਦਿੱਤਾ। ਸ਼ਬਦ ਗਾਇਨ ਕਰਦੇ ਹੋਏ ਬਿਆਸ ਦਰਿਆ ਦੇ ਕਿਨਾਰੇ `ਤੇ ਮਿਰਤਕ ਸਰੀਰ ਦਾ ਸਸਕਾਰ ਗੁਰੂ ਜੀ ਨੇ ਆਪਣੇ ਹੱਥੀਂ ਕੀਤਾ ਤੇ ਗੁਰ ਮਰਯਾਦਾ ਅਨੁਸਾਰ ਹੀ ਸਾਰਾ ਕਾਰਜ ਸੰਪੂਰਨ ਕੀਤਾ।

**1.7 ਸਾਰ**

ਸਾਰ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਜੀ ਸਿੱਖ ਚਿੰਤਕ ਲੜੀ ਦੇ ਪਹਿਲੇ ਵਿਦਵਾਨ ਸਨ ਜਿਨ੍ਹਾਂ ਨੇ ਭਾਰਤੀ ਦਰਸ਼ਨ ਤੇ ਸਿੱਖ ਦਰਸ਼ਨ ਦਾ ਤੁਲਨਾਤਮਕ ਅਧਿਐਨ ਕਰਕੇ ਸਿੱਖ ਦਰਸ਼ਨ ਦੀ ਵਿਲੱਖਣਤਾ ਨੂੰ ਪ੍ਰਗਟ ਕੀਤਾ। ਅਸੀਂ ਇਹ ਦ੍ਰਿੜਤਾ ਨਾਲ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਅਦ ਸਿੱਖ ਸਿਧਾਂਤਾਂ, ਸਿੱਖ ਰਹੱਸਵਾਦ, ਸਿੱਖ ਆਚਾਰ-ਵਿਹਾਰ ਤੇ ਸਿੱਖ ਇਤਿਹਾਸ ਨੂੰ ਸਮਝਣ ਲਈ ਭਾਈ ਗੁਰਦਾਸ ਜੀ ਦੀ ਰਚਨਾ ਪ੍ਰਮੁੱਖ ਤੇ ਪਹਿਲੇ ਸਰੋਤ ਵਜੋਂ ਸਾਡੇ ਸਾਹਮਣੇ ਪੇਸ਼ ਆਉਂਦੀ ਹੈ।

**1.8 ਪੜ੍ਹਣਯੋਗ ਪੁਸਤਕਾਂ**

1. ਡਾ. ਦਰਸ਼ਨ ਸਿੰਘ, ਭਾਈ ਗੁਰਦਾਸ ਜੀ ਸਿੱਖੀ ਦੇ ਪਹਿਲੇ ਵਿਆਖਿਆਕਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ।

2. ਵਾਰਾਂ ਗਿਆਨ ਰਤਨਾਵਲੀ ਭਾਈ ਗੁਰਦਾਸ ਜੀ, ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

3. ਡਾ. ਰਤਨ ਸਿੰਘ ਜੱਗੀ, ਭਾਈ ਗੁਰਦਾਸ ਜੀਵਨੀ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ।

4. ਭਾਈ ਵੀਰ ਸਿੰਘ, ਕਬਿੱਤ ਭਾਈ ਗੁਰਦਾਸ ਸਟੀਕ, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ।

5. ਬ੍ਰਹਮਜਗਦੀਸ਼ ਸਿੰਘ, ਭਾਈ ਗੁਰਦਾਸ ਰਚਨਾ ਸੰਸਾਰ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ।

6. ਡਾ. ਗੁਰਮੇਲ ਸਿੰਘ (ਸੰਪਾ.), ਭਾਈ ਗੁਰਦਾਸ ਰਚਿਤ ਵਾਰਾਂ ਤੇ ਕਬਿੱਤ ਸਵੱਯੇ ਵਿਚਾਰ ਕੋਸ਼ , ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ।

7. ਡਾ. ਸਰਬਜਿੰਦਰ ਸਿੰਘ, ਨਾਨਕ ਪ੍ਰਕਾਸ਼ ਪੱਤ੍ਰਿਕਾ, ਭਾਈ ਗੁਰਦਾਸ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ।

8. Dr. Gurnek Singh (edt.), Bhai Gurdas, the great sikh theologion his life and work, Publication Beurue, Punjabi University, Patiala.

## ONE YEAR DIPLOMA IN SIKH THEOLOGY

### SEMESTER-I

### COURSE: SIKH THEOLOGIAN

### UNIT – 2 BHAI NAND LAL JI

**STRUCTURE**

2.0 ਉਦੇਸ਼

2.1 ਜਾਣ ਪਛਾਣ

2.2 ਜਨਮ ਅਤੇ ਮਾਤਾ ਪਿਤਾ

2.3 ਵਿਦਿਆ ਪ੍ਰਾਪਤੀ

2.3 ਬੈਰਾਗੀ ਦੇ ਹੱਥੋਂ ਦੀਖਿਆ ਲੈਣ ਤੋਂ ਇਨਕਾਰ

2.4 ਮਾਤਾ-ਪਿਤਾ ਦਾ ਅਕਾਲ ਚਲਾਣਾ

2.5 ਨੌਕਰੀ

2.6 ਵਿਆਹ ਅਤੇ ਸਿੱਖੀ ਦੀ ਚੇਟਕ

2.7 ਗੁਰੂ ਦੇ ਦਰਸ਼ਨਾਂ ਦੀ ਤਾਂਘ

2.8 ਆਗਰੇ ਜਾਣਾ

2.9 ਆਨੰਦਪੁਰ ਵਾਪਸੀ

2.10 ਅਕਾਲ-ਚਲਾਣਾ

2.11 ਭਾਈ ਨੰਦ ਲਾਲ ਦੀਆਂ ਰਚਨਾਵਾਂ

- 2.11.1 ਦੀਵਾਨੇ ਗੋਯਾ
- 2.11.2 ਰੁਬਾਈਆਂ ਤੇ ਗੋਯਾ
- 2.11.3 ਜ਼ਿੰਦਗੀਨਾਮਾ
- 2.11.4 ਜੋਤ ਬਿਗਾਸ
- 2.11.5 ਗੰਜਨਾਮਾ
- 2.11.6 ਰਜ਼ੁਲ ਅਲਫ਼ਾਜ਼
- 2.11.7 ਖਾਤਮਾ
- 2.11.8 ਤੌਸ਼ੀਫ਼-ਓ-ਸਨਾ
- 2.11.9 ਦਸਤੂਰ-ਉਲ ਇਨਸ਼ਾ

2.12 ਸ਼ਖ਼ਸੀਅਤ

2.13 ਸਾਰ

2.14 ਪੜ੍ਹਣਯੋਗ ਪੁਸਤਕਾਂ

## 2.0 ਉਦੇਸ਼

ਇਸ ਪੇਪਰ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਨੰਦ ਲਾਲ ਜੀ ਦੇ ਜੀਵਨ ਅਤੇ ਰਚਨਾਵਾਂ ਤੋਂ ਜਾਣੂ ਕਰਵਾਉਣਾ ਹੈ।, ਜੋ ਕਿ ਇਸ ਪਾਠਕ੍ਰਮ ਦਾ ਹਿੱਸਾ ਹੈ।

## 2.1 ਜਾਣ-ਪਛਾਣ

ਨਿਰਸੰਦੇਹ ਅਤੇ ਬਿਨਾਂ ਕਿਸੇ ਵਾਦ - ਵਿਵਾਦ ਤੋਂ ਭਾਈ ਨੰਦ ਲਾਲ ਜੀ ਸਿੱਖ ਕੌਮ ਦੇ ਇਕ ਮਹਾਨ ਅਤੇ ਉੱਘੇ ਵਿਦਵਾਨ .ਹੋਏ ਹਨ , ਪਰ ਨਾਲ ਹੀ ਉਹ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚੋਂ ਇਕ ਮੰਨੇ - ਪ੍ਰਮੰਨੇ ਕਵੀ ਵੀ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਆਨੰਦਪੁਰ ਸਾਹਿਬ ਵਿਖੇ ਕਵੀਆਂ ਅਤੇ ਵਿਦਵਾਨਾਂ ਦਾ ਇਕ ਬਹੁਤ .ਵੱਡਾ ਇਕੱਠ ਗੁਰੂ ਸਾਹਿਬ ਦੇ ਦਰਬਾਰ ਵਿਚ ਰਹਿਣ ਲੱਗ ਪਿਆ ਸੀ। ਲਗਭਗ ਉਹ ਸਾਰੇ ਵਿਦਵਾਨ ਤੇ ਕਵੀ ਗੁਰੂ .ਸਾਹਿਬ ਦੀ ਸ਼ਖਸੀਅਤ , ਉਨ੍ਹਾਂ ਦੀਆਂ ਸਾਹਿਤਕ ਯੋਗਤਾਵਾਂ , ਰਚਨਾਵਾਂ ਅਤੇ ਉਨ੍ਹਾਂ ਦੇ ਦਿਲ ਦਰਿਆ ਤੋਂ ਲਾਭ ਪ੍ਰਾਪਤ .ਕਰ ਰਹੇ ਸਨ। ਜਿਸ ਤਰ੍ਹਾਂ ਭਾਈ ਨੰਦ ਲਾਲ ਗੁਰਮਤਿ ਸਿਧਾਂਤਾਂ ਅਤੇ ਖਾਲਸਾ ਪੰਥ ਦੇ ਅੰਦਰੂਨੀ ਭਾਵਾਂ ਨੂੰ ਗੁਰੂ ਜੀ ਦੀ .ਕਿਰਪਾ ਵਜੋਂ ਸਮਝ ਸਕੇ , ਉਹ ਯੋਗਤਾ ਉਸ ਸਮੇਂ ਦੇ ਹੋਰ ਕਿਸੇ ਵਿਦਵਾਨ ਵਿਚ ਸਾਨੂੰ ਵੇਖਣ ਨੂੰ ਪ੍ਰਾਪਤ ਨਹੀਂ ਹੁੰਦੀ। ਇਸ ਦੇ ਸਿੱਟੇ ਵਜੋਂ ਭਾਈ ਨੰਦ ਲਾਲ ਜੀ ਦੇ ਦਿਲ ਵਿਚ ਵਿਸ਼ੇਸ਼ ਤੌਰ ਤੇ ਗੁਰੂ ਗੋਬਿੰਦ ਸਿੰਘ , ਉਨ੍ਹਾਂ ਦੇ ਪਰਿਵਾਰ ਅਤੇ .ਖਾਸ ਤੌਰ ਤੇ ਸ਼ਿੱਖ ਧਰਮ ਲਈ ਬਹੁਤ ਜ਼ਿਆਦਾ ਪ੍ਰੇਮ ਤੇ ਸ਼ਰਧਾ ਪੈਦਾ ਹੋ ਚੁੱਕੀ ਸੀ। ਉਹ ਗੁਰੂ ਘਰ ਦੇ ਪ੍ਰਤੀ ਸੱਚੀ ਆਸਥਾ ਤਾਂ ਰੱਖਦੇ ਹੀ ਸਨ , ਨਾਲ ਹੀ ਉਨ੍ਹਾਂ ਦੇ ਮਨ ਵਿਚ ਸੇਵਾ ਭਾਵ ਇਕ ਅਜਿਹਾ ਗੁਣ ਤੇ ਵਿਸ਼ੇਸ਼ਤਾ ਸੀ ਜਿਸ ਕਰਕੇ ਉਨ੍ਹਾਂ ਦੀਆਂ ਰਚਨਾਵਾਂ ਵਿਚ ਸਿੱਖ ਧਰਮ ਅਤੇ ਸਿੱਖੀ ਲਈ ਖਾਸ ਸਨਮਾਨ ਤੇ ਸ਼ਰਧਾ ਨੇ ਥਾਂ ਲੈ ਲਈ ਸੀ। ਇਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਉਸ ਸਮੇਂ ਦੌਰਾਨ ਭਾਈ ਨੰਦ ਲਾਲ ਗੋਯਾ ਇਕ ਮਹਾਨ ਵਿਦਵਾਨ ਅਤੇ ਪ੍ਰਸਿੱਧ ਕਵੀ ਤੇ ਲੇਖਕ ਰਹੇ ਸਨ। ਇਹ ਨਿਸ਼ਚਿਤ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਆਪ ਗੁਰੂ ਗੋਬਿੰਦ ਸਿੰਘ ਜੀ ਦੇ 52 ਦਰਬਾਰੀ ਕਵੀਆਂ ਵਿਚੋਂ ਇਕ ਕਵੀ ਸਨ। ਜ਼ਿਆਦਾਤਰ ਵਿਦਵਾਨ ਲੋਕ ਇਸ ਗੱਲ ਨਾਲ ਸਹਿਮਤ ਹਨ ਕਿ ਗੁਰੂ ਸਾਹਿਬ ਦੇ ਦਰਬਾਰ ਵਿਚ ਉਨ੍ਹਾਂ ਦੀ ਉਨ੍ਹਾਂ ਕਵੀਆਂ ਵਿਚ ਆਪਣੀ ਹੀ ਕਿਸਮ ਦੀ ਥਾਂ ਅਤੇ ਪਹਿਚਾਣ ਸੀ। ਭਾਈ ਨੰਦ ਲਾਲ ਜੀ ਫਾਰਸੀ ਤੇ ਅਰਬੀ ਭਾਸ਼ਾਵਾਂ ਦੇ ਬਹੁਤ ਹੀ ਉੱਘੇ ਵਿਦਵਾਨ ਵਜੋਂ ਜਾਣੇ ਜਾਂਦੇ ਸਨ। ਨਾਲ ਹੀ ਉਨ੍ਹਾਂ ਦੀ ਸੰਸਕ੍ਰਿਤ , ਹਿੰਦੀ ਅਤੇ ਉਸ ਸਮੇਂ ਦੀਆਂ ਕਈ ਹੋਰ ਪ੍ਰਚਲਿਤ ਭਾਸ਼ਾਵਾਂ ਤੇ ਵੀ ਚੰਗੀ ਪਕੜ ਸੀ। ਉਨ੍ਹਾਂ ਵਿਦਿਅਕ ਯੋਗਤਾ ਦੇ ਕਾਰਨ ਹੀ ਉਨ੍ਹਾਂ ਨੂੰ ਦਰਬਾਰ ਵਿਚ ਕਾਫ਼ੀ ਜ਼ਿਆਦਾ ਸਨਮਾਨ ਪ੍ਰਾਪਤ ਸੀ। ਇਹ ਵੀ ਸੱਚ ਹੈ ਕਿ ਉਨ੍ਹਾਂ ਦਾ ਨਾਂ , ਉਨ੍ਹਾਂ ਦੀ ਯੋਗਤਾ ਕਰਕੇ ਉਸ ਸਮੇਂ ਦੇ ਵਿਦਵਾਨਾਂ ਵਿਚ ਖਾਸ ਥਾਂ ਰੱਖਦਾ ਸੀ। ਉਨ੍ਹਾਂ ਦੀਆਂ ਰਚਨਾਵਾਂ ਸਿੱਖੀ ਸਿਧਾਂਤਾਂ ਨਾਲ ਭਰਪੂਰ ਸਨ , ਦੂਜੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਿੱਖੀ ਸਿਧਾਂਤ ਉਨ੍ਹਾਂ ਦੀਆਂ ਰਚਨਾਵਾਂ ਦਾ ਮੂਲ ਆਧਾਰ ਬਣ ਚੁੱਕੇ ਸਨ। ਸਿੱਖੀ ਜੀਵਨ - ਜਾਂਚ ਦਾ ਸ਼ਾਇਦ

ਹੀ ਅਜਿਹਾ ਕੋਈ ਪਹਿਲੂ ਹੋਵੇ ਜਿਸ ਦਾ ਜ਼ਿਕਰ ਭਾਈ ਨੰਦ ਲਾਲ ਜੀ ਨੇ ਆਪਣੀਆਂ ਰਚਨਾਵਾਂ ਵਿਚ ਨਾ ਕੀਤਾ ਹੋਵੇ। ਇਹੋ ਕਾਰਨ ਸੀ ਕਿ ਉਨ੍ਹਾਂ ਦੀਆਂ ਰਚਨਾਵਾਂ ਜਲਦ ਹੀ ਹਰਮਨ ਪਿਆਰੀਆਂ ਬਣ ਗਈਆਂ। ਸਿੱਖ ਸਮਾਜ ਦੇ ਲੋਕਾਂ ਨੇ ਉਨ੍ਹਾਂ ਰਚਨਾਵਾਂ ਦਾ ਸਤਿਕਾਰ ਕੀਤਾ ਅਤੇ ਉਨ੍ਹਾਂ ਦੀਆਂ ਰਚਨਾਵਾਂ ਵਿਚ ਦੱਸੇ ਉਪਦੇਸ਼ਾਂ ਨੂੰ ਅਪਣਾਇਆ। ਇੱਥੇ ਇਹ ਲਿਖਣਾ ਜ਼ਰੂਰੀ ਬਣ ਜਾਂਦਾ ਹੈ ਕਿ ਭਾਈ ਨੰਦ ਲਾਲ ਗੋਯਾ ਦੀਆਂ ਰਚਨਾਵਾਂ ਸਿੱਖ ਧਰਮ ਅਤੇ ਸਿੱਖ ਗੁਰੂਆਂ ਦੇ ਜੀਵਨ ਅਤੇ ਉਨ੍ਹਾਂ ਦੇ ਕੰਮਾਂ ਤੇ ਰੌਸ਼ਨੀ ਪਾਉਣ ਦੇ ਨਾਲ - ਨਾਲ ਉਸ ਸਮੇਂ ਦੇ ਲੋਕਾਂ ਦੇ ਜੀਵਨ , ਉਨ੍ਹਾਂ ਦੇ ਸਮਾਜਿਕ ਤੇ ਆਰਥਿਕ ਪੱਧਰ ਤੇ ਵੀ ਚਾਨਣਾ ਪਾਇਆ । ਜਿਵੇਂ ਕਿ ਅਸੀਂ ਜਾਣਦੇ ਹੀ ਹਾਂ ਕਿ ਕਿਸੇ ਵੀ ਮੁਲਕ ਦੇ ਰਾਜਨੀਤਿਕ ਜੀਵਨ ਨੂੰ ਉਸਦੇ ਸਮਾਜਿਕ - ਧਾਰਮਿਕ ਜੀਵਨ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ, ਇਸ ਲਈ ਗੋਯਾ ਨੇ ਉਸ ਸਮੇਂ ਦੇ ਰਾਜਨੀਤਿਕ ਵਾਤਾਵਰਣ ਅਤੇ ਮੁਗਲਾਂ ਰਾਹੀਂ ਹੋ ਰਹੀਆਂ ਜ਼ਿਆਦਤੀਆਂ ਵਧੀਕੀਆਂ ਦਾ ਵਰਣਨ ਵੀ ਚੰਗੇ ਪੱਧਰ ਅਤੇ ਆਲੋਚਨਾਤਮਕ ਰੂਪ ਵਿਚ ਆਪਣੀ ਲਿਖਤਾਂ ਵਿਚ ਕੀਤਾ ਹੈ।

### 2.2 ਜਨਮ ਅਤੇ ਮਾਤਾ-ਪਿਤਾ

ਡਾ. ਗੰਡਾ ਸਿੰਘ ਆਪ ਜੀ ਦੇ ਜਨਮ ਤੇ ਮਾਤਾ-ਪਿਤਾ ਬਾਰੇ ਲਿਖਦੇ ਹਨ ਕਿ ਆਪ ਜੀ ਦੇ ਪਿਤਾ ਮੁਨਸ਼ੀ ਛੱਜੂ ਮੱਲ ਫ਼ਾਰਸੀ ਅਤੇ ਅਰਬੀ ਦੇ ਵਿਦਵਾਨ ਸਨ। ਸੰਨ 1630 ਈ: ਦੇ ਵਿੱਚ ਉਹ ਹਿੰਦੁਸਤਾਨ ਤੋਂ ਗ਼ਜ਼ਨੀ ਵੱਲ ਗਏ ਅਤੇ ਆਪਣੀ ਯੋਗਤਾ ਦੇ ਨਾਲ ਉੱਥੋਂ ਦੇ ਹਾਕਮ ਦੇ ਮੀਰ ਮੁਨਸ਼ੀ ਲੱਗ ਗਏ ਤੇ ਇੱਥੇ ਹੀ ਭਾਈ ਨੰਦ ਲਾਲ ਜੀ ਦਾ ਜਨਮ ਸੰਨ 1633 ਈ: ਵਿੱਚ ਹੋਇਆ। ਗ਼ਜ਼ਨੀ ਦਾ ਭਾਰਤ ਦੇ ਨਾਲ ਕਾਫ਼ੀ ਪੁਰਾਣਾ ਸੰਬੰਧ ਹੈ। ਇੱਥੋਂ ਦਾ ਸ਼ਾਸਕ ਮਹਿਮੂਦ ਗਜ਼ਨਵੀ ਭਾਰਤ ਵਿੱਚ 17 ਵਾਰ ਆਇਆ। ਭਾਰਤੀ ਸਮਾਜ ਇੰਨੀ ਕਾਇਰਤਾ ਨਾਲ ਭਰਿਆ ਹੋਇਆ ਸੀ ਕਿ 17 ਵਾਰ ਹੀ ਉਸਨੇ ਭਾਰਤ ਵਿੱਚ ਲੁੱਟ ਮਾਰ ਕੀਤੀ।

ਉਹ ਸਮਾਂ ਅਜਿਹਾ ਸੀ ਜਦੋਂ ਕਿ ਅਫ਼ਗਾਨ ਰਾਜ ਕਰਿਆ ਕਰਦੇ ਸਨ ਤੇ ਉਨ੍ਹਾਂ ਦੇ ਰਾਜ ਵਿੱਚ ਵਿਦਵਤਾ ਅਤੇ ਨਿੱਜੀ ਯੋਗਤਾ ਹੀ ਅਜਿਹੇ ਵਸੀਲੇ ਸਨ ਜਿਨ੍ਹਾਂ ਕਾਰਨ ਕੋਈ ਗ਼ੈਰ-ਮੁਸਲਮਾਨ ਜਾਂ ਹਿੰਦੂ, ਬਾਦਸ਼ਾਹ ਦੇ ਨਿੱਜੀ ਅਮਲੇ ਵਿੱਚ ਕੋਈ ਅਹਿਲਕਾਰ ਬਣ ਸਕਦਾ ਸੀ। ਸ਼ਾਹਜਹਾਂ ਦੇ ਵੇਲੇ ਛੱਜੂ ਮੱਲ ਸ਼ਾਹੀ ਮੁਨਸ਼ੀਖ਼ਾਨੇ ਵਿੱਚ ਨੌਕਰ ਹੋ ਗਏ। ਛੱਜੂ ਮੱਲ ਜੀ ਦਾ ਇਸੇ ਸਮੇਂ ਦੌਰਾਨ ਸ਼ਹਿਜ਼ਾਦਾ ਦਾਰਾ ਸ਼ਿਕੋਹ ਨਾਲ ਮੇਲ ਹੋਇਆ। ਦਾਰਾ ਸ਼ਿਕੋਹ ਸੰਸਕ੍ਰਿਤ ਵਿੱਦਿਆ ਦਾ ਜਾਣੂੰ ਸੀ ਤੇ ਵਿਦਵਾਨਾਂ ਦੀ ਕਦਰ ਕਰਦਾ ਸੀ। ਛੱਜੂ ਮੱਲ ਜੀ ਦੀ ਵਿਦਵਤਾ ਤੋਂ ਸ਼ਹਿਜ਼ਾਦਾ ਦਾਰਾ ਸ਼ਿਕੋਹ ਕਾਫ਼ੀ ਪ੍ਰਭਾਵਿਤ ਹੋਇਆ। ਦਾਰਾ ਸ਼ਿਕੋਹ ਨੇ ਛੱਜੂ ਮੱਲ ਨੂੰ ਦੀਵਾਨ ਦੀ ਪਦਵੀ ਉੱਪਰ ਨਿਯੁਕਤ ਕਰ ਦਿੱਤਾ ਅਤੇ ਬਹੁਤ ਸਾਰੇ ਮਾਲੀ, ਪ੍ਰਬੰਧਕੀ ਅਤੇ ਫੌਜੀ ਮਾਮਲੇ ਵੀ ਉਨ੍ਹਾਂ ਦੇ ਅਧੀਨ ਹੋ ਗਏ।

ਛੱਜੂ ਮੱਲ ਜੀ ਦੇ ਘਰ ਜੋ ਵੀ ਕੋਈ ਔਲਾਦ ਪੈਦਾ ਹੁੰਦੀ ਸੀ ਉਹ ਛੋਟੀ ਉਮਰੇ ਹੀ ਮਰ ਜਾਂਦੀ ਸੀ। ਉਨ੍ਹਾਂ ਦੀ ਪੰਜਾਹ ਸਾਲ ਦੀ ਉਮਰ ਤੱਕ ਕੋਈ ਵੀ ਔਲਾਦ ਜਿਉ ਨਾ ਸਕੀ। ਇਸੇ ਕਾਰਨ ਹੀ ਜਦੋਂ ਪਿਛਲੇਰੀ ਉਮਰ ਦੇ ਵਿੱਚ ਉਨ੍ਹਾਂ ਦੇ ਘਰ ਨੰਦ ਲਾਲ ਦਾ ਜਨਮ ਹੋਇਆ ਤਾਂ ਪਰਿਵਾਰ ਨੇ ਜ਼ਿਆਦਾ ਕੋਈ ਖੁਸ਼ੀ ਆਦਿ ਨਾ ਮਨਾਈ। ਭਾਈ ਨੰਦ ਲਾਲ ਜੀ ਜਦੋਂ ਉਹ ਉਮਰ ਟੱਪ ਗਏ ਜਿਸ ਉਮਰ ਵਿੱਚ ਪਹਿਲਾਂ ਬੱਚੇ ਮਰ ਜਾਂਦੇ ਸਨ ਤਾਂ ਦੀਵਾਨ ਛੱਜੂ ਜੀ ਨੇ ਉਨ੍ਹਾਂ ਦੀ ਪੜ੍ਹਾਈ ਦਾ ਯੋਗ ਪ੍ਰਬੰਧ ਕਰਨਾ ਆਰੰਭ ਕੀਤਾ।

### 2.3 ਵਿੱਦਿਆ ਪ੍ਰਾਪਤੀ

ਜਦੋਂ ਨੰਦ ਲਾਲ 6 ਵਰ੍ਹੇ ਦੇ ਹੋਏ ਤਾਂ ਮੁਨਸ਼ੀ ਛੱਜੂ ਰਾਮ ਨੇ ਉਨ੍ਹਾਂ ਨੂੰ ਅਰਬੀ , ਫਾਰਸੀ ਪੜ੍ਹਾਉਣ ਲਈ ਇਕ ਅਧਿਆਪਕ ਦਾ ਪ੍ਰਬੰਧ ਕੀਤਾ। ਆਪ ਦੇ ਪਿਤਾ ਵੀ ਆਪਣੇ ਪੁੱਤਰ ਨੂੰ ਵਿੱਦਿਆ ਦੇਣ ਦੇ ਲਈ ਕਾਫ਼ੀ ਸਮਾਂ ਲਗਾਉਂਦੇ। ਭਾਈ ਨੰਦ ਲਾਲ ਮਿਹਨਤੀ ਸਨ। ਛੇਤੀ ਹੀ ਅਰਬੀ ਅਤੇ ਫਾਰਸੀ ਵਿਚ ਮਾਹਿਰ ਬਣ ਗਏ । ਨੰਦ ਲਾਲ ਕਾਵਿ ( Poetry ) ਲਈ ਲਾਲ ਅਤੇ ਗੋਯਾ ਤੱਖਲੁਸ ਲਿਖਦੇ ਸਨ। ਆਪ ਨੂੰ ਵਾਰਤਕ ਤੇ ਕਵਿਤਾ ਲਿਖਣ ਦਾ ਸ਼ੌਂਕ ਸੀ ਤੇ ਛੇਤੀ ਹੀ ਕਵਿਤਾ ਆਦਿ ਲਿਖਣ ਵਿੱਚ ਆਪ ਨਿਪੁੰਨ ਹੋ ਗਏ।

### 2.4 ਬੈਰਾਗੀ ਦੇ ਹੱਥੋਂ ਦੀਖਿਆ ਲੈਣ ਤੋਂ ਇਨਕਾਰ

ਛੱਜੂ ਮੱਲ ਜੀ ਵੈਸ਼ਨੂੰ ਬੈਰਾਗੀਆਂ ਦੇ ਚੇਲੇ ਸਨ। ਪਰ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਭਾਈ ਨੰਦ ਲਾਲ ਜੀ ਉੱਤੇ ਬਚਪਨ ਤੋਂ ਹੀ ਸਿੱਖ ਮੱਤ ਦਾ ਪ੍ਰਭਾਵ ਪੈ ਗਿਆ ਕਿਉਂਕਿ ਜਦੋਂ ਭਾਈ ਨੰਦ ਲਾਲ ਜੀ ਦੇ ਪਿਤਾ ਆਪ ਜੀ ਨੂੰ ਬਾਰ-ਬਾਰ ਇਹ ਬੈਰਾਗੀ ਗੁਰੂਆਂ ਤੋਂ ਦੀਖਿਆ ਲੈਣ ਤੇ ਕੰਠੀ ਪਾਉਣ ਦੇ ਲਈ ਕਹਿੰਦੇ ਸਨ ਤਾਂ ਉਸ ਸਮੇਂ ਆਪ ਜੀ ਨੇ ਪਿਤਾ ਨੂੰ ਇਹ ਜਵਾਬ ਦਿੱਤਾ ਸੀ ਕਿ ਮੈਨੂੰ ਅਜਿਹੀ ਮਾਲਾ ਪਹਿਨਾਈ ਜਾਵੇ ਜਿਹੜੀ ਕਦੇ ਟੁੱਟੇ ਨਾ ਅਤੇ ਜੀਵਨ ਦਾ ਸੁੱਖ ਚੈਨ ਲਿਆਉਣ ਵਿੱਚ ਸਹਾਈ ਹੋਵੇ। ਅਜਿਹੀ ਰਵਾਇਤ ਸਿੱਖ ਧਰਮ ਦੇ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿੱਚ ਪਾਈ ਜਾਂਦੀ ਹੈ, ਜਦੋਂ ਆਪ ਜੀ ਪੰਡਿਤ ਹਰਦਿਆਲ ਨੂੰ ਜਨੇਊ ਪਾਉਣ ਤੋਂ ਜਵਾਬ ਦਿੰਦੇ ਹਨ। ਇੱਥੋਂ ਪਤਾ ਲੱਗਦਾ ਹੈ ਕਿ ਸਿੱਖ ਧਰਮ ਦੀ ਸਿੱਖਿਆ ਨੂੰ ਭਾਈ ਨੰਦ ਲਾਲ ਜੀ ਨੇ ਆਪਣੇ ਮਨ ਵਿੱਚ ਵਸਾ ਲਿਆ ਸੀ।

### 2.5 ਮਾਤਾ-ਪਿਤਾ ਦਾ ਅਕਾਲ ਚਲਾਣਾ

ਜਦੋਂ ਭਾਈ ਨੰਦ ਲਾਲ ਜੀ ਸੋਲ੍ਹਾਂ ਸਾਲ ਦੇ ਸਨ ਤਾਂ ਉਨ੍ਹਾਂ ਦੀ ਮਾਤਾ ਜੀ ਗੁਜ਼ਰ ਗਏ। ਥੋੜ੍ਹੇ ਸਮੇਂ ਬਾਅਦ ਪਿਤਾ ਜੀ ਵੀ ਸਰੀਰ ਛੱਡ ਦਿੰਦੇ ਹਨ। ਇਸੇ ਸਮੇਂ ਦੌਰਾਨ ਦਾਰਾ ਸ਼ਿਕੋਹ ਵੀ ਆਪਣੀ ਮੁਹਿੰਮ ਤੋਂ ਵਾਪਸ ਆ ਗਿਆ ਸੀ ਅਤੇ ਜੋ ਨਵਾਂ ਹਾਕਮ ਸੀ ਉਹ ਭਾਈ ਨੰਦ ਲਾਲ ਪ੍ਰਤੀ ਬਿਲਕੁਲ ਨਾ-ਵਾਕਿਫ਼ ਸੀ। ਇਸ ਕਾਰਨ ਸ਼ਾਹੀ ਦਰਬਾਰ ਦੇ ਵਿੱਚ ਭਾਈ ਸਾਹਿਬ ਦੀ ਆਨ ਤੇ ਸ਼ਾਨ ਦਾ ਜਲੌਅ ਘਟ ਗਿਆ।

### 2.6 ਨੌਕਰੀ

ਭਾਈ ਨੰਦ ਲਾਲ ਜੀ ਨੇ ਕੋਸ਼ਿਸ਼ ਕੀਤੀ ਕਿ ਉਨ੍ਹਾਂ ਨੂੰ ਪਿਤਾ ਵਾਲੀ ਨੌਕਰੀ ਮਿਲ ਜਾਵੇ, ਪਰ ਨਵੇਂ ਹਾਕਮ ਨੇ ਉਨ੍ਹਾਂ ਨੂੰ ਮਾਮੂਲੀ ਨੌਕਰੀ ਦੇ ਦਿੱਤੀ ਜੋ ਕਿ ਆਪ ਜੀ ਨੂੰ ਪਸੰਦ ਨਾ ਆਈ, ਜਿਸ ਕਾਰਨ ਆਪ ਜੀ ਸਾਰਾ ਕੁੱਝ ਵੇਚ ਵੱਟ ਕੇ ਮੁਲਤਾਨ ਆ ਗਏ। ਇੱਥੇ ਆਪ ਜੀ ਦੇ ਨਾਲ ਕਈ ਅਫ਼ਗਾਨ ਨੌਕਰ ਵੀ ਨਾਲ ਆਏ।

### 2.7 ਵਿਆਹ ਅਤੇ ਸਿੱਖੀ ਦੀ ਚੇਟਕ

ਇੱਥੇ ਹੀ ਆਪ ਜੀ ਦਾ ਵਿਆਹ ਇੱਕ ਸਿੱਖ ਪਰਿਵਾਰ ਵਿੱਚ ਹੋ ਗਿਆ, ਜਿੱਥੇ ਕਿ ਆਪ ਜੀ ਨੂੰ ਸਿੱਖੀ ਦੀ ਹੋਰ ਚੇਟਕ ਲੱਗ ਗਈ। ਇੱਥੇ ਰਹਿੰਦਿਆਂ ਆਪ ਜੀ ਨੂੰ ਮੁਲਤਾਨ ਦੇ ਹਾਕਮ ਵਸਾਫ਼ ਖਾਨ ਨੇ ਆਪਣਾ ਮੀਰ ਮੁਨਸ਼ੀ ਨਿਯੁਕਤ ਕਰ ਲਿਆ। ਆਪਣੀ ਮਿਹਨਤ ਤੇ ਇਮਾਨਦਾਰੀ ਕਰਕੇ ਉਹ ਛੇਤੀ ਹੀ ਮੁਲਤਾਨ ਦੇ ਸੂਬੇਦਾਰ ਬਣ ਗਏ।

ਇਸ ਸਾਰੇ ਕੁੱਝ ਦਾ ਪਤਾ ਆਪ ਜੀ ਦੀ ਆਪਣੀ ਪੁਸਤਕ "ਦਸਤੂਰਲ-ਇਨਸ਼ਾ" ਤੋਂ ਲੱਗਦਾ ਹੈ। "ਦਸਤੂਰੁਲ-ਇਨਸ਼ਾ" ਦੇ ਵਿੱਚ ਇਹ ਵੀ ਪਤਾ ਚਲਦਾ ਹੈ ਕਿ ਆਪ ਕਲਮ ਦੇ ਧਨੀ ਤਾਂ ਸਨ ਹੀ ਪਰ ਨਾਲ ਹੀ ਨਾਲ ਤੇਗ ਦੇ ਧਨੀ ਵੀ ਸਨ। ਇੱਥੇ ਇਕ ਘਟਨਾ ਮਿਲਦੀ ਹੈ ਕਿ ਦਰ੍ਹਾ ਸੁਲਤਾਨ ਸਰਵਰ ਦੇ ਦੁਆਲੇ ਪਹਾੜੀਆਂ ਵਿੱਚ "ਸ਼ਾਹ" ਨਾਂ ਦਾ ਇੱਕ ਡਾਕੂ ਰਹਿੰਦਾ ਸੀ, ਜਿਸਨੇ ਕਿ 7000 ਫੌਜ ਇਕੱਠੀ ਕੀਤੀ ਹੋਈ ਸੀ ਤੇ ਲੋਕਾਂ ਨੂੰ ਉਸਨੇ ਕਾਫ਼ੀ ਤੰਗ ਕੀਤਾ ਹੋਇਆ ਸੀ। ਉਸਦੇ ਟਾਕਰੇ ਦੇ ਲਈ ਭਾਈ ਨੰਦ ਲਾਲ ਜੀ ਨੇ ਚੜ੍ਹਾਈ ਕਰ ਦਿੱਤੀ। ਥੋੜ੍ਹੀ ਮੁੱਠਭੇੜ ਤੋਂ ਪਿੱਛੋਂ "ਸ਼ਾਹੂ" ਗ੍ਰਿਫ਼ਤਾਰ ਕਰ ਲਿਆ ਤੇ ਲੱਗਭਗ 3000 ਧਾੜਵੀ ਲੁਟੇਰੇ ਮਾਰੇ ਗਏ ਅਤੇ ਰਹਿੰਦੇ ਬਾਕੀ ਭੱਜ ਗਏ। ਹਰ ਪਾਸੇ ਮੁਕੰਮਲ ਸ਼ਾਂਤੀ ਕਾਇਮ ਹੋ ਗਈ। ਇਸ ਸਾਲ ਭਾਈ ਸਾਹਿਬ ਜੀ ਦੀ ਹਰ ਪਾਸੇ ਹੋਰ ਸੋਭਾ ਹੋਣ ਲੱਗ ਗਈ ਅਤੇ ਉਹ ਲੋਕਾਂ ਦੇ ਹਰਮਨ ਪਿਆਰੇ ਬਣ ਗਏ।

### 2.8 ਗੁਰੂ ਦੇ ਦਰਸ਼ਨਾਂ ਦੀ ਤਾਂਘ

ਅਜਿਹੇ ਸਮੇਂ ਦੇ ਵਿੱਚ ਆਪ ਜੀ ਸਿੱਖ ਧਰਮ ਦਾ ਅਧਿਐਨ ਵੀ ਕਰਦੇ ਰਹੇ ਤੇ ਇਤਨਾ ਪ੍ਰਭਾਵਿਤ ਹੋਏ ਕਿ ਆਪ ਜੀ ਨੂੰ ਗੁਰੂ ਦਰਸ਼ਨਾਂ ਦੀ ਤਾਂਘ ਪੈਦਾ ਹੋ ਗਈ। ਇਸ ਲਈ ਆਪ ਜੀ ਆਪਣੇ ਪਰਿਵਾਰ ਨੂੰ ਮੁਲਤਾਨ ਵਿਖੇ ਛੱਡ ਕੇ ਗੁਰੂ ਦਰਸ਼ਨਾਂ ਦੇ ਲਈ ਚੱਲ ਪਏ। ਪਹਿਲਾਂ ਆਪ ਜੀ ਅੰਮ੍ਰਿਤਸਰ ਗਏ ਜਿੱਥੇ ਕਿ ਉਨ੍ਹਾਂ ਨੇ ਕੀਰਤਨ ਦਾ ਆਨੰਦ ਮਾਣਿਆ। ਇਸ ਤੋਂ ਉਪਰੰਤ ਆਪ ਮਾਖੋਵਾਲ (ਆਨਦੰਪੁਰ ਸਾਹਿਬ) ਵਿਖੇ ਚਲੇ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕੀਤੇ ਤੇ ਗੁਰੂ ਜੀ ਦੇ ਅਨਿੰਨ ਸੇਵਕ ਬਣ ਗਏ। ਆਪ ਜੀ ਉੱਥੇ ਲੰਗਰਾਂ ਦੀ ਸੇਵਾ ਵਿੱਚ ਕਾਫ਼ੀ ਸਮਾਂ ਲੀਨ ਰਹੇ।

### 2.9 ਆਗਰੇ ਜਾਣਾ

ਅਨੰਦਪੁਰ ਸਾਹਿਬ ਤੋਂ ਭਾਈ ਸਾਹਿਬ ਆਗਰੇ ਚਲੇ ਗਏ ਤੇ ਇੱਥੇ ਆਪ ਜੀ ਨੂੰ ਸ਼ਹਿਜ਼ਾਦਾ ਮੁਅੱਜ਼ਮ ਨੇ ਨੌਕਰੀ `ਤੇ ਰੱਖ ਲਿਆ, ਪਰ ਇੱਥੇ ਵੀ ਜ਼ਿਆਦਾ ਸਮਾਂ ਆਪ ਠਹਿਰ ਨਾ ਸਕੇ ਕਿਉਂਕਿ ਇਹ ਲਿਖਿਆ ਮਿਲਦਾ ਹੈ ਕਿ ਇੱਕ ਵਾਰ ਔਰੰਗਜ਼ੇਬ ਬਾਦਸ਼ਾਹ ਨੇ ਇਸਲਾਮੀ ਵਿਦਵਾਨਾਂ ਦੀ ਸਭਾ ਵਿੱਚ ਕੁਰਾਨ ਦੀ ਮਜੀਦ ਦੀ ਕਿਸੇ ਇੱਕ ਆਇਤ ਦੇ ਭਾਵ ਪੁੱਛੇ। ਕਈ ਵਿਦਵਾਨਾਂ ਨੇ ਵਿਸਥਾਰ ਨਾਲ ਦੱਸਣ ਦਾ ਯਤਨ ਕੀਤਾ, ਪਰ ਬਾਦਸ਼ਾਹ ਦੀ ਤਸੱਲੀ ਨਾ ਹੋਈ। ਉਸ ਸਮੇਂ ਉੱਥੇ ਸ਼ਹਿਜ਼ਾਦਾ ਮੁਅੱਜ਼ਮ ਵੀ ਮੌਜੂਦ ਸੀ। ਸ਼ਹਿਜ਼ਾਦੇ ਨੇ ਬਾਦਸ਼ਾਹ ਤੋਂ ਮੋਹਲਤ ਮੰਗੀ ਤਾਂ ਕਿ ਉਹ ਇਸ ਆਇਤ ਬਾਰੇ ਕੁੱਝ ਸੋਚ ਕੇ ਦੱਸ ਸਕੇ। ਸ਼ਹਿਜ਼ਾਦੇ ਨੇ ਇਸੇ ਆਇਤ ਦੇ ਅਰਥ ਭਾਈ ਨੰਦ ਲਾਲ ਜੀ ਤੋਂ ਪੁੱਛੇ। ਭਾਈ ਸਾਹਿਬ ਨੇ ਜੋ ਅਰਥ ਦੱਸੇ ਉਹੀ ਅਰਥ ਸ਼ਹਿਜ਼ਾਦੇ ਨੇ ਜਾ ਕੇ ਬਾਦਸ਼ਾਹ ਨੂੰ ਦੱਸੇ ਤਾਂ ਬਾਦਸ਼ਾਹ ਦੀ ਤਸੱਲੀ ਹੋ ਗਈ ਤੇ ਉਹ ਬੜਾ ਪ੍ਰਸੰਨ ਹੋਇਆ। ਜਦ ਬਾਦਸ਼ਾਹ ਨੂੰ ਇਹ ਪਤਾ ਲੱਗਾ ਕਿ ਇੰਨੇ ਮਹਾਨ ਅਰਥ ਕਰਨ ਵਾਲਾ ਇੱਕ ਹਿੰਦੂ ਹੈ ਤਾਂ ਬਾਦਸ਼ਾਹ ਨੇ ਇਹ ਚਾਹਿਆ ਕਿ ਇਸ ਨੂੰ ਫ਼ੌਰਨ ਮੁਸਲਮਾਨ ਬਣਾਇਆ ਜਾਵੇ। ਪਰ, ਭਾਈ ਨੰਦ ਲਾਲ ਜੀ ਤਾਂ ਗੁਰੂ ਜੀ ਦੇ ਪਿਆਰ ਵਿੱਚ ਰੰਗੇ ਗਏ ਸਨ ਤੇ ਹੁਣ ਮੁਸਲਮਾਨ ਬਣਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਇਸ ਲਈ ਭਾਈ ਨੰਦ ਲਾਲ ਜੀ ਉੱਥੋਂ ਭੱਜ ਕੇ ਅਨੰਦਪੁਰ ਸਾਹਿਬ ਪੱਕੇ ਤੌਰ ਦੇ ਲਈ ਆ ਗਏ।

### 2.10 ਆਨੰਦਪੁਰ ਵਾਪਸੀ

ਆਨੰਦਪੁਰ ਸਾਹਿਬ ਇਸ ਸਮੇਂ ਦੌਰਾਨ ਗਿਆਨ, ਵਿੱਦਿਆ ਦਾ ਕੇਂਦਰ ਸੀ। ਭਾਈ ਸਾਹਿਬ ਜੀ ਦੀ ਰਚਨਾ ਦਾ ਪ੍ਰਵਾਹ ਵੀ ਤੁਰ ਪਿਆ। ਆਪ ਗੁਰੂ ਗੋਬਿੰਦ ਸਿੰਘ ਜੀ ਦੇ ਕਵੀਆਂ ਵਿੱਚ ਸ਼ਾਮਲ ਹੋ ਗਏ। ਗੁਰੂ ਜੀ ਦੇ ਪ੍ਰਤੀ ਆਪ ਜੀ ਵਿੱਚ ਅਥਾਹ ਸ਼ਰਧਾ ਸੀ। ਇੱਥੇ ਹੀ ਆਪ ਜੀ ਨੇ ਗੁਰੂ ਪਿਆਰ ਵਿੱਚ ਬਹੁਤ ਸਾਰੀਆਂ ਰਚਨਾਵਾਂ ਦੀ ਰਚਨਾ ਕੀਤੀ। ਨਾਲ ਹੀ ਦੂਸਰੇ ਪਾਸੇ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੇ ਇੱਕ ਲੰਗਰ ਦੀ ਸੇਵਾ ਆਪ ਜੀ ਨੂੰ ਸੰਭਾਲ ਦਿੱਤੀ। ਅਨੰਦਪੁਰ ਸਾਹਿਬ ਵਿੱਚ ਜਿੰਨੇ ਵੀ ਡੇਰੇ ਸਨ ਉਹਨਾਂ ਸਾਰਿਆਂ ਡੇਰਿਆਂ ਵਿੱਚ ਲੰਗਰ ਚਲਦੇ ਸਨ ਤੇ ਹਰੇਕ ਲੋੜਵੰਦ ਨੂੰ ਪ੍ਰਸ਼ਾਦਾ ਮਿਲਦਾ ਸੀ। ਇੱਕ ਦਿਨ ਗੁਰੂ ਸਾਹਿਬ ਜੀ ਭਾਈ ਨੰਦ ਲਾਲ ਜੀ ਦੇ ਲੰਗਰ ਵੱਲ ਗਏ। ਗੁਰੂ ਜੀ ਨੇ ਦੇਖਿਆ ਕਿ ਨੰਦ ਲਾਲ ਇੱਕ ਹੱਥ ਨਾਲ ਲੋੜਵੰਦਾਂ ਨੂੰ ਪ੍ਰਸ਼ਾਦੇ ਵੰਡ ਰਿਹਾ ਹੈ ਤੇ ਉਸਦੇ ਦੂਜੇ ਹੱਥ ਵਿੱਚ ਕਾਗ਼ਜ਼ਾਂ ਦਾ ਇੱਕ ਥੱਬਾ ਹੈ। ਡਾ: ਗੁਰਦੇਵ ਸਿੰਘ ਪੰਦੋਹਲ ਇਸ ਵਾਰਤਾ ਬਾਰੇ ਆਪਣੀ ਕਿਤਾਬ "ਜ਼ਿੰਦਗੀ ਨਾਮਾ" ਵਿਚ ਲਿਖਦੇ ਹਨ ਕਿ ਗੁਰੂ ਜੀ ਪ੍ਰਸੰਨ ਹੋ ਕੇ ਭਾਈ ਨੰਦ ਲਾਲ ਨੂੰ ਪੁੱਛਦੇ ਹਨ ਕਿ :-

ਭਾਈ ਸਾਹਿਬ ਇਹ ਹੱਥ ਵਿੱਚ ਕੀ ਫੜ ਰੱਖਿਆ ਹੈ?

ਭਾਈ ਨੰਦ ਲਾਲ ਨੇ ਉੱਤਰ ਦਿੱਤਾ:- ਹਜ਼ੂਰ ਮੈਂ ਇੱਕ ਪੁਸਤਕ ਲਿਖੀ ਹੈ,

ਗੁਰੂ ਜੀ ਨੇ ਕਿਹਾ :- ਪੜ੍ਹ ਕੇ ਸੁਣਾਉਗੇ, ਕੀ ਲਿਖਿਆ ਹੈ?

ਭਾਈ ਨੰਦ ਲਾਲ ਜੀ ਨੇ ਜਵਾਬ ਦਿੱਤਾ ਕਿ :- ਹਜ਼ੂਰ ਮੈਂ ਕੇਡਾ ਭਾਗਸ਼ਾਲੀ ਹਾਂ ਜੋ ਤੁਸੀਂ ਮੇਰੇ ਜ਼ਜਬਾਤ ਦੀ ਤਰਜਮਾਨੀ ਕਰਨ ਲਈ ਪਧਾਰੇ ਹੋ।

(ਜ਼ਿੰਦਗੀ ਨਾਮਾ, ਪੰਨਾ-15)

ਇਸ ਤੋਂ ਪਿੱਛੋਂ ਗੁਰੂ ਜੀ ਨੇ ਸਾਰੀ ਪੁਸਤਕ ਨੂੰ ਸੁਣਿਆ ਤਾਂ ਪ੍ਰਸੰਨ ਹੋ ਕੇ ਭਾਈ ਨੰਦ ਲਾਲ ਨੂੰ ਪੁੱਛਣ ਲੱਗੇ ਕਿ ਇਸ ਪੁਸਤਕ ਦਾ ਨਾਮ ਕੀ ਰੱਖਿਆ ਹੈ? ਤਾਂ ਭਾਈ ਸਾਹਿਬ ਨੇ ਕਿਹਾ ਕਿ ਇਸ ਪੁਸਤਕ ਦਾ ਨਾਮ "ਬੰਦਗੀ ਨਾਮਾ" ਰੱਖਿਆ ਹੈ। ਗੁਰੂ ਜੀ ਨੇ ਇਸ ਪੁਸਤਕ ਨੂੰ ਸਲਾਹਿਆ ਤੇ ਕਿਹਾ ਕਿ ਨਾਮ ਬਹੁਤ ਵਧੀਆ ਹੈ, ਪਰ ਮੈਂ ਚਾਹੁੰਦਾ ਹਾਂ ਕਿ ਇਸ ਗ੍ਰੰਥ ਦਾ ਨਾਮ "ਜ਼ਿੰਦਗੀ ਨਾਮਾ" ਰੱਖਿਆ ਜਾਵੇ ਕਿਉਂਕਿ ਇਹ ਗ੍ਰੰਥ ਰੂਪੀ ਪਿਆਲਾ ਅੰਮ੍ਰਿਤ ਨਾਲ ਭਰਿਆ ਪਿਆ ਹੈ, ਜਿਸ ਨਾਲ ਮੁਰਦੇ ਜੀਵਤ ਹੋ ਜਾਂਦੇ ਹਨ। ਇਸਨੂੰ ਪੜ੍ਹਨ ਨਾਲ ਸਦਾ ਦੀ ਜ਼ਿੰਦਗੀ ਮਿਲਦੀ ਹੈ। ਆਪ ਜੀ ਨੇ ਆਪਣੇ ਵੱਲੋਂ ਇੱਕ ਸ਼ੇਅਰ ਲਿਖ ਦਿੱਤਾ:-

ਜ਼ ਆਬੇ ਹੈਵਾਂ, ਪੁਰ ਸ਼ੁਦਹ ਚੂੰ ਜਾਮੇ ਊ।<br>
"ਜ਼ਿੰਦਗੀ ਨਾਮਾ" ਸ਼ੁਦਹ ਚੂ ਨਾਮੇ ਊ।

ਇਸਦਾ ਅਰਥ ਇਹ ਹੈ ਕਿ:- ਜਦ ਪਿਆਲਾ ਅੰਮ੍ਰਿਤ ਨਾਲ ਭਰ ਗਿਆ।<br>
ਨਾਮ ਇਸਦਾ ਜ਼ਿੰਦਗੀ ਨਾਮਾ ਧਰ ਲਿਆ।

(ਜ਼ਿੰਦਗੀ ਨਾਮਾ, ਪੰਨਾ- 15)

ਇਸੇ ਤਰ੍ਹਾਂ ਦੀ ਵਿਚਾਰ ਗੁਰੂ ਸਾਹਿਬ ਜੀ ਦੀ ਭਾਈ ਨੰਦ ਲਾਲ ਜੀ ਦੇ ਨਾਲ ਹੁੰਦੀ ਹੀ ਰਹਿੰਦੀ ਸੀ। ਭਾਈ ਸਾਹਿਬ ਦੀ ਰਚਨਾ "ਤਨਖ਼ਾਹਨਾਮਾ" ਦੇ ਵਿੱਚ ਵਰਣਨ ਮਿਲਦਾ ਹੈ ਕਿ ਭਾਈ ਨੰਦ ਲਾਲ ਜੀ ਗੁਰੂ ਸਾਹਿਬ ਜੀ ਨੂੰ ਪੁੱਛਦੇ ਹਨ ਕਿ ਸਿੱਖ ਦਾ ਨਿੱਤ ਦਾ ਕਰਮ ਕੀ ਹੈ? ਤਾਂ ਗੁਰੂ ਸਾਹਿਬ ਜੀ ਭਾਈ ਸਾਹਿਬ ਜੀ ਨੂੰ ਜਵਾਬ ਦਿੰਦੇ ਹਨ ਕਿ :-

ਪ੍ਰਾਤਾਕਾਲ ਸਤਿਸੰਗ ਨਾ ਜਾਵੈ। ਤਨਖ਼ਾਹਦਾਰ ਬਹੁ ਵੱਡਾ ਕਹਾਵੈ॥
ਸਤਿਸੰਗ ਜਾਇ ਕਰ ਚਿੱਤ ਡੁਲਾਵੈ। ਈਹਾਂ ਊਹਾਂ ਠੌਰ ਨਾ ਪਾਵੈ॥
ਹਰਿ ਜਸ ਸੁਣਤੇ ਬਾਤ ਚਲਾਵੈ। ਕਹੇ ਗੋਬਿੰਦ ਸਿੰਘ ਵੋਹ ਜਮ ਪੁਰ ਜਾਵੇ॥
ਨਿਰਧਨ ਦੇਖ ਨਾ ਪਾਸ ਬਹਾਵੈ। ਸੋ ਤਨਖ਼ਾਹੀ ਮੂਲ ਕਹਾਵੈ॥
ਸ਼ਬਦ ਗਿਆਨ ਬਿਨ ਕਰੇ ਜੋ ਬਾਤ। ਤਾ ਕੈ ਕਛੂ ਨਾ ਆਵੈ ਹਾਥ॥
ਸ਼ਬਦ ਭੋਗ ਨਾ ਨਿਵਾਵੇ ਸੀਸ। ਤਾਂ ਕੋ ਮਿਲੇ ਨਾ ਪਰਮ ਜਗਦੀਸ॥

(ਤਨਖਾਹ ਨਾਮਾ, ਪੰਨਾ-189)

## 2.11 ਅਕਾਲ ਚਲਾਣਾ

ਕੁਝ ਵਿਦਵਾਨ ਇਹ ਮੰਨਦੇ ਹਨ ਕਿ ਅਨੰਦਪੁਰ ਸਾਹਿਬ ਵਿਖੇ ਹੀ ਆਪ 1705 ਈ: ਤੱਕ ਰਹੇ। ਜਦੋਂ ਗੁਰੂ ਜੀ ਦਾ ਪਰਿਵਾਰ ਸਰਸਾ ਨਦੀ `ਤੇ ਵਿੱਛੜਿਆ ਤਾਂ ਆਪ ਜੀ ਵੀ ਗੁਰੂ ਜੀ ਤੋਂ ਵਿੱਛੜ ਗਏ। ਉਸ ਤੋਂ ਬਾਅਦ ਦਾ ਹਾਲ ਆਪ ਜੀ ਦਾ ਨਹੀਂ ਮਿਲਦਾ। ਇਤਨਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਸ਼ਹਿਜ਼ਾਦਾ ਮੁਅੱਜ਼ਮ ਜੋ ਕਿ ਬਹਾਦਰ ਸ਼ਾਹ ਦੇ ਨਾਮ ਹੇਠ ਬਾਦਸ਼ਾਹ ਦੀ ਗੱਦੀ `ਤੇ ਬੈਠਾ, ਉਸ ਦੇ ਕੋਲ ਆਪ ਜੀ ਚਲੇ ਗਏ।ਜਦੋਂ ਗੁਰੂ ਜੀ ਦੱਖਣ ਵੱਲ ਨੂੰ ਜਾਂਦਿਆਂ ਆਗਰੇ ਰੁਕੇ ਤਾਂ ਉੱਥੇ ਭਾਈ ਨੰਦ ਲਾਲ ਜੀ ਹੀ ਗੁਰੂ ਸਾਹਿਬ ਜੀ ਕੋਲ ਆ ਕੇ ਬਹਾਦਰ ਸ਼ਾਹ ਦੀ ਸਹਾਇਤਾ ਕਰਨ ਲਈ ਬੇਨਤੀ ਕਰਦੇ ਹਨ। ਬਾਅਦ ਵਿੱਚ ਭਾਈ ਨੰਦ ਲਾਲ ਜੀ ਮੁਲਤਾਨ ਚਲੇ ਗਏ ਤੇ ਉੱਥੇ ਜਾ ਕੇ ਬਿਨਾਂ ਪੱਖਪਾਤ ਤੋਂ ਹਿੰਦੂ-ਮੁਸਲਮਾਨ ਸਾਰੇ ਬੱਚਿਆਂ ਨੂੰ ਬੜੇ ਪ੍ਰੇਮ ਦੇ ਨਾਲ ਅਰਬੀ `ਤੇ ਫ਼ਾਰਸੀ ਦੀ ਸਿੱਖਿਆ ਦਿੰਦੇ ਰਹੇ ਤੇ ਇੱਥੇ ਹੀ 1713 ਈ: ਦੇ ਵਿੱਚ ਆਪ ਜੀ ਸੁਰਗਵਾਸ ਹੋ ਗਏ।

## 2.12 ਭਾਈ ਨੰਦ ਲਾਲ ਗੋਯਾ ਦੀਆਂ ਰਚਨਾਵਾਂ

ਭਾਈ ਨੰਦ ਲਾਲ ਜੀ ਗੁਰੂ ਘਰ ਦੀ ਪ੍ਰਸਿੱਧ ਸ਼ਖ਼ਸ਼ੀਅਤ ਸਨ। ਭਾਈ ਨੰਦ ਲਾਲ ਜੀ ਅਰਬੀ, ਫ਼ਾਰਸੀ ਦੇ ਵੱਡੇ ਵਿਦਵਾਨ ਸੀ। ਆਪ ਜੀ ਦੀਆਂ ਰਚਨਾਵਾਂ ਇੱਕ ਪਾਸੇ ਤਾਂ ਪ੍ਰਮੇਸ਼ਰ ਦੇ ਨਾਲ ਸੁਰਤਿ ਜੋੜਦੀਆਂ ਹਨ ਤੇ ਦੂਸਰੇ ਪਾਸੇ ਦਾਰਸ਼ਨਿਕਤਾ ਭਰਪੂਰ ਰਚਨਾਵਾਂ ਹਨ। ਇਨ੍ਹਾਂ ਰਚਨਾਵਾਂ ਦੇ ਰਾਹੀਂ ਭਾਈ ਨੰਦ ਲਾਲ ਜੀ ਨੇ ਸਿੱਖ ਜਗਤ ਦੀ ਵਿੱਦਿਅਕ ਤੌਰ `ਤੇ ਸੇਵਾ ਕੀਤੀ। ਆਪ ਨੇ ਜੋ ਵੀ ਲਿਖਿਆ, ਉਸ ਵਿੱਚੋਂ ਨਿਮਰਤਾ, ਸਹਿਜ, ਸੰਜਮ ਦੇ ਦੀਦਾਰੇ ਹੁੰਦੇ ਹਨ। ਇਸੇ ਕਾਰਨ ਹੀ ਆਪ ਜੀ ਦਾ ਨਾਮ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੇ ਮੁੱਖ ਸਿੱਖਾਂ ਵਿੱਚ ਆਉਂਦਾ ਹੈ। ਭਾਈ

ਨੰਦ ਲਾਲ ਜੀ ਨੇ ਗੁਰੂ ਮਹਿਮਾ, ਭਗਤੀ ਅਤੇ ਆਤਮਿਕ ਗਿਆਨ ਦੇ ਵਿਸ਼ੇ ਉੱਪਰ ਕਈ ਪੁਸਤਕਾਂ ਦੀ ਰਚਨਾ ਕੀਤੀ :-

(1) ਗ਼ਜ਼ਲਾਂ ਦੀਵਾਨਿ ਗੋਯਾ (2) ਜ਼ਿੰਦਗੀਨਾਮਾ (3) ਗੰਜ-ਨਾਮਾ (4) ਜੋਤਿ-ਬਿਗਾਸ (ਫ਼ਾਰਸੀ) (5) ਜੋਤਿ-ਬਿਗਾਸ (ਪੰਜਾਬੀ) (6) ਰਹਿਤ ਨਾਮਾ (7) ਤਨਖ਼ਾਹ-ਨਾਮਾ (8) ਦਸਤੂਰੁਲ-ਇਨਸ਼ਾ (9) ਅਰਜ਼ੁਲ-ਅਲਫ਼ਾਜ (10) ਤੌਸੀਫ਼ੋਸਨਾ (11) ਖ਼ਾਤਿਮਾ

<u>ਇਨ੍ਹਾਂ ਰਚਨਾਵਾਂ ਸੰਬੰਧੀ ਮੁੱਢਲੀ ਜਾਣਕਾਰੀ ਇਸ ਪ੍ਰਕਾਰ ਹੈ-</u>

**2.12.1 ਦੀਵਾਨੇ ਗੋਯਾ**

ਆਪ ਦੀ ਸਭ ਤੋਂ ਵੱਧ ਧਨੀ ਤੇ ਮਸ਼ਹੂਰ ਰਚਨਾ ਦੀਵਾਨੇ ਗੋਯਾ ਹੈ। ਇਸ ਵਿਚ ਸੂਫੀਵਾਦ ਦਾ ਰੰਗ ਝਲਕਦਾ ਹੈ। ਇਹ 63 ਗਜ਼ਲਾਂ ਤੇ ਆਧਾਰਿਤ ਹੈ ਜਿਸ ਵਿਚ ਸ਼ੇਅਰ ਅਤੇ ਸ਼ੇਅਰ ਕਹਿਣ ਦੇ ਬਹੁਤ ਸਾਰੇ ਨੁਕਤੇ ਸਾਂਝੇ ਕੀਤੇ ਸਨ। ਸੂਫੀਵਾਦ ਦਾ ਰੰਗ, ਦਰਦ, ਹਿਕਮਤ, ਮਾਰਫਤ ਨਾਲ ਭਰਪੂਰ ਹੈ। ਲਿਖਣ ਦਾ ਢੰਗ ਬਹੁਤ ਵੱਧੀਆ, ਨਜ਼ਮ ਵਿਚ ਚੁਸਤੀ, ਖਿਆਲਾਂ ਵਿਚ ਉਚਾਈ ਅਤੇ ਖੂਬਸੂਰਤੀ ਹੈ। ਰੂਹਾਨੀ ਅਤੇ ਨਸੀਹਤਾਂ ਦੇ ਦਫ਼ਤਰ ਖੋਲ੍ਹ ਖੋਲ੍ਹ ਕੇ ਬਿਆਨ ਕਰ ਛੱਡੇ ਹਨ।

**2.12.2 ਰੁਬਾਈਆਂ ਤੇ ਗੋਯਾ**

ਗੋਯਾ ਨੇ ਕੁੱਲ 18 ਰੁਬਾਈਆਂ ਲਿਖੀਆਂ ਜੋ ਸੂਫ਼ੀਵਾਦ ਅਤੇ ਇਸ਼ਕ ਹਕੀਕੀ ਦੇ ਰੰਗ ਵਿਚ ਰੰਗੀਆਂ ਹੋਈਆਂ ਹਨ। ਜ਼ੁਬਾਨ ਅਤੇ ਬਿਆਨ ਬਹੁਤ ਸਾਦਾ ਹੈ। ਇਨ੍ਹਾਂ ਰੁਬਾਈਆਂ ਬਾਰੇ ਅਸੀਂ ਚੌਥੇ ਅਧਿਆਇ ਵਿਚ ਵਿਸਥਾਰ ਵਿਚ ਲਿਖਿਆ ਹੈ।

**2.12.3 ਜ਼ਿੰਦਗੀਨਾਮਾ**

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਕਿ ਆਪ ਨੇ ਮਸਨਵੀ ਆਨੰਦਪੁਰ ਵਿਖੇ ਲਿਖੀ ਬੰਦਗੀਨਾਮਾ ਨਾਲ ਮਸ਼ਹੂਰ ਹੈ ਅਤੇ ਆਪਣੇ ਕਾਮਿਲ ਮੁਰਸ਼ਿਦ ਗੁਰੂ ਗੋਬਿੰਦ ਸਿੰਘ ਨੂੰ ਭੇਂਟ ਕੀਤੀ ਹੈ , ਜਿਸ ਦੇ ਅਧਿਐਨ ਤੋਂ ਖੁਸ਼ ਹੋ ਕੇ ਇਸਦਾ ਨਾਂ ਗੁਰੂ ਗੋਬਿੰਦ ਸਿੰਘ ਰਾਹੀਂ ਜ਼ਿੰਦਗੀਨਾਮਾ ਰੱਖਿਆ ਗਿਆ। ਇਸ ਦਾ ਮਜ਼ਮੂਨ ਇਸ਼ਕੇ ਇਲਾਹੀ ਅਤੇ ਬੰਦਗੀ - ਏ - ਖੁਦਾ ਹੈ। ਇਸ ਨੂੰ ਰੱਬ ਦੇ ਬੰਦਿਆਂ ਦੀ ਬੈਠਕ ਵਿਚ ਬੈਠਣ ਵਾਲਿਆਂ ਨੇ ਬਹੁਤ ਪਸੰਦ ਕੀਤਾ ਹੈ। ਇਸ ਦਾ ਹਰ ਸ਼ੇਅਰ ਇਲਾਹੀ ਮਾਰਫਤ ਦੀ ਝਲਕ ਹੈ। ਸੂਫੀਵਾਦੇ ਰੱਬ ਤੱਕ ਪਹੁੰਚਣ ਦਾ ਪਾਕੀਜ਼ਾ ਵਸੀਲਾ ਹੈ ਅਤੇ ਨਸੀਹਤ ਨਾਲ ਭਰਪੂਰ ਹੈ। ਹਰ ਸ਼ੇਅਰ ਰਸਤੇ ਤੇ ਚਿਰਾਗ ਵਾਂਗ ਜਿਹੜੇ ਇਸ ਰਸਤੇ ਤੇ ਚੱਲਣ ਵਾਲਿਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ।

**2.12.4 ਜੋਤ ਬਿਗਾਸ**

ਮਸਨਵੀ ਜੋਤ ਬਿਗਾਸ ਵਿਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀ ਜੋਤ ਵਿਚ ਨੂਰੇ ਇਲਾਹੀ ਦਾ ਵਰਣਨ ਦਿੱਤਾ ਹੈ ਅਤੇ ਉਨ੍ਹਾਂ ਦੇ ਵਾਰਿਸ ਗੁਰੂਆਂ ਦਾ ਸਿਲਸਿਲੇਵਾਰ ਜ਼ਿਕਰ ਕੀਤਾ ਗਿਆ ਹੈ। ਜੋਤ ਬਿਗਾਸ ਭਾਈ ਨੰਦ ਲਾਲ ਗੋਯਾ ਦਾ ਇਕ ਪਾਕੀਜ਼ਾ ਗੁਲਦਸਤਾ ਹੈ। ਜਿਸ ਵਿਚ ਸ਼ਰਧਾਂਜਲੀਆਂ ਪੇਸ਼ ਕੀਤੀਆਂ ਗਈਆਂ ਹਨ। ਘੱਟ ਸ਼ਬਦਾਂ ਅਤੇ ਨਪੇ ਤੁਲੇ ਲਫਜ਼ਾਂ ਵਿਚ ਬਿਆਨ ਕੀਤਾ ਗਿਆ ਹੈ। ਇਹ ਮਸਨਵੀ ਦੇ ਵਜ਼ਨ ਤੇ ਲਿਖੀ ਹੋਈ ਹੈ ਜਿਸ ਵਿਚ ਕੁਦਰਤੀ ਰਵਾਨੀ ਦੇ ਨਾਲ - ਨਾਲ ਸ਼ਬਦਾਂ ਦਾ ਜੋਸ਼ ਵੀ ਠਾਠਾਂ ਮਾਰਦਾ ਹੈ।

#### 2.12.5 ਗੰਜਨਾਮਾ

ਗੱਦ ਅਤੇ ਪੱਦ ( Prose and Poetry ) ਨੂੰ ਇਕੱਠਾ ਕਰਨਾ ਹੈ ਜਿਸ ਵਿਚ ਲੇਖਕ ਨੇ ਸਭ ਤੋਂ ਪਹਿਲਾਂ ਨਜ਼ਮ ਵਿਚ ਸਤਿਗੁਰੂ ਦੀ ਮਹੱਤਤਾ ਤੇ ਜ਼ੋਰ ਦਿੱਤਾ ਹੈ । ਫਿਰ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਤੱਕ ਇਕ ਤੋਂ ਬਾਅਦ ਦੂਜੇ ਨੂੰ ਗੱਦ ਅਤੇ ਪੱਦ ਵਿਚ ਕੇਵਲ ਸਿਫਤ ਸਲਾਹ ਦਿੱਤੀ ਹੈ ਅਤੇ ਆਪਣੇ ਆਪ ਵਿਚ ਇਹ ਸ਼ਰਧਾ ਦਾ ਮਹੱਤਵਪੂਰਣ ਨਮੂਨਾ ਹੈ। ਡਾ. ਗੰਡਾ ਸਿੰਘ ਆਪਣੀ ਪੁਸਤਕ ਭਾਈ ਨੰਦ ਲਾਲ ਗ੍ਰੰਥਾਵਲੀ ਵਿਚ ਭਾਈ ਸਾਹਿਬ ਦੀ ਇਸ ਰਚਨਾ ਬਾਰੇ ਵਿਸਥਾਰ ਨਾਲ ਬਿਆਨ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਸੰਬੰਧ ਵਿੱਚ ਭਾਈ ਸਾਹਿਬ ਲਿਖਦੇ ਹਨ ਕਿ ਉਸ ਦਾ ਨਾਮ ਨਾਨਕ ਪਾਤਸ਼ਾਹ ਹੈ ਤੇ ਉਹ ਸੱਚੇ ਧਰਮ ਵਾਲਾ ਹੈ। ਉਸ ਜਿਹਾ ਹੋਰ ਕੋਈ ਦਰਵੇਸ਼ ਸੰਸਾਰ ਵਿੱਚ ਨਹੀਂ ਆਇਆ। ਇਹ ਜੋ ਅਰਥ ਹਨ ਉਹ ਇਸ ਸ਼ੇਅਰ ਵਿੱਚ ਹਨ:-

ਨਾਮਿ ਊ ਸ਼ਾਹਿ ਨਾਨਕ ਹੱਕ ਕੇਸ਼
ਕਿ ਨਿਆਇਦ ਚੁਨੂੰ ਦਿਗਰ ਦਰਵੇਸ਼॥

(ਭਾਈ ਨੰਦ ਲਾਲ ਗ੍ਰੰਥਾਵਲੀ, ਪੰਨਾ-140)

ਗੁਰੂ ਅਰਜਨ ਦੇਵ ਜੀ ਜਿਨ੍ਹਾਂ ਨੇ ਕਿ ਸਾਰੀ ਬਾਣੀ ਨੂੰ ਸੰਪਾਦਿਤ ਕਰਾਇਆ ਤੇ ਬਹੁਤ ਸਾਰੀ ਬਾਣੀ ਦੀ ਆਪ ਵੀ ਰਚਨਾ ਕੀਤੀ, ਉਨ੍ਹਾਂ ਦੇ ਸੰਬੰਧ ਵਿੱਚ ਭਾਈ ਨੰਦ ਲਾਲ ਜੀ ਲਿਖਦੇ ਹਨ ਕਿ ਰੱਬੀ ਵਿਚਾਰ ਵਾਲੀ ਬਾਣੀ ਉਸੇ ਤੋਂ ਉਤਰਦੀ ਹੈ, ਸਿਦਕ ਭਰੋਸੇ ਵਾਲੇ ਗਿਆਨ ਭਰਪੂਰ ਲੇਖ ਭੀ ਉਸੇ ਦੇ ਹੀ ਹਨ। ਅਸਲ ਸ਼ੇਅਰ ਇਹ ਹੈ :-

ਅਜ਼ੋ ਨਜ਼ਮ ਕਾਲਿ ਹੱਕ ਅੰਦੇਸ਼ਾ ਰਾ
ਬਦੋ ਨਸਕ ਇਲਇ ਯਕੀਂ-ਪੇਸ਼ਾ ਰਾ॥

(ਭਾਈ ਨੰਦ ਲਾਲ ਗ੍ਰੰਥਾਵਲੀ, ਪੰਨਾ- 149)

ਸੱਤਵੇਂ ਗੁਰੂ, ਗੁਰੂ ਹਰਿ ਰਾਇ ਸਾਹਿਬ ਜੀ ਦੇ ਸੰਬੰਧ ਵਿੱਚ ਭਾਈ ਨੰਦ ਲਾਲ ਜੀ ਲਿਖਦੇ ਹਨ ਕਿ ਗੁਰੂ ਕਰਤਾ ਹਰਿ ਰਾਇ ਸੱਚ ਦਾ ਪਾਲਣਹਾਰਾ ਵੀ ਹੈ ਅਤੇ ਸੱਚ ਦਾ ਧਾਰਨੀ ਵੀ ਹੈ, ਗੁਰੂ ਕਰਤਾ ਹਰਿ ਰਾਇ ਸੁਲਤਾਨ ਵੀ ਹੈ ਅਤੇ ਦਰਵੇਸ਼ ਵੀ ਹੈ। ਉਪਰੋਕਤ ਅਰਥ ਇਸ ਫ਼ਾਰਸੀ ਸ਼ੇਅਰ ਦੇ ਹਨ :-

ਹਕ ਪਰਵਰ ਹਕ ਕੇਸ਼ ਗੁਰੂ ਕਰਤਾ ਹਰਿ ਰਾਇ
ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿ ਰਾਇ॥

(ਭਾਈ ਨੰਦ ਲਾਲ ਗ੍ਰੰਥਾਵਲੀ, ਪੰਨਾ-151)

ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜਿਨ੍ਹਾਂ ਦੀ ਸੰਗਤ ਵਿੱਚ ਭਾਈ ਨੰਦ ਲਾਲ ਜੀ ਨੇ ਕਾਫ਼ੀ ਸਮਾਂ ਗੁਜ਼ਾਰਿਆ। ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੀ ਮਹਿਮਾ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਸੱਚ ਦਾ ਖ਼ਜ਼ਾਨਾ ਹੈ, ਗੁਰੂ ਗੋਬਿੰਦ ਸਿੰਘ ਨੂਰ ਦੀ ਮਿਹਰ ਹੈ। ਇਹ ਅਰਥ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਨ :

ਹੱਕ ਰਾ ਗੰਜੂਰ ਗੁਰ ਗੋਬਿੰਦ ਸਿੰਘ
ਜੁਮਲਾ ਫ਼ੈਜ਼ਿ ਨੂਰ ਗੁਰ ਗੋਬਿੰਦ ਸਿੰਘ॥

(ਭਾਈ ਨੰਦ ਲਾਲ ਗ੍ਰੰਥਾਵਲੀ, ਪੰਨਾ-155)

ਭਾਈ ਨੰਦ ਲਾਲ ਜੀ ਦੀ ਗੁਰੂ ਗੋਬਿੰਦ ਸਿੰਘ ਪ੍ਰਤੀ ਇਤਨੀ ਸਮਰਪਣ ਦੀ ਭਾਵਨਾ ਸੀ ਕਿ ਇੱਕ ਜਗ੍ਹਾ ਆਪ ਲਿਖਦੇ ਹਨ ਕਿ ਰੱਬ ਕਰੇ (ਨੰਦ ਲਾਲ) ਦੀ ਜਾਨ ਗੁਰੂ ਗੋਬਿੰਦ ਸਿੰਘ ਤੋਂ ਕੁਰਬਾਨ ਹੋਵੇ, ਰੱਬ ਕਰੇ, ਉਸ ਦਾ ਸੀਸ ਗੁਰੂ ਗੋਬਿੰਦ ਸਿੰਘ ਦੇ ਚਰਨਾਂ `ਤੇ ਟਿਕਿਆ ਰਹੇ। ਅਰਥਾਂ ਦੇ ਮੂਲ ਸ਼ਬਦ ਹਨ :-

ਬਾਦ ਜਾਨਸ਼ ਫ਼ਿਦਾਇ ਗੁਰ ਗੋਬਿੰਦ ਸਿੰਘ
ਫ਼ਰਕਿ ਊ ਬਰ ਪਾਇ ਗੁਰ ਗੋਬਿੰਦ ਸਿੰਘ॥

(ਭਾਈ ਨੰਦ ਲਾਲ ਗ੍ਰੰਥਾਵਲੀ, ਪੰਨਾ-161)

ਭਾਈ ਨੰਦ ਲਾਲ ਜੀ ਗੁਰੂ ਸਾਹਿਬ ਜੀ ਨੂੰ ਪੂਰਨ ਤੌਰ `ਤੇ ਪ੍ਰਣਾਏ ਹੋਏ ਸਨ। ਭਾਈ ਸਾਹਿਬ ਦੀ ਲਿਖਤ ਤੋਂ ਪਤਾ ਚਲਦਾ ਹੈ ਜੋ ਆਪ ਜੀ ਰਚਨਾ ਕਰਦੇ ਸਨ ਉਸ ਰਚਨਾ ਦਾ ਪੂਰਾ ਮਾਣ ਗੁਰੂ ਸਾਹਿਬ ਨੂੰ ਹੀ ਦਿੰਦੇ ਸਨ। ਭਾਈ ਸਾਹਿਬ ਦਾ ਕਥਨ ਹੈ :-

"ਮੇਰੇ ਸਾਹਮਣੇ ਦਸਤਰਖਾਨ ਉੱਤੇ ਇਕ ਕਾਮਲ ਫਕੀਰ ਬੈਠਾ ਹੈ,
ਜਦੋਂ ਉਹ ਕੁਝ ਖਾਂਦਾ ਹੈ ਤੇ ਜੋ ਭੋਰਾ ਕੁ ਜ਼ਮੀਨ ਤੇ ਡਿੱਗਦਾ ਹੈ ਤਾਂ
ਮੈਂ ਉਹ ਚੁੱਕ ਲੈਂਦਾ ਹਾਂ, ਜੇ ਤੁਸੀਂ ਉਸਨੂੰ ਕਵਿਤਾ ਦਾ ਨਾਂ ਦਿੰਦੇ ਹੋ

ਤਾਂ ਮੇਰੇ ਧੰਨ ਭਾਗ।"

(ਤੁਹੀ ਨਿਸ਼ਾਨੀ ਜੀਤ ਕੀ, ਪੰਨਾ-57)

ਗੁਰੂ ਸਾਹਿਬ ਦੀ ਵਰੋਸਾਈ ਹੋਈ ਧਰਤੀ ਅਨੰਦਪੁਰ ਸਾਹਿਬ ਬਾਰੇ ਭਾਈ ਸਾਹਿਬ ਲਿਖਦੇ ਹਨ:-

"ਕਦੀ ਫੁਰਸਤ ਮਿਲੇ ਤਾਂ ਅਨੰਦਪੁਰ ਦੀ ਧਰਤੀ ਤੇ ਜਾਣਾ

ਉਥੋਂ ਦੀਆਂ ਗਲੀਆਂ ਵਿਚ ਮੰਗਤੇ ਵੀ ਬਾਦਸ਼ਾਹੀਆਂ ਵੰਡਦੇ ਫਿਰਦੇ ਹਨ।"

(ਤੁਹੀ ਨਿਸ਼ਾਨੀ ਜੀਤ ਕੀ, ਪੰਨਾ-51)

**2.12.6 ਅਰਜ਼ੁਲ ਅਲਫਾਜ਼**

ਮਸਨਵੀ ਅਰਜ਼ਲ ਅਲਫਾਜ਼ ਵਿਚ ਭਾਈ ਨੰਦ ਲਾਲ ਗੋਯਾ ਨੇ ਫਾਰਸ਼ੀ ਅਤੇ ਅਰਬੀ ਲਫਜ਼ਾਂ ਦੀਆਂ ਤਰਕੀਬਾਂ ਅਤੇ ਇਕ ਬਹੁਤ ਵੱਡਾ ਖਜ਼ਾਨਾ ਦਿੱਤਾ ਹੈ। ਬਹੁਵਚਨ ਤੋਂ ਬਹੁਵਚਨ ਲਫਜਾਂ ਨੂੰ ਨਿਵੇਕਲੇ ਢੰਗ ਨਾਲ ਤਰਤੀਬ ਦੇ ਰਾਹੀਂ ਰੱਬ ਦੀ ਵਡਿਆਈ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜਿਹੜੇ ਆਸ਼ਿਕਾਂ ਦੇ ਮੁਰਸ਼ਿਦੇ ਆਖੇ ਜਾਂਦੇ ਹਨ , ਦੀ ਵੀ ਤਾਰੀਫ ਕੀਤੀ ਗਈ ਹੈ। ਨਫਜ਼ ਅਤੇ ਰੂਹ , ਤਾਰਿਆਂ ਦਾ ਇਲਮ ਅਤੇ ਸੱਤੇ ਅਸਮਾਨਾਂ ਦੇ ਮਜ਼ਮੂਨ ਨੂੰ ਵੀ ਉਘਾੜਿਆ ਗਿਆ ਹੈ। ਦੀਨੀ ਵਿਦਿਆਰਥੀਆਂ ਅਤੇ ਫਲਸਫਿਆਂ ਦੇ ਸਿਧਾਂਤਾਂ ਦਾ ਇਕ ਵੱਡਾ ਖਜ਼ਾਨਾ ਹੈ

**2.12.7 ਖਾਤਮਾ**

ਗੱਦ ਦੀ ਕਿਤਾਬ ਤੌਸੀਫ਼ - ਓ - ਸਨਾ ਦੇ ਅੰਤਲੇ 21 ਸ਼ੇਅਰਾਂ ' ਤੇ ਆਧਾਰਿਤ ਹੈ , ਨਜ਼ਮ ਤੇ ਖਤਮ ਕੀਤੀ ਗਈ ਹੈ , ਇਨ੍ਹਾਂ ਸ਼ੇਅਰਾਂ ਵਿਚ ਸਾਧ ਸੰਗਤ , ਗੁਰੂ ਦਾ ਖਾਲਸਾ ਦਾ ਉੱਚਾ ਰੁਤਬਾ ਦੱਸਿਆ ਗਿਆ ਹੈ ਅਤੇ ਸਾਧ ਸੰਗਤ ਦੀ ਸਿਫਤ ਬਿਆਨ ਕੀਤੀ ਗਈ ਹੈ।

**2.12.8 ਤੌਸ਼ੀਫ਼ - ਓ - ਸਨਾ**

ਇਸ ਵਿਚ ਰੱਬ ਦੀ ਉਸਤਤ ਅਤੇ ਵਡਿਆਈ ਦਾ ਜ਼ਿਕਰ ਹੈ। ਆਪਣੇ ਕਾਮਿਲ ਮੁਰਸ਼ਿਦ ਦੀ ਗੱਦ ਵਿਚ ਵੱਡਿਆਈ ਕੀਤੀ ਗਈ ਹੈ। ਲੇਖਕ ਨੇ ਆਪਣੇ ਮਾਲਿਕ - ਏ - ਹਕੀਕੀ ਦੀ ਵੀ ਪ੍ਰਸ਼ੰਸਾ ਕੀਤੀ ਹੈ। ਸ਼ਰਧਾ ਅਤੇ ਮੁਹੱਬਤ ਵਿਚ ਫਾਰਸੀ ਅਤੇ ਅਰਬੀ ਤਰਕੀਬਾਂ ਦੀ ਸ਼ਕਲ ਉੱਭਰ ਕੇ ਆਉਂਦੀ ਹੈ। ਫਾਰਸੀ ਅਤੇ ਅਰਬੀ ਦੇ ਬੋਝਲ ਲਫਜ਼ਾਂ ਦੀ ਭਰਮਾਰ ਤੋਂ ਇਹ ਸਿੱਧ ਹੁੰਦਾ ਹੈ ਕਿ ਭਾਈ ਨੰਦ ਲਾਲ ਗੋਯਾ ਨੂੰ ਫਾਰਸੀ ਅਤੇ ਅਰਬੀ ਜ਼ੁਬਾਨਾਂ ਤੇ ਮੁਹਾਰਤ ਹਾਸਲ ਸੀ।

**2.12.9 ਦਸਤੂਰ - ਉਲ - ਇਨਸ਼ਾ**

ਇਹ ਭਾਈ ਨੰਦ ਲਾਲ ਗੋਯਾ ਦੇ ਖਤਾਂ ਦਾ ਸੰਗ੍ਰਹਿ ਹੈ ਜਿਹੜਾ ਭਾਈ ਸਾਹਿਬ ਨੇ ਸਮੇਂ - ਸਮੇਂ ਆਪਣੇ ਅਜ਼ੀਜ਼ ਦੋਸਤਾਂ ਤੇ ਸ਼ਾਗਿਰਦਾਂ ਨੂੰ ਲਿਖੇ ਸਨ। ਲਾਲਾ ਪਰਮਾਨੰਦ ਅਰੋੜਾ ਨੇ ਦਸਤੂਰੁਲ - ਇਨਸ਼ਾ ਦਾ ਨੁਸਖਾ ਭਾਈ ਸਾਹਿਬ ਦੇ ਖਾਨਦਾਨ ਤੋਂ ਲੈ ਕੇ ਬਿਆਨ ਕੀਤਾ ਹੈ। ਇਸ ਅਨੁਸਾਰ ਦਸਤੂਰਲ ਇਨਸ਼ਾ , ਤਵਾਰੀਖੇ ਮੁਲਤਾਨ ਅਤੇ ਪੰਜਾਬ ਸੰਬੰਧੀ ਬਹੁਤ ਵੱਡਾ ਖਜ਼ਾਨਾ ਹੈ। ਇਹ ਲਿਖਤਾਂ ਸਿਰਫ ਦੇਸ਼ ਦੇ ਰਾਜਨੀਤਿਕ - ਸਮਾਜਿਕ - ਸੰਸਕ੍ਰਿਤਿਕ ਮਾਮਲਿਆਂ ਤੇ ਹੀ ਰੌਸ਼ਨੀ ਨਹੀਂ ਪਾਉਂਦੀਆਂ ਹਨ ਸਗੋਂ ਖੁਦ ਭਾਈ ਨੰਦ ਲਾਲ ਗੋਯਾ ਦੀ ਜ਼ਿੰਦਗੀ ਦੇ ਉਤਰਾਅ ਚੜਾਅ ਦਾ ਵੀ ਇੰਨ - ਬਿੰਨ ਨਕਸ਼ਾ ਸਾਡੇ ਸਾਹਮਣੇ ਪੇਸ਼ ਕਰਦੀਆਂ ਹਨ। ਪਰ ਅਫਸੋਸ ਇਸ ਗੱਲ ਦਾ ਹੈ ਕਿ ਲਾਲਾ ਪਰਮਾਨੰਦ ਦਾ ਵੇਖਿਆ ਹੋਇਆ ਨੁਸਖਾ ਹੁਣ ਨਹੀਂ ਮਿਲਦਾ , ਜਿਹੜੀ ਨਕਲ ਕੁਲੀਯਾ ਤੇ ਭਾਈ ਨੰਦ ਲਾਲ ਗੋਯਾ ( ਸੰਪਾਦਕ ਗੰਡਾ ਸਿੰਘ ) ਵਿਚ ਦਰਜ ਹੈ , ਉਹ ਅਧੂਰੀ ਹੈ।

ਭਾਈ ਨੰਦ ਲਾਲ ਜੀ ਆਪਣੀਆਂ ਰਚਨਾਵਾਂ ਤੇ ਗੁਰੂ ਘਰ ਪ੍ਰਤੀ ਪ੍ਰੇਮ ਦੇ ਕਾਰਨ ਸਦਾ ਲਈ ਅਮਰ ਹਨ। ਅਜਿਹੀਆਂ ਰੂਹਾਨੀ ਸਿੱਖਿਆ ਭਰਪੂਰ ਭਾਈ ਸਾਹਿਬ ਦੀਆਂ 10 ਰਚਨਾਵਾਂ ਹਨ, ਜਿਨ੍ਹਾਂ ਤੋਂ ਅਧਿਆਤਮਿਕ ਰਹੱਸ, ਗੁਰੂ ਪ੍ਰਤੀ ਸ਼ਰਧਾ, ਸੇਵਾ ਭਾਵਨਾ, ਪ੍ਰੇਮ ਬੈਰਾਗ ਅਦਿਕ ਸ਼ੁਭ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ। ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਇਲਾਵਾ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਕੀਰਤਨ ਕੀਤਾ ਜਾਂਦਾ ਹੈ ਉਸੇ ਤਰ੍ਹਾਂ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦਾ ਕੀਰਤਨ ਕਰਨਾ ਵੀ ਪੰਥ ਪ੍ਰਵਾਨਿਤ ਹੈ।

### 2.13 ਸ਼ਖ਼ਸੀਅਤ

ਭਾਈ ਨੰਦ ਲਾਲ ਗੋਯਾ ਜੀ ਦੀ ਸ਼ਖ਼ਸੀਅਤ ਬਹੁਤ ਸਾਰੀਆਂ ਸਿਫਤਾਂ ਭਰੀ ਸੀ। ਇਨ੍ਹਾਂ ਦਾ ਕਲਾਮ ਅਤੇ ਬਿਆਨ ਆਪਣੀ ਮਿਸਾਲ ਆਪ ਸੀ। ਇਨ੍ਹਾਂ ਅਰਕਾਂ ਦੇ ਬਾਗ ਵਿਚ ਅਜਿਹੇ ਸੁਹਾਵਣੇ ਫੁੱਲ ਉਗਾਏ ਸਨ ਜਿਨ੍ਹਾਂ ਨੂੰ ਪੱਤਝੜ ਦਾ ਡਰ ਨਹੀਂ ਸੀ , ਸਗੋਂ ਸਦਾ ਬਾਹਾਰ ਫੁੱਲ ਸਨ। ਸ਼ਾਇਰੀ ਦੇ ਬਾਗ ਵਿਚ ਆਬ - ਏ - ਹਯਾਤ ਦੇ ਚਸ਼ਮੇ ਬਹਾ ਦਿੱਤੇ ਸਨ। ਆਪ ਦਾ ਕਲਾਮ ਅਤੇ ਆਲਿਮ ਫਾਜ਼ਿਲ ਸੀ। ਗੁਰੂ ਗੋਬਿੰਦ ਸਾਹਿਬ ਦੀ ਬੇਪਨਾਹ ਮੁਹੱਬਤ ਉਨ੍ਹਾਂ ਨਾਲ ਸੀ। ਉਨ੍ਹਾਂ ਹਰੇਕ ਲਫਜ਼ ਮੁਰਸ਼ਦ ਕਾਮਿਲ ਦੀ ਮੁਹੱਬਤ , ਸ਼ਰਧਾ ਅਤੇ ਪਿਆਰ ਦਾ ਸਬੂਤ ਸੀ। ਹਰ ਸ਼ੇਅਰ ਦਿਲੋਂ ਝਲਕ ਰਿਹਾ ਸੀ। ਜਿੱਥੇ ਸ਼ੇਅਰਾਂ ਵਿਚ ਆਪ ਨੇ ਕਮਾਲ ਲਿਖਿਆ , ਉਥੇ ਕੁਦਰਤ ਨੇ ਆਪ ਨੂੰ ਨਰਮ ਸੁਭਾਅ , ਸੱਚਾਈ , ਸਾਦਗੀ ਅਤੇ ਸਮਝ ਦੀ ਦੌਲਤ ਨਾਲ ਮਾਲਾ - ਮਾਲ ਕੀਤਾ ਸੀ। ਬੰਦਗੀ ਅਤੇ ਮਾਲਿਕ ਦੀ ਆਗਿਆਕਾਰੀ ਦੀ ਦੌਲਤ ਨਾਲ ਭਰਪੂਰ ਸਨ। ਉਨ੍ਹਾਂ ਦੇ ਮੂੰਹੋਂ ਹੱਕ - ਸੱਚ ਦੀ ਆਵਾਜ਼ ਨਿਕਲਦੀ ਸੀ। ਹਰ ਕੰਮ ਨਫਸ ਦੇ ਵਿਰੁੱਧ ਕਰਨ ਦਾ ਯਤਨ ਕਰਦੇ ਸਨ। ਉਨ੍ਹਾਂ ਨੇ ਆਪਣੇ ਜੀਵਨ ਦੇ ਰਸਤੇ ਵਿਚ ਲੱਖਾਂ ਚਿਰਾਗ ਰੋਸ਼ਨ ਕਰ ਦਿੱਤੇ , ਜਿਨ੍ਹਾਂ ਦੀ ਰੋਸ਼ਨੀ ਹਨੇਰੀ ਵਿਚ ਡੁੱਬੀ ਲੋਕਾਈ ਮੰਜ਼ਿਲ ਤੱਕ ਪਹੁੰਚ ਸਕੀ। ਭਾਈ ਨੰਦ ਲਾਲ ਗੋਯਾ ਦੇ ਸਦਾਚਾਰ ਅਤੇ ਅਖਲਾਕ ਨਿਵੇਕਲੇ ਸਨ। ਉਹ ਬਹੁਤ ਸਾਰੀਆਂ ਚੰਗੀਆਂ ਖੂਬੀਆਂ ਦੇ ਮਾਲਕ ਸਨ। ਇਸੇ ਕਰਕੇ ਹਰੇਕ ਧਰਮ ਦੇ ਲੋਕ ਆਪ ਨੂੰ ਪਸੰਦ ਕਰਦੇ ਹਨ। ਆਪ ਰੱਬ ਨੂੰ ਪ੍ਰਾਪਤ ਕਰਨ ਲਈ ਆਪਣੇ ਆਪ ਨੂੰ ਮਿਟਾਉਣ ਲਈ ਵੀ ਤਿਆਰ ਹਨ। ਮੁਕੰਮਲ ਉਸਤਾਦ ਦੀ ਨਜ਼ਰ ਨੇ ਇਨ੍ਹਾਂ ਨੂੰ ਹਰ ਖੇਤਰ ਵਿਚ ਕਾਮਯਾਬੀ ਨਾਲ ਨਿਵਾਜਿਆ

। ਉਨ੍ਹਾਂ ਵਿਚ ਨਿਮਰਤਾ ਅਤੇ ਨਿਮਾਣਾਪਣ ਵੀ ਸੀ, ਉਹ ਖੁਦ ਫਰਮਾਉਂਦੇ ਹਨ ਕਿ " ਮੈਂ ਤਾਂ ਇੱਕ ਮੁੱਠੀ ਭਰ ਖਾਕ ਹਾਂ, ਇਹ ਸਾਰੀ ਦੌਲਤ ਮੇਰੇ ਕਾਮਿਲ ਮੁਰਸ਼ਿਦ ਦੀ ਮਿਹਰਬਾਨੀ ਨਾਲ ਹੀ ਮਿਲੀ ਹੈ ।

### 2.14 ਸਾਰ

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਪਾਤਸ਼ਾਹ ਦੇ ਦਰਬਾਰ ਵਿਚ 52 ਕਵੀਆਂ ਵਿਚੋਂ ਭਾਈ ਨੰਦ ਲਾਲ ਜੀ ਦਾ ਨਿਵੇਕਲਾ ਸਥਾਨ ਸੀ। ਉਹ ਗੁਰੂ ਪਾਤਸ਼ਾਹ ਦੇ ਅਨਿੰਨ ਸੇਵਕ ਤੇ ਗੁਰਸਿੱਖ ਸਨ। ਆਪ ਦੀਆਂ ਰਚਨਾਵਾਂ ਦਾ ਅੱਜ ਵੀ ਦਰਬਾਰ ਸਾਹਿਬ (ਸ੍ਰੀ ਹਰਿਮੰਦਰ ਸਾਹਿਬ) ਵਿਚ ਕੀਰਤਨ ਕੀਤਾ ਜਾਂਦਾ ਹੈ। ਖੁਦਾ ਨੂੰ ਪਿਆਰ ਕਰਨ ਵਾਲੇ ਲੋਕ ਭਾਵੇਂ ਉਹ ਕਿਸੇ ਵੀ ਧਰਮ ਨਾਲ ਸੰਬੰਧਿਤ ਹੋਣ, ਆਪ ਦੀਆਂ ਰਚਨਾਵਾਂ ਸਭ ਲਈ ਜ਼ਿੰਦਗੀ ਵੰਡਦੀਆਂ ਹਨ। ਆਪ ਦੀਆਂ ਲਿਖਤਾਂ ਵਿਚੋਂ ਗੁਰੂ ਪ੍ਰਤੀ ਪਿਆਰ, ਸ਼ਰਧਾ ਅਤੇ ਮੁਹੱਬਤ ਆਪ ਮੁਹਾਰੇ ਹੀ ਜ਼ਾਹਿਰ ਹੋ ਜਾਂਦੀ ਹੈ। ਅਜਿਹੇ ਪਿਆਰ ਦੇ ਸੋਮੇ ਸਦਾ ਲਈ ਧਰਮ ਦੇ ਮਾਰਗ ਦੇ ਚੱਲਣ ਵਾਲਿਆਂ ਲਈ ਪ੍ਰੇਰਣਾ ਸ੍ਰੋਤ ਬਣਦੇ ਹਨ।

### 2.15 ਪੜ੍ਹਣਯੋਗ ਪੁਸਤਕਾਂ


- ਗੰਡਾ ਸਿੰਘ, ਭਾਈ ਨੰਦ ਲਾਲ ਗ੍ਰੰਥਾਵਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ
- ਰਜਿੰਦਰ ਕੌਰ ਰੋਹੀ, ਭਾਈ ਨੰਦ ਲਾਲ ਗੋਯਾ ਜੀਵਨ ਅਤੇ ਸ਼ਖਸੀਅਤ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਸੈਮੀਨਾਰ।
- ਅਮਰਜੀਤ ਸਿੰਘ ਅਮਰ ਅਤੇ ਤਰਿੰਦਰ ਸਿੰਘ, (ਸੰਪਾ.) ਭਾਈ ਨੰਦ ਲਾਲ ਗੋਯਾ (ਜੀਵਨ, ਰਚਨਾ ਤੇ ਕਾਵਿ-ਉਸਤਤ), ਭਾਈ ਨੰਦ ਲਾਲ ਚੈਰੀਟੇਬਲ ਟਰੱਸਟ, ਨਵੀਂ ਦਿੱਲੀ,
- ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ
- ਪਿਆਰਾ ਸਿੰਘ ਪਦਮ, ਕਲਾਮ ਭਾਈ ਨੰਦ ਲਾਲ, ਕਲਮ ਮੰਦਿਰ ਲੋਯਰ ਮਾਲ, ਪਟਿਆਲਾ
- ਪ੍ਰਿੰਸੀਪਲ ਗੰਗਾ ਸਿੰਘ ਜੀ, ਪ੍ਰੀਤਿ-ਰੀਤਿ ਗਜ਼ਲਾਂ ਭਾਈ ਨੰਦ ਲਾਲ ਜੀ (ਸਟੀਕ),ਭਾ. ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੰ, ਅੰਮ੍ਰਿਤਸਰ
- ਰੂਪ ਸਿੰਘ (ਡਾ.), ਭਾਈ ਨੰਦ ਲਾਲ ਜੀ ਜੀਵਨ ਤੇ ਰਚਨਾ, ਸ਼੍ਰੋਮਣੀ ਗੁਰਦੁਆਰਾ, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ
- Hari Ram Gupta, History of the Sikh Gurus, Kapoor & Sons, Publication, New Delhi.
- Ujagar Singh Bawa, Biography and Writings Bhai Nand lal ji, The Washington Sikh Centre. USA

# ONE YEAR DIPLOMA IN SIKH THEOLOGY

## SEMESTER I

## COURSE: SIKH THEOLOGIAN

## UNIT:3 BHAI SANTOKH SINGH

**STRUCTURE**

3.0 ਉਦੇਸ਼

3.1 ਜਾਣ-ਪਛਾਣ

3.2 ਜਨਮ, ਮਾਤਾ-ਪਿਤਾ ਅਤੇ ਵਿਦਿਆ ਪ੍ਰਾਪਤੀ

3.3 ਬੂੜੀਆ ਨਿਵਾਸ

3.4 ਵਿਆਹ ਅਤੇ ਸੰਤਾਨ

3.5 ਆਰਥਿਕ ਤੰਗੀ ਦਾ ਸਮਾਂ

3.6 ਪਟਿਆਲੇ ਵਿਚ

3.7 ਕੈਥਲ ਰਿਆਸਤ ਵਿਚ ਮਾਣ ਸਨਮਾਨ ਵਾਲਾ ਜੀਵਨ

3.8 ਸ੍ਰੀ ਹਰਿਮੰਦਰ ਸਾਹਿਬ ਦੀ ਅੰਤਿਮ ਯਾਤਰਾ

3.9 ਅਕਾਲ ਚਲਾਣਾ

3.10 ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ

- 3.10.1 ਨਾਮ ਕੋਸ਼
- 3.10.2 ਸ੍ਰੀ ਗੁਰ ਨਾਨਕ ਪ੍ਰਕਾਸ਼
- 3.10.3 ਗਰਬ ਗੰਜਨੀ ਟੀਕਾ
- 3.10.4 ਬਾਲਮੀਕੀ ਰਾਮਾਇਣ (ਅਨੁਵਾਦਿਤ)
- 3.10.5 ਆਤਮ ਪੁਰਾਣ ਦਾ ਟੀਕਾ
- 3.10.6 ਗੁਰ ਪ੍ਰਤਾਪ ਸੂਰਜ ਗ੍ਰੰਥ

3.11 ਭਾਈ ਸੰਤੋਖ ਸਿੰਘ ਦੀ ਸ਼ਖ਼ਸੀਅਤ

- 3.11.1 ਸਿੱਖੀ ਜੀਵਨ ਵਾਲੀ ਇਕ ਅਧਿਆਤਮਵਾਦੀ ਆਤਮਾ
- 3.11.2 ਗੁਰੂ ਅਤੇ ਗੁਰਬਾਣੀ ਨਾਲ ਪਿਆਰ ਕਰਨ ਵਾਲੇ
- 3.11.3 ਮਿਹਨਤੀ ਅਤੇ ਹੌਸਲੇ ਨਾਲ ਭਰਪੂਰ
- 3.11.4. ਉੱਚ ਕੋਟੀ ਦੇ ਕਵੀ
- 3.11.5 ਇਤਿਹਾਸਕਾਰ ਵੱਜੋਂ
- 3.11.6 ਇਕ ਸੁਚੱਜੇ ਪੇਸ਼ਕਾਰ
- 3.11.7 ਦਾਰਸ਼ਨਿਕ ਅਤੇ ਵਿਆਖਿਆਕਾਰ ਵਜੋਂ

3.11.8 ਅਹਿਸਾਨ ਪ੍ਰਸਤ ਅਤੇ ਇਨਸਾਨੀ ਗੁਣਾਂ ਦੀ ਕਦਰ ਕਰਨ ਵਾਲੇ

3.11.9 ਨਿਮਰਤਾ ਦੇ ਧਾਰਨੀ

3.12 ਸਾਰ

3.13 ਪੜ੍ਹਣਯੋਗ ਪੁਸਤਕਾਂ

## 3.0 ਉਦੇਸ਼

ਹੱਥਲੇ ਵਿਸ਼ੇ ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਰਚਨਾਕਾਰ ਮਹਾਂਕਵੀ ਭਾਈ ਸੰਤੋਖ ਸਿੰਘ ਸੰਬੰਧੀ ਚਰਚਾ ਕੀਤੀ ਗਈ ਹੈ। ਇਸ ਦਾ ਉਦੇਸ਼ ਭਾਈ ਸੰਤੋਖ ਸਿੰਘ ਦੇ ਗੁਰ ਇਤਿਹਾਸ ਨੂੰ ਸਮਰਪਿਤ ਜੀਵਨ, ਉਨ੍ਹਾਂ ਦੀਆਂ ਉੱਚ ਪੱਧਰ ਦੀਆਂ ਸਾਹਿਤਿਕ ਰਚਨਾਵਾਂ ਅਤੇ ਸਖ਼ਸ਼ੀਅਤ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ ਤਾਂ ਕਿ ਉਨ੍ਹਾਂ ਦੀ ਸਿੱਖੀ ਭਾਵਨਾ ਅਤੇ ਰਚਨਾਤਮਕ ਦੇਣ ਨੂੰ ਪਾਠਕ੍ਰਮ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਕੀਤਾ ਜਾ ਸਕੇ।

## 3.1 ਜਾਣ-ਪਛਾਣ

ਭਾਈ ਸੰਤੋਖ ਸਿੰਘ ਦਾ ਨਾਮ ਸਿੱਖ ਜਗਤ ਵਿਚ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ ਜਿਨ੍ਹਾਂ ਨੂੰ ਉਨ੍ਹਾਂ ਦੇ ਗੁਰੂ ਇਤਿਹਾਸ ਨਾਲ ਸੰਬੰਧਿਤ ਇਤਿਹਾਸਿਕ ਕਾਵਿ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਲਈ ਵਿਸ਼ੇਸ਼ ਤੌਰ ਤੇ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਸਤਿਕਾਰ ਅਤੇ ਰੁਤਬੇ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਮਹਾਂਕਵੀ ਅਤੇ ਚੂੜਾਮਣੀ ਦੀਆਂ ਉਪਾਧੀਆਂ ਨਾਲ ਸਤਿਕਾਰਿਆ ਜਾਂਦਾ ਹੈ। ਸਿੱਖ ਧਰਮ ਦੇ ਸ਼ਰਧਾਵਾਨਾਂ ਲਈ ਉਨ੍ਹਾਂ ਦੀ ਰਚਨਾ ਗੁਰੂ ਸਾਹਿਬਾਨ ਦੇ ਜੀਵਨ ਦੀ ਕਥਾ ਦੇ ਇਤਿਹਾਸਿਕ ਗ੍ਰੰਥ ਵਜੋਂ ਇਕ ਵਿਸ਼ੇਸ਼ ਦਰਜਾ ਰੱਖਦੀ ਹੈ।

ਭਾਈ ਸੰਤੋਖ ਸਿੰਘ ਦਾ ਜੀਵਨ, ਅਣਥੱਕ ਮਿਹਨਤ ਅਤੇ ਲਗਨ ਵਾਲਾ ਆਦਰਸ਼ਕ ਜੀਵਨ ਹੈ ਜਿਸ ਵਿੱਚੋਂ ਸਿੱਖੀ ਆਦਰਸ਼ ਦੇ ਝਲਕਾਰੇ ਪ੍ਰਾਪਤ ਹੁੰਦੇ ਹਨ। ਉਨ੍ਹਾਂ ਨੇ ਗੁਰੂ ਜੱਸ ਦੀ ਇੱਛਾ ਪੂਰਤੀ ਵਜੋਂ ਸਿੱਖ ਧਰਮ ਨੂੰ ਕਈ ਸਾਲਾਂ ਦੀ ਮਿਹਨਤ ਤੋਂ ਬਾਅਦ ਇਕ ਇਤਿਹਾਸਿਕ ਕਾਵਿ ਭੇਟਾ ਕੀਤਾ। ਇਸ ਰਚਨਾ ਦੀ ਮੁਕੰਮਲਤਾ ਲਈ ਉਨ੍ਹਾਂ ਨੂੰ ਕਈ ਪ੍ਰਕਾਰ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ ਪਰ ਉਹ ਆਪਣੇ ਉਦੇਸ਼ ਤੋਂ ਨਹੀਂ ਥਿੜਕੇ ਅਤੇ ਗੁਰੂ ਆਸਰੇ ਰਾਹੀਂ ਨਿਰੰਤਰ ਚੱਲਦੇ ਰਹੇ। ਇਸ ਅਟੁੱਟ ਸਿਦਕ ਅਤੇ ਅਣਥੱਕ ਮਿਹਨਤ ਦਾ ਨਤੀਜਾ ਵਿਸ਼ਾਲ ਇਤਿਹਾਸਿਕ ਕਾਵਿ ਦੇ ਖਜ਼ਾਨੇ ਦੇ ਰੂਪ ਵਿਚ ਸਾਡੇ ਸਾਹਮਣੇ ਹੈ।

## 3.2 ਜਨਮ, ਮਾਤਾ-ਪਿਤਾ ਅਤੇ ਵਿਦਿਆ ਪ੍ਰਾਪਤੀ

ਭਾਈ ਸੰਤੋਖ ਸਿੰਘ ਦਾ ਜਨਮ 22 ਸਤੰਬਰ, 1787 ਈ. ਨੂੰ ਨੂਰ ਦੀ ਸਰਾਂ (ਅੱਜ ਕੱਲ੍ਹ ਕਿਲ੍ਹਾ ਭਾਈ ਸੰਤੋਖ ਸਿੰਘ, ਜ਼ਿਲ੍ਹਾ ਤਰਨ ਤਾਰਨ) ਵਿਚ ਪਿਤਾ ਦੇਵਾ ਸਿੰਘ ਦੇ ਘਰ ਮਾਤਾ ਰਾਜ ਦੇਈ/ਰਾਇਜ਼ਾਦੀ ਦੀ ਕੁੱਖੋਂ ਹੋਇਆ। ਵਰਣ ਵੰਡ ਪੱਖੋਂ ਭਾਈ ਸੰਤੋਖ ਸਿੰਘ ਦੇ ਛੀਂਬਾ ਜਾਤ ਅਤੇ ਕਰੀਰ ਗੋਤ ਨਾਲ ਸੰਬੰਧਿਤ ਸਨ।

ਕਵੀ ਜੀ ਦੇ ਪਿਤਾ ਭਾਈ ਦੇਵਾ ਸਿੰਘ ਵਿੱਦਿਆ ਦੇ ਪ੍ਰੇਮੀ ਅਤੇ ਜਾਣਕਾਰ ਸਨ ਜੋ, ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਸੰਤ ਕਰਮ ਸਿੰਘ ਨਿਰਮਲੇ ਦੀ ਸੰਗਤ ਕਰਨ ਕਰਕੇ ਗੁਰਬਾਣੀ ਅਤੇ ਵੇਦਾਂਤ ਦਾ ਗਿਆਨ ਰੱਖਦੇ ਸਨ। ਭਾਈ ਸੰਤੋਖ ਸਿੰਘ ਦੀ ਮੁੱਢਲੀ ਵਿੱਦਿਆ ਘਰ ਵਿਚ ਹੀ ਉਨ੍ਹਾਂ ਦੇ ਪਿਤਾ ਭਾਈ ਦੇਵਾ ਸਿੰਘ ਦੀ ਦੇਖ ਰੇਖ ਵਿਚ ਆਰੰਭ ਹੋਈ। ਅਗਲੇਰੀ ਵਿੱਦਿਆ ਲਈ ਭਾਈ ਦੇਵਾ ਸਿੰਘ ਨੇ ਗਿਆਰਾਂ ਸਾਲ ਦੀ ਉਮਰ ਵਿਚ ਇਨ੍ਹਾਂ ਨੂੰ ਗਿਆਨੀ ਸੰਤ ਸਿੰਘ ਕੋਲ ਅੰਮ੍ਰਿਤਸਰ ਭੇਜਿਆ ਜਿੱਥੇ ਕਵੀ ਜੀ ਨੇ ਆਪਣਾ ਪਹਿਲਾ ਨਿਵਾਸ ਆਪਣੇ ਚਾਚਾ ਰਾਮ ਸਿੰਘ ਕੋਲ ਕਟੜਾ ਨਿਹਾਲ ਸਿੰਘ ਵਿਚ ਰੱਖਿਆ ਅਤੇ ਬਾਅਦ ਵਿਚ ਪੱਕੇ ਤੌਰ 'ਤੇ ਗਿਆਨੀਆਂ ਦੇ ਬੁੰਗੇ ਵਿਚ ਰਹਿੰਦੇ ਰਹੇ। ਭਾਈ ਸੰਤੋਖ ਸਿੰਘ ਦਾ ਆਪਣੇ ਵਿੱਦਿਆ ਦਾਤਾ ਗਿਆਨੀ ਸੰਤ ਸਿੰਘ ਪ੍ਰਤੀ ਮਨ ਵਿਚ ਅਥਾਹ ਸਤਿਕਾਰ ਸੀ ਜੋ ਉਨ੍ਹਾਂ ਦੀ ਰਚਨਾਵਾਂ ਵਿੱਚੋਂ ਪ੍ਰਗਟ ਹੋ ਜਾਂਦਾ ਹੈ।

ਗਿਆਨੀ ਸੰਤ ਸਿੰਘ (1768-1832 ਈ.) ਆਪਣੇ ਸਮੇਂ ਦੀ ਇਕ ਪ੍ਰਤਿਭਾਸ਼ਾਲੀ ਗੁਣੀ ਗਿਆਨੀ ਸ਼ਖ਼ਸੀਅਤ ਅਤੇ ਸਿੱਖ ਪੰਥ ਦੇ ਉੱਘੇ ਵਿਦਵਾਨ ਹੋਏ ਹਨ ਜਿਨ੍ਹਾਂ ਦਾ ਸਿੱਖ ਸੰਗਤਾਂ ਵਿਚ ਅਥਾਹ ਸਤਿਕਾਰ ਸੀ। ਅਜਿਹੇ ਗੁਣੀ ਗਿਆਨੀ ਵਿਦਿਆ ਦਾਤੇ ਦੀ ਸੰਗਤ ਵਿਚ ਰਹਿ ਕੇ ਭਾਈ ਸੰਤੋਖ ਸਿੰਘ ਇਕ ਹੀਰੇ ਵਾਂਗ ਤਰਾਸ਼ੇ ਗਏ ਅਤੇ ਪੰਥ ਦੀਆਂ ਬਹੁਮੁੱਲੀਆਂ ਸੇਵਾਵਾਂ ਕੀਤੀਆਂ।

ਕਵੀ ਜੀ ਨੇ ਗਿਆਨੀ ਸੰਤ ਸਿੰਘ ਪਾਸੋਂ ਕਿਹੜੀ-ਕਿਹੜੀ ਵਿੱਦਿਆ ਪੜ੍ਹੀ, ਇਸ ਸੰਬੰਧੀ ਸਪਸ਼ਟ ਰੂਪ ਵਿਚ ਕੋਈ ਪ੍ਰਤੱਖ ਸੰਕੇਤ ਪ੍ਰਾਪਤ ਨਹੀਂ ਹੁੰਦੇ। ਉਨ੍ਹਾਂ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਇਹ ਗੱਲ ਪ੍ਰਤੱਖ ਹੋ ਜਾਂਦੀ ਹੈ ਕਿ ਭਾਈ ਸੰਤੋਖ ਸਿੰਘ ਨੂੰ ਗੁਰਮਤਿ ਦਰਸ਼ਨ, ਵੇਦਾਂਤ ਦਰਸ਼ਨ, ਜੋਤਿਸ਼ ਸ਼ਾਸਤਰ, ਕਾਵਿ ਕਲਾ (ਪਿੰਗਲ, ਛੰਦ, ਰਸ, ਅਲੰਕਾਰ), ਵੇਦਾਂਤਕ ਕਥਾ ਕਹਾਣੀਆਂ ਆਦਿ ਬਾਰੇ ਭਰਪੂਰ ਗਿਆਨ ਸੀ। ਡਾ. ਰੁਪਿੰਦਰ ਕੌਰ ਕਾਹਲੋਂ ਨੇ ਗਿਆਨੀ ਸੇਵਾ ਸਿੰਘ ਤਰਨ ਤਾਰਨ ਵਾਲਿਆਂ ਦੇ ਹਵਾਲੇ ਨਾਲ ਇਹ ਤੱਥ ਪੇਸ਼ ਕੀਤਾ ਹੈ ਕਿ ਕਵੀ ਜੀ ਨੇ ਗਿਆਨੀ ਸੰਤ ਸਿੰਘ ਪਾਸੋਂ ਕਾਵਿ, ਪਰਯਾਯ, ਰਸਿਕ ਪ੍ਰਿਯ, ਅਲੰਕਾਰ, ਸੁਧਾ ਸਾਗਰ, ਰਸ ਪ੍ਰਬੋਧ, ਛੰਦ ਦਰਪਣ ਤੇ ਚਿੱਤਰ ਬਿਲਾਸ ਆਦਿ ਗ੍ਰੰਥਾਂ ਦਾ ਬੋਧ ਪ੍ਰਾਪਤ ਕੀਤਾ।

ਕੁੱਝ ਵਿਦਵਾਨਾਂ ਨੇ ਇਹ ਗੱਲ ਵੀ ਲਿਖੀ ਹੈ ਕਿ ਭਾਈ ਸੰਤੋਖ ਸਿੰਘ ਨੇ ਸੰਸਕ੍ਰਿਤ ਦੀ ਵਿੱਦਿਆ ਪੰਜ ਸਾਲ ਕਾਸ਼ੀ ਵਿਚ ਰਹਿ ਕੇ ਪ੍ਰਾਪਤ ਕੀਤੀ ਹੈ ਜੋ ਕਿ ਠੀਕ ਨਹੀਂ ਜਾਪਦੀ ਕਿਉਂਕਿ ਉਨ੍ਹਾਂ ਦੇ ਵਿੱਦਿਅਕ ਗੁਰੂ ਦੇ ਸੰਸਕ੍ਰਿਤ ਭਾਸ਼ਾ ਵਿਚ ਮਾਹਿਰ ਹੋਣ ਦੀ ਸੂਰਤ ਵਿਚ ਉਨ੍ਹਾਂ ਨੂੰ ਕਾਸ਼ੀ ਜਾ ਕੇ ਸੰਸਕ੍ਰਿਤ ਪੜ੍ਹਨ ਦੀ ਜ਼ਰੂਰਤ ਨਹੀਂ ਸੀ। ਬਾਕੀ ਵਿੱਦਿਆ ਵਾਂਗ ਸੰਸਕ੍ਰਿਤ ਦੀ ਵਿੱਦਿਆ ਵੀ ਉਨ੍ਹਾਂ ਨੇ ਆਪਣੇ ਗੁਰੂ ਗਿਆਨੀ ਸੰਤ ਸਿੰਘ ਪਾਸੋਂ ਹੀ ਪ੍ਰਾਪਤ ਕੀਤੀ।

### 3.3 ਬੂੜੀਆ ਨਿਵਾਸ

ਲਗ-ਪਗ ਪੰਦਰਾਂ ਸਾਲ ਗਿਆਨੀ ਸੰਤ ਸਿੰਘ ਕੋਲ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਸੰਮਤ 1870 (1813 ਈ.) ਦੇ ਆਸ ਪਾਸ ਭਾਈ ਸੰਤੋਖ ਸਿੰਘ ਨੇ ਬੂੜੀਆ ਨਾਮਕ ਨਗਰ ਤੋਂ ਆਪਣਾ ਸਾਹਿਤਕ ਜੀਵਨ ਆਰੰਭ ਕੀਤਾ। ਬੂੜੀਆ ਨਿਵਾਸ ਦੌਰਾਨ ਉਨ੍ਹਾਂ ਨੇ ਆਪਣੀ ਰਿਹਾਇਸ਼ ਸਰਦਾਰ ਮੇਘ ਸਿੰਘ ਦੇ ਕੋਲ ਰੱਖੀ ਜਿਥੇ

ਉਹ ਕਥਾ ਆਦਿ ਕਰਕੇ ਆਪਣਾ ਜੀਵਨ ਨਿਰਵਾਹ ਕਰਦੇ ਸਨ। ਇਥੇ ਉਨ੍ਹਾਂ ਨੂੰ ਕਿਸੇ ਕਿਸਮ ਦਾ ਰਾਜਸੀ ਆਸਰਾ ਪ੍ਰਾਪਤ ਨਹੀਂ ਸੀ। ਬੂੜੀਆ ਨਿਵਾਸ ਦੌਰਾਨ ਹੀ ਭਾਈ ਸੰਤੋਖ ਸਿੰਘ ਨੇ ਆਪਣੀ ਪਹਿਲੀ ਲਿਖਤ (ਅਨੁਵਾਦਿਤ) 'ਨਾਮ ਕੋਸ਼' ਦੀ ਰਚਨਾ ਕੀਤੀ ਅਤੇ ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਸੰਪੂਰਨ ਕੀਤਾ।

### 3.4 ਵਿਆਹ ਅਤੇ ਸੰਤਾਨ

ਭਾਈ ਸੰਤੋਖ ਸਿੰਘ ਨੇ ਆਪਣੇ ਸਾਹਿਤਕ ਰੁਝੇਵਿਆਂ ਕਾਰਨ ਆਪਣਾ ਵਿਆਹ ਉਸ ਸਮੇਂ ਦੀ ਰੀਤੀ ਅਨੁਸਾਰ ਛੋਟੀ ਉਮਰ ਵਿਚ ਨਹੀਂ ਕਰਵਾਇਆ, ਸਗੋਂ ਉਨ੍ਹਾਂ ਦਾ ਵਿਆਹ 1821 ਈ. ਵਿਚ, ਲਗ-ਪਗ 34 ਸਾਲ ਦੀ ਉਮਰ ਵਿਚ ਜਗਾਧਰੀ ਨਿਵਾਸੀ ਬੀਬੀ ਰਾਮ ਕੌਰ ਨਾਲ ਹੋਇਆ ਜੋ ਰੁਹੇਲਾ ਵੰਸ਼ ਨਾਲ ਸੰਬੰਧ ਰੱਖਦੇ ਸਨ। ਕਵੀ ਜੀ ਦੇ ਘਰ ਪੰਜ ਪੁੱਤਰ ਅਜੈ ਸਿੰਘ, ਵਿਜੈ ਸਿੰਘ, ਮਕਸੂਦਨ ਸਿੰਘ, ਬਲਦੇਵ ਸਿੰਘ ਅਤੇ ਅਨੁਰੁੱਧ ਸਿੰਘ; ਤਿੰਨ ਪੁੱਤਰੀਆਂ ਖੇਮ ਕੌਰ, ਮੈਮਨ ਕੌਰ ਅਤੇ ਮਾਨ ਕੌਰ ਸੰਤਾਨ ਰੂਪ ਵਿਚ ਪੈਦਾ ਹੋਏ।

### 3.5 ਆਰਥਿਕ ਤੰਗੀ ਦਾ ਸਮਾਂ

ਸਿੱਖ ਪੰਥ ਦੇ ਇਸ ਮਹਾਂਕਵੀ ਦੀ ਜ਼ਿੰਦਗੀ ਵਿਚ ਅਜਿਹਾ ਸੰਘਰਸ਼ਮਈ ਸਮਾਂ ਵੀ ਆਇਆ ਜਦੋਂ ਉਨ੍ਹਾਂ ਨੂੰ ਆਰਥਿਕ ਤੰਗੀ ਵਾਲਾ ਸਮਾਂ ਵੀ ਵੇਖਣਾ ਪਿਆ। ਇਹ ਅਜਿਹਾ ਬੇਰੁਜ਼ਗਾਰੀ ਵਾਲਾ ਸਮਾਂ ਸੀ ਜਿਸ ਬਾਰੇ ਕਵੀ ਜੀ ਲਿਖਦੇ ਹਨ ਕਿ ਇਸ ਸਮੇਂ ਵਿਚ ਉਨ੍ਹਾਂ ਦੇ ਸਾਰੇ ਆਪਣੇ ਵੀ ਬੇਗਾਨੇ ਹੋ ਗਏ ਕਿਉਂਕਿ ਆਰਥਿਕ ਤੰਗੀ ਕਾਰਨ ਉਨ੍ਹਾਂ ਦਾ ਬਲ ਪ੍ਰਭਾਵ ਖ਼ਤਮ ਹੋ ਗਿਆ ਸੀ। ਘਰ ਦੀ ਇਸਤ੍ਰੀ ਤਾਨੇ ਮਿਹਣੇ ਦੇ ਰਹੀ ਸੀ ਤੇ ਮਿੱਤਰ ਵੀ ਅੱਖਾਂ ਫੇਰ ਗਏ ਸਨ ਜੋ ਸਿੱਧੇ ਮੂੰਹ ਗੱਲ ਨਹੀਂ ਸਨ ਕਰਦੇ। ਘਰ ਦੇ ਦਰਵਾਜ਼ੇ 'ਤੇ ਪੈਸੇ ਲੈਣ ਵਾਲੇ ਆ ਕੇ ਖੜ੍ਹ ਜਾਂਦੇ ਤੇ ਗਾਲਾਂ ਦੇ ਰੂਪ ਵਿਚ ਭੱਦੀ ਸ਼ਬਦਾਵਲੀ ਬੋਲਦੇ। ਬਿਨਾਂ ਰੁਜ਼ਗਾਰ ਤੋਂ ਰੋਜ਼ ਹੀ ਗਾਲ੍ਹਾਂ ਖਾਣੀਆਂ ਪੈਂਦੀਆਂ।

ਇਹ ਆਰਥਿਕ ਮੰਦਹਾਲੀ ਵਾਲਾ ਸਮਾਂ ਬੂੜੀਆ ਨਿਵਾਸ ਦੇ ਸਮੇਂ ਤੋਂ ਲੈ ਕੇ ਕੈਥਲ ਆਉਣ ਦੇ ਵਿਚਕਾਰਲਾ ਸਮਾਂ ਹੋ ਸਕਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਸੰਤੋਖ ਸਿੰਘ 1880 ਬਿਕ੍ਰਮੀ (1823 ਈ.) ਵਿਚ ਬੂੜੀਆ ਤੋਂ ਪਟਿਆਲਾ ਆਏ ਅਤੇ ਸੰਮਤ 1882 (1825 ਈ.) ਵਿਚ ਪਟਿਆਲਾ ਤੋਂ ਕੈਥਲ। ਇਸ ਆਧਾਰ 'ਤੇ

ਇਹ ਕਿਹਾ ਜਾ ਸਕਦਾ ਹੈ ਕਿ ਇਹ ਤਕਲੀਫ਼ਾਂ ਵਾਲਾ ਸਮਾਂ 1813 ਈ. ਤੋਂ 1823 ਈ. ਦਾ ਹੈ। ਕਵੀ ਜੀ ਦੁਆਰਾ ਰਾਸ ਪਹਿਲੀ ਦੇ ਅੰਸੂ 5 ਵਿਚ ਲਿਖੀ ਲਾਈਨ 'ਪਰਾਲਬਧ ਕਰ ਕਿਤ ਕਿਤ ਰਹੇ' ਵੀ ਇਸੇ ਗੱਲ ਵੱਲ ਇਸ਼ਾਰਾ ਕਰਦੀ ਹੈ। ਭਾਈ ਸੰਤੋਖ ਸਿੰਘ ਅਨੁਸਾਰ ਇਸ ਸਮੇਂ ਦੌਰਾਨ ਉਹ ਰੋਜ਼ਗਾਰ ਲਈ ਵੱਖ-ਵੱਖ ਸਿੱਖ ਰਿਆਸਤਾਂ ਸਰਦਾਰਾਂ ਕੋਲ ਵੀ ਗਏ ਪਰ ਨਿਰਾਸ਼ਾ ਹੀ ਹੱਥ ਲੱਗੀ ਸੀ।

ਕਵੀ ਜੀ ਨੇ ਆਪਣੀ ਰਚਨਾ ਵਿਚ ਗ੍ਰੰਥ ਦੀ ਇਤਿਹਾਸਿਕ ਸਮੱਗਰੀ ਲਈ ਹੰਡਿਆਇਆ, ਖਿਆਲਾ, ਬਾਰਨਾ, ਬਣੀ ਬਦਰਪੁਰ, ਮੁਕੰਦਪੁਰਾ, ਚੀਕਾ, ਠਸਕਾ ਆਦਿ ਥਾਵਾਂ 'ਤੇ ਜਾਣ ਦਾ ਜ਼ਿਕਰ ਕੀਤਾ ਹੈ। ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ ਥਾਵਾਂ 'ਤੇ ਉਹ ਇਸ ਸਮੇਂ ਦੌਰਾਨ ਹੀ ਗਏ ਹੋਣਗੇ ਕਿਉਂਕਿ ਕੈਥਲ ਪਹੁੰਚਣ ਤੋਂ ਬਾਅਦ ਭਾਈ ਸੰਤੋਖ ਸਿੰਘ ਨੇ ਇਕ ਥਾਂ ਬੈਠ ਕੇ ਹੀ ਸਾਰਾ ਕਾਰਜ ਕੀਤਾ।

## 3.6 ਪਟਿਆਲੇ ਵਿਚ

ਬੂੜੀਏ ਤੋਂ ਬਾਅਦ ਭਾਈ ਸਾਹਿਬ ਦੇ ਪਟਿਆਲੇ ਵਿਚ ਆਉਣ ਦਾ ਪਤਾ ਚੱਲਦਾ ਹੈ। ਭਾਈ ਵੀਰ ਸਿੰਘ ਅਨੁਸਾਰ ਉਨ੍ਹਾਂ ਨੂੰ ਭਾਈ ਸੰਤ ਸਿੰਘ ਜੀ ਦੀ ਮਾਰਫਤ ਮਹਾਰਾਜਾ ਕਰਮ ਸਿੰਘ ਨੇ ਪਟਿਆਲਾ ਬੁਲਾਇਆ ਜਿੱਥੇ ਉਨ੍ਹਾਂ ਨੂੰ ਰਾਜ ਕਵੀਆਂ ਵਿਚ ਸ਼ਾਮਿਲ ਕਰਕੇ ਰਸਦਾਂ, ਰੋਜੀਨਾ ਅਤੇ ਹੋਰ ਸਨਮਾਨ ਪ੍ਰਦਾਨ ਕੀਤਾ ਗਿਆ ਪਰੰਤੂ ਪਟਿਆਲਾ ਵਿਚ ਭਾਈ ਸੰਤੋਖ ਸਿੰਘ ਨੂੰ ਉੱਚ ਜਾਤੀ ਦੇ ਦਰਬਾਰੀ ਵਿਦਵਾਨਾਂ ਦੇ ਅਭਿਮਾਨ ਕਾਰਨ ਉਨ੍ਹਾਂ ਦੀ ਖੁੰਦਕ ਦਾ ਵੀ ਸਾਹਮਣਾ ਕਰਨਾ ਪਿਆ। ਪਰੰਤੂ ਭਾਈ ਸੰਤੋਖ ਸਿੰਘ ਨੂੰ ਪਟਿਆਲਾ ਨਿਵਾਸ ਦੌਰਾਨ ਰਾਜ ਆਸਰਾ ਪ੍ਰਾਪਤ ਹੋਣ ਦੇ ਪੁਖਤਾ ਪ੍ਰਮਾਣ ਨਹੀਂ ਮਿਲਦੇ। ਪਟਿਆਲਾ ਦੇ ਆਪਣੇ ਕਿਸੀ ਆਸਰਾ ਦਾਤਾ ਦਾ ਨਾਂ ਉਨ੍ਹਾਂ ਨੇ ਨਹੀਂ ਲਿਖਿਆ ਅਤੇ ਨਾ ਹੀ ਕਰਮ ਸਿੰਘ ਦੇ ਸੰਬੰਧ ਵਿਚ ਪ੍ਰਸੰਸਾਜਨਕ ਜਾਂ ਮੰਗਲ ਕਾਮਨਾ ਸੰਬੰਧੀ ਕੋਈ ਕਦਮ ਹੀ ਲਿਖਿਆ ਹੈ। ਭਾਈ ਸੰਤੋਖ ਸਿੰਘ ਦੀ ਪਟਿਆਲਾ ਵਿੱਚ ਸੰਤ ਬੀਰ ਸਿੰਘ ਦੇ ਡੇਰੇ ਵਿਚ ਰਹਿ ਕੇ ਕਥਾ ਕਰਨ ਅਤੇ ਵਿੱਦਿਆ ਪੜ੍ਹਾਉਣ ਦਾ ਕਾਰਜ ਕਰਦੇ ਰਹੇ।

## 3.7 ਕੈਥਲ ਰਿਆਸਤ ਵਿਚ ਮਾਣ ਸਨਮਾਨ ਵਾਲਾ ਜੀਵਨ

ਕਵੀ ਜੀ ਸੰਨ 1825 ਈਸਵੀ ਵਿਚ ਪਟਿਆਲਾ ਤੋਂ ਕੈਥਲ ਰਿਆਸਤ ਆਏ। ਕੈਥਲ ਰਿਆਸਤ ਵਿਚ ਆਉਣ ਦਾ ਸਬੱਬ ਕੈਥਲਪਤਿ ਭਾਈ ਉਦੈ ਸਿੰਘ ਦੇ ਸੱਦੇ ਨਾਲ ਬਣਿਆ ਜਿਨ੍ਹਾਂ ਨੇ ਭਾਈ ਸੰਤੋਖ ਸਿੰਘ ਦੀ ਵਿਦਵਤਾ ਬਾਰੇ ਸੁਣ ਕੇ ਉਨ੍ਹਾਂ ਨੂੰ ਆਪਣੇ ਪਾਸ ਬੁਲਾ ਕੇ ਆਦਰ ਸਹਿਤ ਆਪਣੇ ਦਰਬਾਰ ਵਿਚ ਰੱਖਿਆ। ਇਸ ਦੀ ਪੁਸ਼ਟੀ ਖ਼ੁਦ ਕਵੀ ਜੀ ਨੇ ਵੀ ਆਪਣੀ ਰਚਨਾ ਵਿਚ ਭਾਈ ਉਦੈ ਸਿੰਘ ਦੀ ਸਿਫਤ ਕਰਦੇ ਹੋਏ ਕੀਤੀ ਹੈ -

ਉਦੈ ਸਿੰਘ ਬਡ ਭੂਪ ਬਹਾਦਰ ॥ ਕਵਿ ਬੁਲਾਇ ਰਖਿਓ ਢਿਗ ਸਾਦਰ ॥

ਭਾਈ ਉਦੈ ਸਿੰਘ ਬੁੱਧੀਮਤਾ, ਨਿਆਂਸ਼ੀਲਤਾ, ਅਸੂਲ ਪ੍ਰਸਤੀ, ਉੱਚ ਚਰਿੱਤਰ, ਸੂਰਬੀਰਤਾ ਆਦਿ ਗੁਣਾਂ ਨਾਲ ਭਰਪੂਰ ਵਿਦਵਤਾ ਦੀ ਕਦਰ ਕਰਨ ਵਾਲੇ ਗੁਰਸਿੱਖ ਮਹਾਰਾਜਾ ਸਨ। ਭਾਈ ਸੰਤੋਖ ਸਿੰਘ ਦੇ ਕੈਥਲ ਰਿਆਸਤ ਵਿਚ ਆਉਣ ਤੋਂ ਬਾਅਦ ਭਾਈ ਉਦੈ ਸਿੰਘ ਨੇ ਉਨ੍ਹਾਂ ਦੇ ਗੁਣਾਂ ਦੀ ਕਦਰ ਕਰਦੇ ਹੋਏ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਮਾਣ ਸਨਮਾਨ ਪ੍ਰਦਾਨ ਕੀਤਾ। ਕੈਥਲਪਤਿ ਨੇ ਕਵੀ ਜੀ ਦੇ ਰਹਿਣ ਲਈ ਇਕ ਵਧੀਆ ਹਵੇਲੀ ਪ੍ਰਦਾਨ ਕੀਤੀ ਜਿਸ ਦੀ ਡਿਉੜੀ ਵਿੱਚੋਂ ਉਸ ਸਮੇਂ ਹਾਥੀ ਦਾ ਹੰਦਾ ਅੰਦਰ ਪ੍ਰਵੇਸ਼ ਹੋ ਜਾਂਦਾ ਸੀ। ਦਰਵਾਜਿਆਂ 'ਤੇ ਇਮਾਰਤੀ ਸ਼ੇਰ ਬਣੇ ਹੋਏ ਹੋਣ ਕਾਰਨ ਇਸ ਨੂੰ ਸ਼ੇਰਾਂ ਵਾਲੀ ਹਵੇਲੀ ਵੀ ਕਿਹਾ ਜਾਂਦਾ ਸੀ। ਕੈਥਲ ਰਿਆਸਤ ਵੱਲੋਂ ਭਾਈ ਸਾਹਿਬ ਨੂੰ ਹਾਥੀ ਦੀ ਸਰਕਾਰੀ ਸਵਾਰੀ ਮਿਲਦੀ ਸੀ। ਖੁੱਲ੍ਹੀਆਂ ਰਸਦਾਂ ਲੱਗੀਆਂ ਸਨ। ਦੋ ਰੁਪਏ ਰੋਜ਼ ਜੇਬ ਖਰਚ ਅਤੇ ਛੇ ਮਹੀਨੇ ਬਾਅਦ ਅੱਧੇ ਪਿੰਡ ਦੀ ਆਮਦਨ ਮਿਲ ਜਾਂਦੀ ਸੀ।

ਇਸ ਪ੍ਰਕਾਰ ਕੈਥਲ ਰਿਆਸਤ ਵਿਚ ਆਉਣ ਤੋਂ ਬਾਅਦ ਭਾਈ ਸੰਤੋਖ ਸਿੰਘ ਆਰਥਿਕ ਪੱਖੋਂ ਸੁਖਾਲੇ ਹੋ ਗਏ ਅਤੇ ਅਜਿਹੇ ਸੁਖਾਵੇਂ ਮਾਹੌਲ ਵਿਚ ਉਨ੍ਹਾਂ ਨੇ ਵੱਡੇ ਪੱਧਰ 'ਤੇ ਸਾਹਿਤਕ ਰਚਨਾ ਕੀਤੀ। ਕੈਥਲ ਨਿਵਾਸ ਦੌਰਾਨ ਉਨ੍ਹਾਂ ਨੇ ਜਪੁਜੀ ਸਾਹਿਬ ਦਾ ਗਰਬ ਗੰਜਨੀ ਟੀਕਾ ਕੀਤਾ, ਬਾਲਮੀਕੀ ਰਾਮਾਇਣ ਦਾ ਸੰਸਕ੍ਰਿਤ ਤੋਂ ਕਵਿਤਾ ਮਈ ਬ੍ਰਜ ਭਾਸ਼ਾ ਵਿਚ ਅਨੁਵਾਦ ਕਰਨ ਤੋਂ ਬਾਅਦ ਆਤਮ ਪੁਰਾਣ ਦਾ ਟੀਕਾ ਵੀ ਕੈਥਲ ਰਹਿ ਕੇ ਹੀ ਕੀਤਾ। ਸਿੱਖ ਧਰਮ ਦੇ ਪ੍ਰਸਿੱਧ ਇਤਿਹਾਸਿਕ ਕਾਵਿ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਵੀ ਕਵੀ ਜੀ ਨੇ ਇਸੇ ਸਥਾਨ 'ਤੇ ਹੀ ਲਿਖਿਆ ਜਿਸ ਲਈ ਕੈਥਲਪਤਿ ਭਾਈ ਉਦੈ ਸਿੰਘ ਨੇ ਇਨ੍ਹਾਂ ਦੀ ਹਰ ਪੱਖੋਂ ਸਰਕਾਰੀ ਤੌਰ 'ਤੇ ਸਹਾਇਤਾ ਕੀਤੀ।

ਭਾਈ ਸੰਤੋਖ ਸਿੰਘ ਆਪਣੇ ਅਖੀਰਲੇ ਸਮੇਂ ਤੱਕ ਰਿਆਸਤ ਵਿਚ ਰਹਿ ਕੇ ਆਪਣੇ ਸਾਹਿਤਕ ਕਾਰਜ ਕਰਦੇ ਰਹੇ ਅਤੇ ਇਸੇ ਥਾਂ ਤੋਂ ਹੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੂਰਾ ਕਰਕੇ ਹਰਿਮੰਦਰ ਸਾਹਿਬ ਦੀ ਯਾਤਰਾ ਕਰਨ ਤੋਂ ਬਾਅਦ ਇਹ ਗ੍ਰੰਥ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਪੰਥ ਨੂੰ ਭੇਟਾ ਕੀਤਾ।

## 3.8 ਸ੍ਰੀ ਹਰਿਮੰਦਰ ਸਾਹਿਬ ਦੀ ਅੰਤਿਮ ਯਾਤਰਾ

ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕੈਥਲ ਰਿਆਸਤ ਵਿਚ ਕੈਥਲਪਤਿ ਭਾਈ ਉਦੈ ਸਿੰਘ ਦੀ ਸਰਪ੍ਰਸਤੀ ਹੇਠ ਆਰੰਭ ਕੀਤਾ ਸੀ ਜਿਸ ਨੂੰ ਕੈਥਲਪਤਿ ਨੇ ਖੁੱਲ੍ਹੇ ਦਿਲ ਨਾਲ ਸਹਿਯੋਗ ਪ੍ਰਦਾਨ ਕੀਤਾ। ਭਾਈ ਉਦੈ ਸਿੰਘ ਦੇ ਅਚਾਨਕ ਦੇਹਾਂਤ ਤੋਂ ਬਾਅਦ ਕੈਥਲ ਵਿਚ ਭਾਰੀ ਲੁੱਟ ਤੋਂ ਬਾਅਦ ਅੰਗਰੇਜ਼ਾਂ ਦਾ ਇਸ ਰਿਆਸਤ ’ਤੇ ਕਬਜ਼ਾ ਹੋ ਗਿਆ । ਇਸ ਸਮੇਂ ਅੰਤਿਮ ਪੜਾਅ ’ਤੇ ਪਹੁੰਚੇ ਗ੍ਰੰਥ ਨੂੰ ਕਵੀ ਜੀ ਨੇ ਆਪਣੀ ਹਿੰਮਤ ਤੇ ਹੌਂਸਲੇ ਰਾਹੀਂ ਗੁਰੂ ਕਿਰਪਾ ਦੁਆਰਾ ਸੰਪੂਰਨ ਕੀਤਾ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੂਰਾ ਹੋਣ ਤੋਂ ਬਾਅਦ ਕਵੀ ਜੀ ਨੇ ਇਹ ਗ੍ਰੰਥ ਪੰਥ ਨੂੰ ਭੇਟਾ ਕਰਨ ਵਾਲੀ ਆਪਣੀ ਹਾਰਦਿਕ ਇੱਛਾ ਦੀ ਪੂਰਤੀ ਲਈ ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਕੀਤੀ। ਇਸ ਸਮੇਂ ਉਨ੍ਹਾਂ ਦਾ ਸਰੀਰ ਬਿਮਾਰ ਰਹਿਣ ਕਾਰਨ ਕਾਫੀ ਕਮਜ਼ੋਰ ਹੋ ਚੁੱਕਾ ਸੀ ਅਤੇ ਉਹ ਲਗ-ਪਗ 57 ਸਾਲ ਦੀ ਬਿਰਧ ਅਵਸਥਾ ਵਿਚ ਹਰਿਮੰਦਰ ਸਾਹਿਬ ਪਹੁੰਚੇ। ਉਨ੍ਹਾਂ ਨੇ ਆਪਣਾ ਇਹ ਗ੍ਰੰਥ ਸ੍ਰੀ ਅਕਾਲ ਤਖਤ ਸਾਹਿਬ ਨੂੰ ਭੇਟ ਕਰ ਕੇ ਸਿੱਖ ਪੰਥ ਦੀ ਝੋਲੀ ਪਾਇਆ ਜਿਸ ਦੇ ਬਦਲੇ ਉਨ੍ਹਾਂ ਦਾ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

## 3.9 ਅਕਾਲ ਚਲਾਣਾ

ਸ੍ਰੀ ਅਕਾਲ ਤਖਤ ਸਾਹਿਬ ਨੂੰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਭੇਟਾ ਕਰਨ ਤੋਂ ਲਗਭਗ ਤਿੰਨ ਮਹੀਨਿਆਂ ਬਾਅਦ 21 ਅਕਤੂਬਰ 1843 ਈ. ਨੂੰ ਭਾਈ ਸੰਤੋਖ ਸਿੰਘ ਕੈਥਲ ਵਿਖੇ ਅਕਾਲ ਚਲਾਣਾ ਕਰ ਗਏ। ਇਸ ਸਮੇਂ ਕਵੀ ਜੀ ਦੀ ਉਮਰ 56 ਸਾਲ, ਇਕ ਮਹੀਨਾ ਸੀ।

ਇਸ ਪ੍ਰਕਾਰ ਸਿੱਖ ਪੰਥ ਦਾ ਇਹ ਮਹਾਂਕਵੀ ਆਪਣੀ ਸਮੁੱਚੀ ਜ਼ਿੰਦਗੀ ਦੌਰਾਨ ਸਿੱਖ ਧਰਮ ਦੀ ਸਾਹਿਤਕ ਸੇਵਾ ਕਰਦਾ ਹੋਇਆ ਗੁਰੂ ਚਰਨਾਂ ਵਿਚ ਲੀਨ ਹੋ ਗਿਆ ਅਤੇ ਆਪਣੇ ਪਿੱਛੇ ਗੁਰੂ ਇਤਿਹਾਸ ਵਾਲਾ ਇਕ ਵਿਸ਼ਾਲ ਕਾਵਿ ਗ੍ਰੰਥ ਛੱਡ ਗਿਆ; ਅਜਿਹਾ ਗ੍ਰੰਥ ਜੋ ਸਦੀਵ ਸਮੇਂ ਤੱਕ ਸਿੱਖਾਂ ਨੂੰ ਗੁਰੂ ਇਤਿਹਾਸ ਨਾਲ ਜੋੜ ਕੇ ਪ੍ਰੇਰਨਾ ਅਤੇ ਵਡਮੁੱਲੀ ਜਾਣਕਾਰੀ ਦਿੰਦਾ ਰਹੇਗਾ।

## 3.10 ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ

ਭਾਈ ਸੰਤੋਖ ਸਿੰਘ ਨੇ ਆਪਣੇ 56 ਸਾਲਾਂ ਦੇ ਜੀਵਨ ਵਿਚ ਆਪਣੀਆਂ ਰਚਨਾਵਾਂ ਦਾ ਬੇਸ਼ਕੀਮਤੀ ਖਜ਼ਾਨਾ ਸਿੱਖ ਧਰਮ ਅਤੇ ਸਾਹਿਤ ਜਗਤ ਨੂੰ ਪ੍ਰਦਾਨ ਕੀਤਾ। ਉਨ੍ਹਾਂ ਦੀਆਂ ਰਚਨਾਵਾਂ ਨਾ ਕੇਵਲ ਇਤਿਹਾਸਿਕ, ਸਿਧਾਂਤਿਕ ਅਤੇ ਅਧਿਆਤਮਿਕ ਪੱਖ ਤੋਂ ਮਹੱਤਵਪੂਰਨ ਹਨ ਸਗੋਂ ਭਾਸ਼ਾ ਅਤੇ ਸਾਹਿਤਿਕ ਪੱਖੋਂ ਵੀ ਇਨ੍ਹਾਂ ਰਚਨਾਵਾਂ ਦਾ ਇਕ ਅਹਿਮ ਸਥਾਨ ਹੈ। ਮੌਜੂਦਾ ਸਮੇਂ ਵਿਚ ਭਾਈ ਸੰਤੋਖ ਦੀਆਂ 6 ਰਚਨਾਵਾਂ ਪ੍ਰਾਪਤ ਹੁੰਦੀਆਂ ਹਨ-

(ੳ) ਨਾਮ ਕੋਸ਼
(ਅ) ਸ੍ਰੀ ਗੁਰ ਨਾਨਕ ਪ੍ਰਕਾਸ਼
(ੲ) ਗਰਬ ਗੰਜਨੀ ਟੀਕਾ
(ਸ) ਬਾਲਮੀਕੀ ਰਾਮਾਇਣ (ਅਨੁਵਾਦਿਤ)
(ਹ) ਆਤਮ ਪੁਰਾਣ ਦਾ ਟੀਕਾ
(ਕ) ਗੁਰ ਪ੍ਰਤਾਪ ਸੂਰਜ ਗ੍ਰੰਥ

ਇਨ੍ਹਾਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ-

### 3.10.1 ਨਾਮ ਕੋਸ਼

ਇਹ ਭਾਈ ਸੰਤੋਖ ਸਿੰਘ ਜੀ ਦੀ ਮੁੱਢਲੀ ਰਚਨਾ ਹੈ ਜੋ ਅਮਰ ਸਿੰਘ ਦੁਆਰਾ ਲਿਖੇ ਗਏ ਸੰਸਕ੍ਰਿਤ ਭਾਸ਼ਾ ਦੇ ਕੋਸ਼ ‘ਅਮਰ ਕੋਸ਼’ ਦਾ ਬ੍ਰਜ ਭਾਸ਼ਾ ਵਿਚ ਕੀਤਾ ਗਿਆ ਕਵਿਤਾਮਈ ਅਨੁਵਾਦ ਹੈ। ਸੰਸਕ੍ਰਿਤ ਦੇ ਵਿਦਿਆਰਥੀਆਂ

ਲਈ ਅਮਰ ਕੋਸ਼ ਇਕ ਜ਼ਰੂਰੀ ਚੀਜ਼ ਸਮਝੀ ਜਾਂਦੀ ਰਹੀ ਹੈ। ਸ਼ਾਇਦ ਇਸੇ ਲੋੜ ਨੂੰ ਮੁੱਖ ਰੱਖ ਕੇ ਅਤੇ ਭਾਸ਼ਾ ਵਿਚ ਆਪਣੀ ਨਿਪੁੰਨਤਾ ਨੂੰ ਹੋਰ ਨਿਖਾਰਨ ਲਈ ਕਵੀ ਜੀ ਨੇ ਇਸ ਗ੍ਰੰਥ ਦਾ ਅਨੁਵਾਦ ਕਰਕੇ ਇਸ ਦਾ 'ਨਾਮ ਕੋਸ਼' ਵਜੋਂ ਨਾਮਕਰਨ ਕੀਤਾ। ਇਸ ਦੇ ਨਾਮ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਇਹ ਵੱਖ-ਵੱਖ ਨਾਵਾਂ ਦਾ ਕੋਸ਼ ਹੈ। ਇਸ ਅਨੁਵਾਦਿਤ ਕੋਸ਼ ਵਿਚ ਇਕ ਵਸਤੂ ਦੇ ਪ੍ਰਾਪਤ ਹੋਣ ਵਾਲੇ ਵੱਖ-ਵੱਖ ਨਾਵਾਂ ਨੂੰ ਇਕ ਦੋ ਛੰਦਾਂ ਵਿਚ ਇਕੱਠਾ ਕੀਤਾ ਗਿਆ ਹੈ।

ਇਸ ਗ੍ਰੰਥ ਦੀ ਆਰੰਭਤਾ ਬੂੜੀਆ ਨਗਰ ਵਿਚ ਹੋਈ ਅਤੇ ਸੰਪੂਰਨਤਾ ਸ੍ਰੀ ਅੰਮ੍ਰਿਤਸਰ ਵਿਚ ਜਦੋਂ ਕਵੀ ਜੀ ਕਿਸੇ ਕਿਸੇ ਇਤਿਹਾਸਿਕ ਸਮੱਗਰੀ ਲਈ ਬੂੜੀਏ ਤੋਂ ਸ੍ਰੀ ਅੰਮ੍ਰਿਤਸਰ ਗਏ ਹੋਏ ਸਨ। ਇਹ ਗ੍ਰੰਥ, ਸੰਮਤ 1878 (1821 ਈ.) ਵਿਚ ਸੰਪੂਰਨ ਹੋਇਆ।

### 3.10.2 ਸ੍ਰੀ ਗੁਰ ਨਾਨਕ ਪ੍ਰਕਾਸ਼

ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ, ਬੂੜੀਆ ਨਿਵਾਸ ਦੌਰਾਨ ਕਵੀ ਜੀ ਦੁਆਰਾ ਕੀਤੀ ਗਈ, ਇਹ ਦੂਸਰੀ ਰਚਨਾ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਲੈ ਕੇ ਉਨ੍ਹਾਂ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ, ਉਦਾਸੀਆਂ ਆਦਿ ਦਾ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ। ਅਖੀਰ ਵਿਚ ਗੁਰੂ ਸਾਹਿਬ ਦੇ ਕਰਤਾਰਪੁਰ ਨਿਵਾਸ ਅਤੇ ਭਾਈ ਲਹਿਣਾ ਜੀ ਦੀ ਸੇਵਾ ਤੋਂ ਖੁਸ਼ ਹੋ ਕੇ ਉਨ੍ਹਾਂ ਨੂੰ ਗੁਰਗੱਦੀ ਦੇਣ ਵਾਲੀ ਘਟਨਾ ਤੱਕ ਦਾ ਵੇਰਵਾ ਪ੍ਰਦਾਨ ਕੀਤਾ ਗਿਆ ਹੈ।

ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਦੇਵ ਜੀ ਨੂੰ ਦੇਵੀ-ਦੇਵਤਿਆਂ ਦੇ ਮੁਕਾਬਲੇ, ਉੱਚਤਾ ਵੱਜੋਂ ਸਥਾਪਿਤ ਕੀਤਾ ਹੈ ਜਿਸ ਕਾਰਨ ਇਸ ਗ੍ਰੰਥ ਵਿਚ ਪੌਰਾਣਿਕ ਕਥਾ ਕਹਾਣੀਆਂ ਵੀ ਦਰਜ ਹਨ।

ਇਸ ਗ੍ਰੰਥ ਦਾ ਮੁੱਖ ਆਧਾਰ ਭਾਈ ਬਾਲਾ ਜਨਮ ਸਾਖੀ ਨੂੰ ਬਣਾਇਆ ਗਿਆ ਹੈ ਅਤੇ ਉਸ ਸਮੇਂ ਪ੍ਰਾਪਤ ਉਹ ਸਾਰੇ ਸ੍ਰੋਤ ਇਸ ਰਚਨਾ ਲਈ ਵਰਤੇ ਗਏ ਹਨ ਜੋ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਸਨ।

ਸ੍ਰੀ ਗੁਰ ਨਾਨਕ ਪ੍ਰਕਾਸ਼ ਨੂੰ ਕੁਦਰਤ ਦੇ ਹਿਸਾਬ ਨਾਲ ਦੋ ਭਾਗਾਂ- ਪੂਰਬਾਰਧ ਅਤੇ ਉਤਰਾਰਧ ਵਿਚ ਵੰਡਿਆ ਗਿਆ ਹੈ। ਪੂਰਬਾਰਧ ਦੇ 73 ਅਤੇ ਉਤਰਾਰਧ ਦੇ 67 ਅਧਿਆਇ ਹਨ। ਇਸ ਪ੍ਰਕਾਰ ਇਸ ਗ੍ਰੰਥ ਦੇ ਕੁੱਲ 130 ਅਧਿਅਇ ਹਨ ਅਤੇ ਛੰਦਾਂ ਦੀ ਕੁੱਲ ਗਿਣਤੀ 9700 ਹੈ।

ਇਸ ਗ੍ਰੰਥ ਵਿਚ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਘਟਨਾਵਾਂ ਦੇ ਵਰਨਣ ਲਈ ਵਿਸਥਾਰਿਤ ਸ਼ੈਲੀ ਅਤੇ ਰੌਚਕਤਾ ਭਰਪੂਰ ਪੇਸ਼ਕਾਰੀ ਸਦਕਾ ਇਹ ਗ੍ਰੰਥ ਇਸ ਦੀ ਰਚਨਾ ਦੇ ਸਮੇਂ ਹੀ ਸਿੱਖ ਸੰਗਤਾਂ ਵਿਚ ਬਹੁਤ ਜ਼ਿਆਦਾ ਪ੍ਰਸਿੱਧ ਹੋ ਗਿਆ ਸੀ। ਕਵੀ ਜੀ ਇਸ ਗ੍ਰੰਥ ਦੀ ਰਚਨਾ ਦੇ ਨਾਲ-ਨਾਲ ਇਸ ਦੀ ਕਥਾ ਵੀ ਸਿੱਖ ਸੰਗਤਾਂ ਵਿਚ ਕਰਿਆ ਕਰਦੇ ਸਨ ਜਿਸ ਨੇ ਇਸ ਗ੍ਰੰਥ ਦੀ ਲੋਕਪ੍ਰਿਅਤਾ ਅਤੇ ਲੋਕ ਦਿਲਚਸਪੀ ਵਿਚ ਹੋਰ ਵੀ ਵਾਧਾ ਕੀਤਾ।

ਬੁੜ੍ਹੀਆ ਨਿਵਾਸ ਦੌਰਾਨ ਹੀ ਭਾਈ ਸੰਤੋਖ ਸਿੰਘ ਨੇ ਸੰਮਤ 1880 ਦੀ ਕਤੱਕ ਦੀ ਪੂਰਨਮਾਸੀ (1823 ਈ.) ਨੂੰ ਇਹ ਗ੍ਰੰਥ ਸੰਪੂਰਨ ਕੀਤਾ। ਇਸ ਗ੍ਰੰਥ ਨੂੰ ਪੜ੍ਹ ਕੇ ਅਤੇ ਇਸ ਦੀ ਕਥਾ ਸੁਣ ਕੇ ਸਿੱਖ ਸੰਗਤਾਂ ਵੱਲੋਂ ਇਸ ਤਰਜ਼ ਤੇ ਭਾਈ ਸੰਤੋਖ ਸਿੰਘ ਨੂੰ ਅਗਲੇ ਗੁਰੂ ਸਾਹਿਬਾਨ ਦਾ ਵੀ ਜੀਵਨ ਲਿਖਣ ਲਈ ਪ੍ਰੇਰਿਤ ਕੀਤਾ ਗਿਆ ਜਿਸ ਨੂੰ ਕਵੀ ਜੀ ਨੇ ਅਗਲੇ ਸਾਲਾਂ ਦੌਰਾਨ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਰੂਪ ਵਿਚ ਲਿਖਿਆ।

ਮੌਜੂਦਾ ਸਮੇਂ ਵਿਚ ਇਹ ਗ੍ਰੰਥ 'ਗੁਰ ਪ੍ਰਤਾਪ ਸੂਰਜ ਗ੍ਰੰਥ' ਦੇ ਨਾਲ ਹੀ ਸੰਯੁਕਤ ਰੂਪ ਵਿਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ ਜਿਸ ਨੂੰ ਭਾਈ ਵੀਰ ਸਿੰਘ ਨੇ ਸੰਪਾਦਨ ਕੀਤਾ ਸੀ। ਇਕੱਲੇ ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਹੱਥ ਲਿਖਤ ਖਰੜੇ ਵੀ ਪ੍ਰਾਪਤ ਹੁੰਦੇ ਹਨ ਪਰੰਤੂ ਵਰਤਮਾਨ ਸਮੇਂ ਵਿਚ ਇਸ ਨੂੰ ਗੁਰ ਪ੍ਰਤਾਪ ਸੂਰਜ ਗ੍ਰੰਥ' ਤੋਂ ਵੱਖ ਕਰਕੇ ਨਹੀਂ ਵੇਖਿਆ ਜਾਂਦਾ।

### 3.10.3 ਗਰਬ ਗੰਜਨੀ ਟੀਕਾ

ਕੈਥਲ ਨਿਵਾਸ ਦੌਰਾਨ, ਇਹ ਭਾਈ ਸੰਤੋਖ ਸਿੰਘ ਦੀ ਪਹਿਲੀ ਰਚਨਾ ਹੈ, ਜੋ ਕਵੀ ਜੀ ਨੇ ਕੈਥਲਪਤਿ ਭਾਈ ਉਦੈ ਸਿੰਘ ਦੇ ਕਹਿਣ 'ਤੇ ਕੀਤੀ। ਇਸ ਰਚਨਾ ਦਾ ਮੂਲ ਕਾਰਨ ਉਦਾਸੀ ਸਾਧੂ ਅਨੰਦਘਨ ਦੁਆਰਾ ਕੀਤਾ ਗਿਆ ਜਪੁ ਜੀ ਬਾਣੀ ਦਾ ਟੀਕਾ ਸੀ ਜਿਸ ਵਿਚ ਉਸ ਨੇ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਲਿਖੀਆਂ ਜੋ ਗੁਰਮਤਿ ਸਿਧਾਂਤਾਂ ਦੇ ਵਿਰੁੱਧ ਸਨ ਅਤੇ ਇਨ੍ਹਾਂ ਵਿਚ ਅਨੰਦਘਨ ਦਾ ਨਿਜੀ ਹੰਕਾਰ ਭਾਰੂ ਸੀ। ਅਜਿਹੀਆਂ ਗੱਲਾਂ ਨੂੰ ਪੜ੍ਹ ਕੇ

ਭਾਈ ਉਦੈ ਸਿੰਘ ਨੇ ਇਸ ਦੀਆਂ ਹੰਕਾਰ ਭਰੀਆਂ ਅਤੇ ਗੁਰਮਤਿ ਵਿਰੋਧੀ ਗੱਲਾਂ ਦਾ ਭਾਈ ਸੰਤੋਖ ਸਿੰਘ ਨੂੰ ਜਵਾਬ ਦੇਣ ਲਈ ਕਿਹਾ ਜਿਸ ਦੇ ਫਲਸਰੂਪ ਇਹ ਗਰਬ ਗੰਜਨੀ ਟੀਕਾ ਹੋਂਦ ਵਿਚ ਆਇਆ।

ਇਸ ਟੀਕੇ ਦਾ ਨਾਮ ਹੀ ਇਸ ਦੀ ਰਚਨਾ ਦੇ ਕਾਰਨ ਨੂੰ ਸਪਸ਼ਟ ਕਰਦਾ ਹੈ, ਜਿਸ ਦਾ ਅਰਥ ਹੈ- ਹੰਕਾਰ ਨੂੰ ਨਸ਼ਟ ਕਰਨ ਵਾਲਾ।

ਇਸ ਗ੍ਰੰਥ ਵਿਚ ਕਵੀ ਜੀ ਨੇ ਅਨੰਦਘਨ ਦੀਆਂ ਗੁਰਮਤਿ ਵਿਰੋਧੀ ਗੱਲਾਂ ਦਾ ਜਵਾਬ ਸੁਚੱਜੇ ਢੰਗ ਰਾਹੀਂ ਸੁੰਦਰ ਦਲੀਲਾਂ ਨਾਲ ਦਿੱਤਾ ਹੈ। ਕੁੱਝ ਥਾਵਾਂ ਤੇ ਸਖ਼ਤ ਲਹਿਜੇ ਨਾਲ ਉਸ ਨੂੰ ਉੱਲੂ ਅਤੇ ਮੂੜ (ਮੂਰਖ) ਆਖਦੇ ਹੋਏ ਉਸ ਦੀ ਰਚਨਾ ਨੂੰ 'ਪਾਣੀ ਰਿੜਕਣ ਵਾਲੇ ਕਾਰਜ' ਦਾ ਨਾਮ ਵੀ ਦਿੱਤਾ ਹੈ।

ਇਹ ਜਪੁ ਜੀ ਸਾਹਿਬ ਦਾ ਅਲੰਕ੍ਰਿਤ ਟੀਕਾ ਹੈ ਜਿਸ ਵਿਚ ਹਰ ਤੁਕ ਦੇ ਭਾਵ ਨੂੰ ਸਪਸ਼ਟ ਕਰਨ ਲਈ ਅਨੇਕਾਂ ਦ੍ਰਿਸ਼ਟਾਂਤਾਂ ਦੀ ਵਰਤੋਂ ਕੀਤੀ ਹੈ ਅਤੇ ਜਪੁ ਬਾਣੀ ਵਿਚ ਪ੍ਰਯੋਗ ਹੋਏ ਵੱਖ-ਵੱਖ ਅਲੰਕਾਰਾਂ ਦਾ ਵੇਰਵਾ ਪ੍ਰਦਾਨ ਕੀਤਾ ਹੈ। ਕਵੀ ਜੀ ਆਪਣੀ ਇਸ ਰਚਨਾ ਵਿਚ ਲਿਖਦੇ ਹਨ ਕਿ ਉਨ੍ਹਾਂ ਨੇ ਜਪੁ ਜੀ ਦੀਆਂ ਸਾਰੀਆਂ ਤੁਕਾਂ ਦੇ ਵਿਅੰਗ (ਵਿਅੰਜਨਾ), ਲਕਸ਼ਣਾ, ਧੁਨੀ, ਅਲੰਕਾਰ ਆਦਿ ਦੀ ਪਰਖ ਕਰਕੇ ਇਹ ਟੀਕਾ ਕੀਤਾ। ਟੀਕੇ ਦੀ ਭਾਸ਼ਾ ਉਸ ਸਮੇਂ ਦੀ ਪ੍ਰਚਲਿਤ ਸਾਧ ਭਾਸ਼ਾ ਹੈ।

ਇਸ ਰਚਨਾ ਦੀ ਸੰਪੂਰਨਤਾ ਦਾ ਸਮਾਂ ਚੇਤ ਵਦੀ 2, ਸੰਮਤ 1886 (ਮਾਰਚ, 1825 ਈ.) ਹੈ ਜੋ ਇਸ ਰਚਨਾ ਦੇ ਅਖੀਰ ਵਿਚ ਰੌਚਕਮਈ ਪ੍ਰਤੀਕਾਤਮਕ ਰੂਪ ਵਿਚ ਪ੍ਰਾਪਤ ਹੁੰਦਾ ਹੈ।

### 3.10.4 ਬਾਲਮੀਕੀ ਰਾਮਾਇਣ

ਕੈਥਲ ਨਿਵਾਸ ਦੌਰਾਨ ਰਚੀ ਗਈ ਭਾਈ ਸੰਤੋਖ ਸਿੰਘ ਦੀ ਇਹ ਅਨੁਵਾਦਿਤ ਰਚਨਾ ਹੈ ਜੋ ਸੰਸਕ੍ਰਿਤ ਭਾਸ਼ਾ ਵਾਲੀ ਬਾਲਮੀਕੀ ਰਾਮਾਇਣ ਦਾ ਕਾਵਿਕ ਪਰਿਭਾਸ਼ਾ ਵਿਚ ਕੀਤਾ ਹੋਇਆ ਅਨੁਵਾਦ ਹੈ। ਉਨ੍ਹਾਂ ਸਮਿਆਂ ਵਿਚ ਰਾਮਾਇਣ ਗ੍ਰੰਥ ਦੀ ਲੋਕ ਮਨਾਂ ਵਿਚ ਗਹਿਰੀ ਛਾਪ ਸੀ। ਰਾਮਾਇਣ ਅਤੇ ਮਹਾਂਭਾਰਤ ਵਰਗੇ ਨੀਤੀ ਭਰਪੂਰ ਗ੍ਰੰਥਾਂ ਦੇ ਪਾਤਰ, ਲੋਕ ਮਨਾਂ ਲਈ ਪ੍ਰੇਰਨਾ ਦੇਣ ਦਾ ਕਾਰਜ ਕਰਦੇ ਰਹੇ ਹਨ। ਇਹੀ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਮਹਾਂਭਾਰਤ ਦਾ ਅਨੁਵਾਦ ਕਰਵਾਇਆ ਅਤੇ ਉਨ੍ਹਾਂ ਨੇ ਖੁਦ ਵੀ ਦੁਰਗਾ ਦੀ ਕਥਾ ਦਾ ਮਾਰਕੰਡੇ ਪੁਰਾਣ ਵਿੱਚੋਂ ਚੰਡੀ ਦੀ ਵਾਰ ਦੇ ਰੂਪ ਵਿਚ ਪੰਜਾਬੀ ਅਨੁਵਾਦ ਕੀਤਾ।

ਉਨ੍ਹਾਂ ਨੇ ਆਪਣੀ ਇਸ ਅਨੁਵਾਦਿਤ ਰਚਨਾ ਵਿਚ ਇਸ ਗੱਲ ਨੂੰ ਭਲੀ ਭਾਂਤ ਸਪਸ਼ਟ ਕੀਤਾ ਹੈ ਕਿ ਉਹ ਬਾਲਮੀਕੀ ਦੇ ਲਿਖੇ ਅੱਖਰਾਂ ਦਾ ਇੰਨ ਬਿੰਨ ਅਨੁਵਾਦ ਕਰ ਰਹੇ ਹਨ ਅਤੇ ਉਨ੍ਹਾਂ ਨੇ ਆਪਣੇ ਵੱਲੋਂ ਇਸ ਦੇ ਮੂਲ ਪਾਠ ਵਿਚ ਕੋਈ ਵਾਧਾ-ਘਾਟਾ ਨਹੀਂ ਕੀਤਾ। ਜੇਕਰ ਕਿਸੇ ਪਾਠਕ ਦੇ ਮਨ ਵਿਚ ਇਹ ਰਚਨਾ ਪੜ੍ਹ ਕੇ ਕੋਈ ਸ਼ੰਕਾ ਜਾਂ ਪ੍ਰਸ਼ਨ ਪੈਦਾ ਹੁੰਦਾ ਹੈ ਤਾਂ ਉਸ ਦੇ ਜਵਾਬਦੇਹ ਬਾਲਮੀਕੀ ਹਨ, ਕਵੀ ਜੀ ਨਹੀਂ।

ਇਸ ਗ੍ਰੰਥ ਦੇ 7 ਕਾਂਡ ਅਤੇ 651 ਸਰਗ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

1. ਬਾਲ ਕਾਂਡ- 82
2. ਅਯੁੱਧਿਆ ਕਾਂਡ- 117
3. ਆਰਣਯ ਕਾਂਡ- 75
4. ਕਿਸ਼ਕਿੰਧਾ ਕਾਂਡ- 67
5. ਸੁੰਦਰ ਕਾਂਡ- 68
6. ਲੰਕਾ ਕਾਂਡ- 131
7. ਉੱਤਰ ਕਾਂਡ- 111

ਇਹ ਗ੍ਰੰਥ ਵਿਚੋਂ ਪ੍ਰਾਪਤ ਹੋਣ ਵਾਲੇ ਵੇਰਵੇ ਅਨੁਸਾਰ ਇਹ ਗ੍ਰੰਥ ਸੰਮਤ 1891 (1834 ਈ.) ਦੇ ਚੇਤ ਮਹੀਨੇ ਨੂੰ ਸੰਪੂਰਨ ਹੋਇਆ।

ਇਹ ਗ੍ਰੰਥ ਉਸ ਸਮੇਂ ਲੋਕਾਂ ਵਿਚ ਇੰਨਾ ਹਰਮਨ ਪਿਆਰਾ ਹੋਇਆ ਕਿ ਇਸ ਰਚਨਾ ਦੇ ਸੰਪੂਰਨ ਹੁੰਦੇ ਹੀ ਇਸ ਦੇ ਉਤਾਰੇ ਹੋਣੇ ਸ਼ੁਰੂ ਹੋ ਗਏ। ਭਾਈ ਵੀਰ ਸਿੰਘ ਨੇ ਸੰਮਤ 1892 (1835 ਈ.) ਦੇ ਇਕ ਉਤਾਰੇ ਦਾ ਜ਼ਿਕਰ ਕੀਤਾ ਹੈ ਜੋ ਇਸ ਰਚਨਾ ਦੇ ਸੰਪੂਰਨ ਹੋਣ ਤੋਂ ਅਗਲੇ ਸਾਲ ਦਾ ਉਤਾਰਾ ਹੈ।

ਬਾਲਮੀਕੀ ਰਾਮਾਇਣ ਦਾ ਅਨੁਵਾਦ ਭਾਈ ਸੰਤੋਖ ਸਿੰਘ ਨੇ ਇੰਨੇ ਸੁੰਦਰ ਢੰਗ ਨਾਲ ਕੀਤਾ ਕਿ ਇਸ ਗ੍ਰੰਥ ਨੂੰ ਪੜ੍ਹਣ ਤੋਂ ਬਾਅਦ ਭਾਈ ਉਦੈ ਸਿੰਘ ਨੇ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਮੋਰਥਲੀ ਨਾਮ ਦਾ ਪਿੰਡ ਇਨਾਮ ਵਜੋਂ ਦਿੱਤਾ।

ਇਹ ਗ੍ਰੰਥ ਕਵੀ ਜੀ ਦੀ ਭਾਸ਼ਾ ਅਤੇ ਸਾਹਿਤਕ ਪੱਖੋਂ ਵਿਚ ਅਹਿਮ ਰਚਨਾ ਹੈ। ਬੇਸ਼ੱਕ ਇਹ ਰਚਨਾ ਹਿੰਦੂ ਧਰਮ ਗ੍ਰੰਥ ਦਾ ਅਨੁਵਾਦ ਹੈ ਪਰੰਤੂ ਇਸ ਦਾ ਭਾਈ ਸਾਹਿਬ ਦੀ ਇਸ਼ਟ ਵਾਲੀ ਸ਼ਰਧਾ ਨਾਲ ਕੋਈ ਸੰਬੰਧ ਨਹੀਂ ਸੀ

ਸਗੋਂ ਇਸ ਵਿਚ ਉਨ੍ਹਾਂ ਨੇ ਦਸ ਗੁਰੂ ਸਾਹਿਬਾਨ ਦੀ ਉਸਤਤ ਕੀਤੀ ਹੈ ਤਾਂ ਜੋ ਹਿੰਦੂ ਧਰਮ ਨਾਲ ਸੰਬੰਧਿਤ ਪ੍ਰੇਮੀ ਵੀ ਗੁਰੂ ਸਾਹਿਬਾਨ ਦੇ ਗੁਣਾਂ ਤੋਂ ਜਾਣੂੰ ਹੋ ਸਕਣ।

### 3.10.5 ਆਤਮ ਪੁਰਾਣ ਦਾ ਟੀਕਾ

ਭਾਈ ਸੰਤੋਖ ਸਿੰਘ ਦੁਆਰਾ ਰਚਿਤ ਇਹ ਗ੍ਰੰਥ ਭਾਈ ਵੇਦਾਂਤ ਦੇ ਸੰਸਕ੍ਰਿਤ ਗ੍ਰੰਥ ਆਤਮ ਪੁਰਾਣ ਦਾ ਟੀਕਾ ਹੈ। ਕਵੀ ਜੀ ਨੇ ਇਸ ਟੀਕੇ ਨੂੰ ਬਾਲਮੀਕੀ ਰਾਮਾਇਣ ਦੇ ਅਨੁਵਾਦ ਤੋਂ ਬਾਅਦ ਕੀਤੇ ਜਾਣ ਦਾ ਜ਼ਿਕਰ ਕੀਤਾ ਹੈ ਜਿਸ ਦਾ ਰਚਨਾ ਕਾਲ ਭਾਈ ਵੀਰ ਸਿੰਘ ਨੇ ਸੰਮਤ 1891 (1834 ਈ.) ਮੰਨਿਆ ਹੈ।

ਇਸ ਗ੍ਰੰਥ ਦੇ ਆਕਾਰ, ਅਧਿਆਇ ਜਾਂ ਸਮੱਗਰੀ ਬਾਰੇ ਕੋਈ ਵੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਕਿਉਂਕਿ ਇਹ ਗ੍ਰੰਥ ਇਸ ਸਮੇਂ ਪ੍ਰਾਪਤ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਇਹ ਵੇਖਣ ਵਿਚ ਆਇਆ ਹੈ। ਭਾਈ ਵੀਰ ਸਿੰਘ ਦੀ ਪ੍ਰਸਤਾਵਨਾ ਵਾਲੀ ਜਿਲਦ ਵਿੱਚੋਂ ਸ੍ਵੇਤਾਸ੍ਵਤਰ ਉਪਨਿਸ਼ਦ ਦੇ ਟੀਕੇ ਦਾ ਕੁੱਝ ਅੰਸ਼ ਪ੍ਰਾਪਤ ਹੁੰਦਾ ਹੈ ਜਿਸ ਵਿਚ ਧਿਆਨ ਲਗਾਉਣ ਦੀ ਵਿਧੀ ਬਾਰੇ ਦੱਸਿਆ ਗਿਆ ਹੈ।

### 3.10.6 ਗੁਰ ਪ੍ਰਤਾਪ ਸੂਰਜ ਗ੍ਰੰਥ

ਗੁਰ ਪ੍ਰਤਾਪ ਸੂਰਜ ਗ੍ਰੰਥ ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਵਿੱਚੋਂ ਸਭ ਤੋਂ ਵੱਡਾ ਅਤੇ ਅਹਿਮ ਗ੍ਰੰਥ ਹੈ ਜਿਸ ਨੇ ਕਵੀ ਜੀ ਨੂੰ ਸਿੱਖ ਧਰਮ ਵਿਚ ਅਥਾਹ ਸਤਿਕਾਰ ਪ੍ਰਦਾਨ ਕੀਤਾ। ਕੈਥਲ ਦੀ ਧਰਤੀ ’ਤੇ ਕੀਤੀ ਗਈ ਇਹ, ਮਹਾਂਕਾਵਿ ਦਾ ਦਰਜਾ ਰੱਖਣ ਵਾਲੀ ਬ੍ਰਜ ਭਾਸ਼ਾਈ ਰਚਨਾ ਹੈ। ਇਸ ਵਿਚ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਅਤੇ ਬਾਬਾ ਬੰਦਾ ਸਿੰਘ ਬਹਾਦਰ ਤੱਕ ਦਾ ਸਿੱਖ ਇਤਿਹਾਸ ਸ਼ਾਮਿਲ ਹੈ ਜਿਸ ਨੂੰ ਕਾਵਿਕ ਰੂਪ ਵਿਚ ਸੁੰਦਰ ਛੰਦਾਬੰਦੀ ਰਾਹੀਂ ਲਿਖਿਆ ਗਿਆ ਹੈ। ਇਸ ਗ੍ਰੰਥ ਨੂੰ ਅਸੀਂ ਸ੍ਰੀ ਗੁਰ ਨਾਨਕ ਪ੍ਰਕਾਸ਼ ਦੀ ਗੁਰ ਇਤਿਹਾਸ ਵਾਲੀ ਲੜੀ ਦਾ ਅਗਲਾ ਹਿੱਸਾ ਵੀ ਆਖ ਸਕਦੇ ਹਾਂ। ਭਾਈ ਵੀਰ ਸਿੰਘ ਨੇ ਇਸ ਗ੍ਰੰਥ ਨੂੰ ਸ੍ਰੀ ਗੁਰ ਨਾਨਕ ਪ੍ਰਕਾਸ਼ ਦੀ ਅਗਲੀ ਕੜੀ ਦੇ ਰੂਪ ਵਿਚ ਜੋੜ ਕੇ ਦੋਵਾਂ ਗ੍ਰੰਥਾਂ ਨੂੰ ਇਕ ਗ੍ਰੰਥ ‘ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ’ ਦੇ ਰੂਪ ਵਿਚ ਸੰਪਾਦਿਤ ਕੀਤਾ ਹੈ। ਇਸ ਸੰਬੰਧੀ ਪਿੱਛੇ ਵੀ ਜ਼ਿਕਰ ਆ ਚੁੱਕਿਆ ਹੈ ਕਿ ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੋਵੇਂ ਬੇਸ਼ੱਕ ਵੱਖ-ਵੱਖ ਗ੍ਰੰਥ ਹਨ ਪਰੰਤੂ ਦੋਵਾਂ ਦਾ ਪ੍ਰਕਾਸ਼ਿਤ ਰੂਪ ਇਕ ਗ੍ਰੰਥ ਦੇ ਰੂਪ ਵਿਚ ਹੀ ਪ੍ਰਾਪਤ ਹੁੰਦਾ ਹੈ।

ਬੇਸ਼ੱਕ ਇਸ ਗ੍ਰੰਥ ਦੀ ਰਚਨਾ 1835 ਈ. ਵਿਚ ਸ਼ੁਰੂ ਹੋਈ ਪਰੰਤੂ ਇਸ ਨਾਲ ਸੰਬੰਧਿਤ ਸਮੱਗਰੀ ਦੀ ਖੋਜ ਦਾ ਕਾਰਜ 1823 ਈ. ਵਿਚ ਸ੍ਰੀ ਗੁਰ ਨਾਨਕ ਪ੍ਰਕਾਸ਼ ਦੀ ਸੰਪੂਰਨਤਾ ਤੋਂ ਬਾਅਦ ਹੀ ਆਰੰਭ ਹੋ ਗਿਆ ਸੀ। ਇਸ ਪ੍ਰਕਾਰ 1843 ਈ. ਵਿਚ ਸੰਪੂਰਨ ਹੋਣ ਵਾਲਾ ਇਹ ਗ੍ਰੰਥ ਭਾਈ ਸੰਤੋਖ ਸਿੰਘ ਦੀ ਲਗਪਗ ਵੀਹ ਸਾਲਾਂ ਦੀ ਮਿਹਨਤ ਦਾ ਫਲ ਹੈ।

## 3.11 ਭਾਈ ਸੰਤੋਖ ਸਿੰਘ ਦੀ ਸ਼ਖ਼ਸੀਅਤ

ਭਾਈ ਸੰਤੋਖ ਸਿੰਘ ਸਿੱਖੀ ਨੂੰ ਸਮਰਪਿਤ ਇਕ ਗੁਰਮੁਖ ਆਤਮਾ ਸਨ ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਸਿੱਖ ਸਾਹਿਤ ਦੀ ਰਚਨਾ ਨੂੰ ਸਮਰਪਿਤ ਕੀਤਾ। ਜਿੱਥੇ ਭਾਈ ਸਾਹਿਬ ਦੀਆਂ ਲਿਖਤਾਂ ਉਨ੍ਹਾਂ ਦੇ ਉੱਚ ਕੋਟੀ ਦੇ ਸਾਹਿਤਕਾਰ ਹੋਣ ਦੀ ਗਵਾਹੀ ਭਰਦੀਆਂ ਹਨ ਉੱਥੇ ਉਨ੍ਹਾਂ ਦਾ ਜੀਵਨ ਬਿਰਤਾਂਤ ਉਨ੍ਹਾਂ ਦੀ ਬਹੁਪੱਖੀ ਸ਼ਖ਼ਸੀਅਤ ਨੂੰ ਪ੍ਰਮਾਣਿਤ ਕਰਦਾ ਹੈ। ਭਾਈ ਸੰਤੋਖ ਸਿੰਘ ਅਤੇ ਉਨ੍ਹਾਂ ਦੀ ਰਚਨਾਵਾਂ ਦਾ ਸਿੱਖ ਪੰਥ ਵਿਚ ਸਤਿਕਾਰਤ ਦਰਜਾ ਹੋਣਾ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਉਹ ਉੱਚ ਗੁਣਾਂ ਵਾਲੇ ਵਿਅਕਤਿਤਵ ਦੇ ਮਾਲਕ ਸਨ। ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿੱਚੋਂ ਪ੍ਰਾਪਤ ਹੋਣ ਵਾਲੇ ਮੁੱਖ ਪੱਖ ਇਸ ਪ੍ਰਕਾਰ ਹਨ-

### 3.11.1 ਸਿੱਖੀ ਜੀਵਨ ਵਾਲੀ ਇਕ ਅਧਿਆਤਮਵਾਦੀ ਆਤਮਾ

ਭਾਈ ਸੰਤੋਖ ਸਿੰਘ ਆਪਣੇ ਨਿਜੀ ਜੀਵਨ ਵਿਚ ਸਿੱਖੀ ਰਹਿਤ ਬਹਿਤ ਅਤੇ ਗੁਰਬਾਣੀ ਸਿਧਾਂਤਾਂ ਅਨੁਸਾਰ ਜੀਵਨ ਜਿਉਣ ਵਾਲੇ ਗੁਰਸਿੱਖ ਸਨ। ਉਨ੍ਹਾਂ ਦੇ ਨਿਤਾਪ੍ਰਤਿ ਜੀਵਨ ਦੇ ਪ੍ਰਾਪਤ ਹੋਣ ਵਾਲੇ ਵੇਰਵਿਆਂਤੋਂ ਪਤਾ ਚੱਲਦਾ

ਹੈ ਕਿ ਉਹ ਅੰਮ੍ਰਿਤ ਵੇਲੇ ਤੀਜੇ ਪਹਿਰ ਉੱਠ ਕੇ ਭਜਨ ਬੰਦਗੀ ਕਰਨ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਸਨ। ਗੁਰਬਾਣੀ ਦਾ ਪਾਠ ਕਰਦੇ ਹੋਏ ਅਦਬ ਅਤੇ ਪਿਆਰ ਵਿਚ ਉਨ੍ਹਾਂ ਦੀਆਂ ਅੱਖਾਂ ਸੇਜਲ ਹੋ ਜਾਂਦੀਆਂ। ਗੁਰੂ ਸਾਹਿਬ ਦਾ ਓਟ ਆਸਰਾ ਲੈਣ ਤੋਂ ਬਾਅਦ ਹੀ ਉਹ ਆਪਣਾ ਸਾਹਿਤਕ ਜਾਂ ਹੋਰ ਰੁਝੇਵੇਂ ਵਾਲਾ ਕਾਰਜ ਸ਼ੁਰੂ ਕਰਦੇ।

ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਅਖੀਰਲੇ ਸਮੇਂ ਵਿਚ ਕੈਥਲ ਰਾਜ ਦੇ ਜ਼ਬਤ ਹੋਣ ਤੋਂ ਬਾਅਦ ਜਦੋਂ ਰਾਜ ਆਸਰਾ ਖਤਮ ਹੋ ਗਿਆ ਅਤੇ ਭਾਈ ਸੰਤੋਖ ਸਿੰਘ ਦੀ ਸਿਹਤ ਢਿੱਲੀ ਰਹਿਣ ਲੱਗ ਪਈ ਤਾਂ ਉਨ੍ਹਾਂ ਦਾ ਗੁਰਸਿੱਖ ਮਨ ਇਸ ਹਾਲਤ ਵਿਚ ਗ੍ਰੰਥ ਵਾਲੇ ਕਾਰਜ ਦੀ ਸਫਲਤਾ ਲਈ ਆਪਣੇ ਇਸ਼ਟ ਕਲਗੀਧਰ ਜੀ ਅੱਗੇ ਦਿਲ ਦੇ ਗਹਿਰਾਈਆਂ ਵਿਚੋਂ ਬੇਨਤੀ ਕਰਦਾ। ਉਹ ਦੂਸਰੀਆਂ ਸਾਰੀਆਂ ਆਸਾਂ ਛੱਡ ਕੇ ਗੁਰੂ ਸਾਹਿਬ 'ਤੇ ਹੀ ਆਸ ਰੱਖਦੇ। 'ਅਬ ਆਨ ਕੀ ਆਸ ਨਿਰਾਸ ਭਈ ਕਲਗੀਧਰ ਬਾਸ ਕੀਓ ਮਨ ਮਾਹੀ' ਵਾਲੀ ਲਾਈਨ ਉਨ੍ਹਾਂ ਦੀ ਗੁਰੂ ਸਿੱਦਕ ਨਾਲ ਜੁੜੀ ਹੋਈ ਅਧਿਆਤਮਿਕ ਅਵਸਥਾ ਦੀ ਸੂਚਕ ਹੈ।

### 3.11.2 ਗੁਰੂ ਅਤੇ ਗੁਰਬਾਣੀ ਨਾਲ ਪਿਆਰ ਕਰਨ ਵਾਲੇ

ਗੁਰੂ ਸਾਹਿਬਾਨ ਅਤੇ ਗੁਰਬਾਣੀ ਪ੍ਰਤੀ ਭਾਈ ਸਾਹਿਬ ਦਾ ਪਿਆਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਬਹੁਤ ਸਾਰੀ ਥਾਵਾਂ 'ਤੇ ਵੇਖਿਆ ਜਾ ਸਕਦਾ ਹੈ ਜਿੰਨਾਂ ਵਿਚ ਉਨ੍ਹਾਂ ਨੇ ਗੁਰੂ ਸਾਹਿਬਾਨ ਨੂੰ ਪਰਮਾਤਮਾ ਦਾ ਰੂਪ ਕਹਿ ਕੇ ਸਾਰੇ ਦੇਵੀ ਦੇਵਤਿਆਂ ਤੋਂ ਉੱਚ ਰੁਤਬੇ ਵਾਲਾ ਦਰਸਾਇਆ ਹੈ। ਉਨ੍ਹਾਂ ਨੇ ਆਪਣੀ ਰਚਨਾਵਾਂ ਵਿਚ ਗੁਰਬਾਣੀ ਨੂੰ 'ਰੋਗ ਭ੍ਰਮ ਭੰਗਣੀ', 'ਸਦੀਵ ਸੁਖਦਾਨੀ', 'ਬ੍ਰਹਮ ਗਿਆਨ ਹਰਿ ਭਗਤ ਖਜਾਨਾ' ਆਦਿ ਅਲੰਕ੍ਰਿਤ ਲਫ਼ਜ਼ਾਂ ਨਾਲ ਸਤਿਕਾਰ ਪ੍ਰਦਾਨ ਕੀਤਾ ਹੈ। ਅਨੰਦਘਨ ਦੁਆਰਾ ਜਪੁ ਜੀ ਬਾਣੀ ਦੇ ਗਲਤ ਅਰਥ ਕਰਨ ਅਤੇ ਗੁਰੂ ਨਾਨਕ ਸਾਹਿਬ ਬਾਰੇ ਕਿੰਤੂ ਪਰੰਤੂ ਕਰਨ 'ਤੇ ਉਸ ਦਾ ਜਵਾਬ ਇਕ ਅਲੰਕ੍ਰਿਤ ਟੀਕਾ ਲਿਖ ਕੇ ਦੇਣਾ, ਉਨ੍ਹਾਂ ਦੇ ਗੁਰਬਾਣੀ ਅਤੇ ਗੁਰੂ ਸਾਹਿਬ ਨਾਲ ਪਿਆਰ ਦੇ ਸਦਕਾ ਹੀ ਸੀ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਉਨ੍ਹਾਂ ਦੇ ਗੁਰੂ ਜੱਸ ਲਿਖਣ ਵਾਲੀ ਗੁਰੂ ਪਿਆਰ ਵਾਲੀ ਇੱਛਾ ਦਾ ਹੀ ਪ੍ਰਗਟਾਵਾ ਹੈ। ਗੁਰੂ ਸਾਹਿਬਾਨ ਦੇ ਪਿਆਰ ਵਿਚ ਭਿੱਜ ਕੇ 62-63 ਹਜ਼ਾਰ ਦੇ ਲਗ-ਪਗ ਛੰਦਾਂ ਵਾਲਾ ਗ੍ਰੰਥ ਲਿਖ ਦੇਣਾ ਗੁਰੂ ਪਿਆਰ ਦੀ ਆਪਣੇ ਆਪ ਵਿਚ ਇਕ ਨਿਵੇਕਲੀ ਮਿਸਾਲ ਹੈ।

### 3.11.3 ਮਿਹਨਤੀ ਅਤੇ ਹੌਸਲੇ ਨਾਲ ਭਰਪੂਰ

ਭਾਈ ਸੰਤੋਖ ਸਿੰਘ ਨੇ ਆਪਣੀ ਜ਼ਿੰਦਗੀ ਵਿਚ ਜਿਸ ਉੱਚ ਪੱਧਰ ਦਾ ਸਾਹਿਤਕ ਕਾਰਜ ਕੀਤਾ ਹੈ ਉਸ ਨੂੰ ਵੇਖ ਕੇ ਇਹ ਕਹਿਣ ਦੀ ਲੋੜ ਨਹੀਂ ਰਹਿ ਜਾਂਦੀ ਕਿ ਉਹ ਮਿਹਨਤੀ ਸੁਭਾਅ ਵਾਲੇ ਸਿਰੜੀ ਮਨੁੱਖ ਸਨ। ਕੈਥਲ ਰਿਆਸਤ ਦੇ ਦਰਬਾਰੀ ਕਵੀ ਹੋਣ ਦੇ ਨਾਲ-ਨਾਲ ਰਿਆਸਤ ਦੇ ਰੁਕਨ ਵਜੋਂ ਕਾਰਜ ਕਰਦੇ ਹੋਏ ਅਜਿਹੇ ਵਿਅਸਤ ਨਿਤਾਕ੍ਰਮ ਵਿੱਚੋਂ ਸਮਾਂ ਕੱਢ ਕੇ ਗਰਬ ਗੰਜਨੀ ਟੀਕਾ, ਬਾਲਮੀਕੀ ਰਾਮਾਇਣ ਦਾ ਅਨੁਵਾਦ, ਆਤਮ ਪੁਰਾਣ ਦਾ ਟੀਕਾ ਅਤੇ ਗੁਰ ਪ੍ਰਤਾਪ ਸੂਰਜ ਵਰਗੇ ਗ੍ਰੰਥਾਂ ਦੀ ਰਚਨਾ ਆਪਣੇ ਆਪ ਵਿਚ ਅਸਚਰਜਤਾ ਦਾ ਕਾਰਜ ਹੈ। 8-9 ਸਾਲਾਂ ਦੇ ਸੀਮਿਤ ਸਮੇਂ ਵਿਚ ਉਨ੍ਹਾਂ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਇਕੱਠੀ ਹੋਈ ਸੰਬੰਧਿਤ ਸਮਗਰੀ ਦੀ ਸੁਧਾਈ ਕਰਕੇ ਆਪਣੀ ਲਗਨ ਅਤੇ ਮਿਹਨਤ ਰਾਹੀਂ ਛੰਦਾਬੰਦੀ ਵਾਲਾ ਇਕ ਵਿਸ਼ਾਲ ਮਹਾਂਕਾਵਿ ਤਿਆਰ ਕੀਤਾ।

ਕਵੀ ਜੀ ਨੂੰ ਉਨ੍ਹਾਂ ਦੇ ਜੀਵਨ ਵਿਚ ਆਰਥਿਕ ਤੰਗੀ ਵਾਲੇ ਦਿਨ ਵੀ ਵੇਖਣੇ ਪਏ। ਅਜਿਹਾ ਸਮਾਂ ਵੀ ਆਇਆ ਜਦੋਂ ਮਿੱਤਰ, ਪ੍ਰੇਮੀ ਅਤੇ ਰਿਸ਼ਤੇਦਾਰ ਵੀ ਪੈਸਿਆਂ ਕਾਰਨ ਪਾਸਾ ਵੱਟਣ ਲੱਗ ਪਏ। ਅਜਿਹੇ ਸਮੇਂ ਵਿਚ ਵੀ ਉਨ੍ਹਾਂ ਨੇ ਆਪਣੇ ਕਦੀ ਨਾ ਟੁੱਟਣ ਵਾਲੇ ਹੌਂਸਲੇ ਅਤੇ ਗੁਰੂ ਕ੍ਰਿਪਾ ਸਦਕਾ ਨਾਮ ਕੋਸ਼ ਅਤੇ ਸ੍ਰੀ ਗੁਰ ਨਾਨਕ ਪ੍ਰਕਾਸ਼ ਵਰਗੇ ਗ੍ਰੰਥ, ਬਿਨਾਂ ਕਿਸੇ ਰਾਜਸੀ ਆਸਰੇ ਦੇ ਸੰਪੂਰਨ ਕੀਤੇ। ਇਹ ਦੋਵੇਂ ਗ੍ਰੰਥ ਅੱਜ ਵੀ ਉਨ੍ਹਾਂ ਦੇ ਹੌਂਸਲੇ ਦੀ ਗਵਾਹੀ ਭਰਦੇ ਹਨ ਜੋ ਉਨ੍ਹਾਂ ਨੇ ਔਖੇ ਤੋਂ ਔਖੇ ਸਮੇਂ ਵਿਚ ਵੀ ਨਾ ਛੱਡਿਆ।

### 3.11.4. ਉੱਚ ਕੋਟੀ ਦੇ ਕਵੀ

ਭਾਈ ਸੰਤੋਖ ਸਿੰਘ ਅਕਾਲ ਪੁਰਖ ਵੱਲੋਂ ਵਰੋਸਾਈ ਹੋਈ ਉੱਚ ਪੱਧਰ ਦੀ ਕਾਵਿਕ ਪ੍ਰਤਿਭਾ ਦੇ ਮਾਲਕ ਸਨ ਜਿਨ੍ਹਾਂ ਦੀ ਛੰਦਾਬੰਦੀ ਸਰੋਤਿਆਂ/ਪਾਠਕਾਂ ਦੇ ਦਿਲਾਂ 'ਤੇ ਜਾਦੂ ਵਰਗਾ ਅਸਰ ਕਰਦੀ ਹੈ। ਛੰਦ ਦੇ ਨਿਯਮਾਂ ਨੂੰ ਧਿਆਨ

ਰੱਖਦੇ ਹੋਏ ਪ੍ਰਸੰਗ ਦੇ ਅਨੁਕੂਲ ਰਸ ਅਤੇ ਸ਼ਬਦਾਵਲੀ ਦੀ ਵਰਤੋਂ ਰਾਹੀਂ ਰਚਨਾ ਕਰਨ ਵਾਲੇ ਗੁਣ ਕਾਰਨ ਹੀ ਉਨ੍ਹਾਂ ਨੂੰ ਚੂੜਾਮਣੀ ਅਤੇ ਮਹਾਂਕਵੀ ਦੀਆਂ ਉਪਾਧੀਆਂ ਪ੍ਰਾਪਤ ਹਨ।

ਗਰਬ ਗੰਜਨੀ ਟੀਕੇ ਵਿਚ ਉਨ੍ਹਾਂ ਦਾ ਅਲੰਕਾਰਾਂ ਨਾਲ ਸੰਬੰਧਿਤ ਕਾਵਿਕ ਗਿਆਨ ਭਲੀ ਭਾਂਤ ਵੇਖਿਆ ਜਾ ਸਕਦਾ ਹੈ। ਛੰਦਬੰਦੀ ਦਾ ਕਮਾਲ ਵੇਖਣਾ ਹੋਵੇ ਤਾਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਜਿਹੇ ਕਿਸਮ ਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਬਹੁਤ ਹੀ ਸੁੰਦਰ ਢੰਗ ਨਾਲ ਵੱਖ-ਵੱਖ ਛੰਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਨਾਮ ਕੋਸ਼ ਗ੍ਰੰਥ ਵਿਚ ਸ਼ਿਵ ਦੇ ਪ੍ਰਾਪਤ ਹੋਣ ਵਾਲੇ 48 ਨਾਵਾਂ ਨੂੰ ਕਾਵਿਕ ਸ਼ੈਲੀ ਵਿਚ ਛੰਦਬੰਦੀ ਰਾਹੀਂ ਤੁਕਾਂਤ ਮੇਲ ਕਰਕੇ ਦੋ ਛੰਦਾਂ ਵਿਚ ਲਿਖ ਦੇਣਾ ਉਨ੍ਹਾਂ ਦੇ ਕਾਵਿਕ ਹੁਨਰ ਦਾ ਚਮਤਕਾਰ ਹੈ।

### 3.11.5 ਇਤਿਹਾਸਕਾਰ ਵੱਜੋਂ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਰਗੇ ਇਤਿਹਾਸਿਕ ਕਾਵਿ ਦੀ ਰਚਨਾ ਭਾਈ ਸੰਤੋਖ ਸਿੰਘ ਨੂੰ ਆਪਣੇ ਆਪ ਹੀ ਇਤਿਹਾਸਕਾਰਾਂ ਦੀ ਲੜੀ ਵਿਚ ਸਥਾਪਤ ਕਰ ਦਿੰਦੀ ਹੈ। ਬੇਸ਼ੱਕ ਭਾਈ ਸੰਤੋਖ ਸਿੰਘ ਦੇ ਲਿਖੇ ਇਤਿਹਾਸਿਕ ਕਾਵਿ ਵਿੱਚੋਂ ਬਹੁਤ ਸਾਰੀਆਂ ਇਤਿਹਾਸਿਕ ਉਕਾਈਆਂ ਵੀ ਮਿਲ ਸਕਦੀਆਂ ਹਨ ਪਰੰਤੂ ਇੰਨੇ ਵੱਡੇ ਕਾਰਜ ਵਿਚ ਕੁੱਝ ਉਕਾਈਆਂ ਹੋ ਜਾਣ ਨਾਲ ਭਾਈ ਸਾਹਿਬ ਅਤੇ ਉਨ੍ਹਾਂ ਦੀ ਲਿਖਤ ਦੀ ਮਹਾਨਤਾ ਘੱਟ ਨਹੀਂ ਹੋ ਜਾਂਦੀ। ਜਿਸ ਢੰਗ ਨਾਲ ਉਨ੍ਹਾਂ ਨੇ ਵੱਖ-ਵੱਖ ਸਰੋਤਾਂ ਦਾ ਅਧਿਐਨ ਕਰਕੇ ਉਨ੍ਹਾਂ ਦੀ ਛਾਣਬੀਣ ਤੋਂ ਬਾਅਦ ਇਸ ਸਮੱਗਰੀ ਨੂੰ ਆਪਣੀ ਰਚਨਾ ਲਈ ਵਰਤਿਆ ਉਸ ਕਦਮ ਨੂੰ ਅਸੀਂ ਕਿਸੇ ਸੁਚੱਜੇ ਇਤਿਹਾਸਕਾਰ ਵਾਲੇ ਕਦਮ ਤੋਂ ਘੱਟ ਨਹੀਂ ਆਖ ਸਕਦੇ। ਕਵੀ ਜੀ ਅਨੁਸਾਰ ਇਸ ਸਮੱਗਰੀ ਵਿੱਚੋਂ ਗੁਰ ਇਤਿਹਾਸ ਲੱਭਣਾ ਰੇਤ ਵਿੱਚੋਂ ਸੋਨੇ ਦੇ ਛੋਟੇ ਟੁਕੜੇ ਲੱਭਣ ਦੇ ਬਰਾਬਰ ਸੀ ਜੋ ਉਨ੍ਹਾਂ ਨੇ ਆਪਣੇ ਇਤਿਹਾਸਿਕ ਸੂਝ ਬੂਝ ਰਾਹੀਂ ਪੂਰਾ ਕੀਤਾ। ਉਨ੍ਹਾਂ ਨੇ ਅਜਿਹੇ ਪ੍ਰਸੰਗਾਂ ਨੂੰ ਆਪਣੀ ਰਚਨਾ ਵਿਚ ਸਥਾਨ ਨਹੀਂ ਦਿੱਤਾ ਜੋ ਇਤਿਹਾਸਿਕ ਕਸਵਟੀ ’ਤੇ ਪੂਰੇ ਨਹੀਂ ਉੱਤਰਦੇ ਸਨ, ਜਿਵੇਂ- ਗੁਰ ਪ੍ਰਣਾਲੀਆਂ ਵਿਚ ਇਕ ਦਾਸੀ ਦੁਆਰਾ ਗੁਰੂ ਹਰਿ ਰਾਇ ਸਾਹਿਬ ਦੀ ਕ੍ਰਿਪਾ ਦ੍ਰਿਸ਼ਟੀ ਵਾਲਾ ਦੁੱਧ ਪੀਣ ਤੋਂ ਬਾਅਦ ਉਸ ਦੀ ਕੁੱਖੋਂ ਬਾਬਾ ਰਾਮ ਰਾਏ ਦਾ ਜਨਮ ਹੋਣਾ।

ਭਾਈ ਬਾਲਾ ਜਨਮ ਸਾਖੀ ਵਿਚ ਮਿਲਾਵਟ ਹੋਣ ਬਾਰੇ ਭਾਈ ਸੰਤੋਖ ਸਿੰਘ ਦੀ ਸੁਚੇਤਤਾ ਵਾਲਾ ਕਥਨ ਦਰਸਾਉਂਦਾ ਹੈ ਕਿ ਉਹ ਇਤਿਹਾਸਿਕ ਸਮੱਗਰੀ ਨੂੰ ਵਰਤਣ ਪ੍ਰਤੀ ਕਿੰਨੀ ਜ਼ਿਆਦਾ ਚੇਤੰਨ ਸਨ।

ਬੇਸ਼ੱਕ ਅਸੀਂ ਭਾਈ ਸੰਤੋਖ ਸਿੰਘ ਨੂੰ ਮੌਜੂਦਾ ਸਮੇਂ ਦੀ ਅਕਾਦਮਿਕ ਕਸਵਟੀ ਤੇ ਪੂਰਾ ਉਤਰਨ ਵਾਲਾ ਇਤਿਹਾਸਕਾਰ ਨਹੀਂ ਆਖ ਸਕਦੇ ਪਰੰਤੂ ਉਨ੍ਹਾਂ ਦੇ ਕੀਤੇ ਕਾਰਜ ਨੂੰ ਸਿੱਖ ਇਤਿਹਾਸਕਾਰੀ ਵਿਚ ਪੁੱਟਿਆ ਗਿਆ ਇਕ ਠੋਸ ਕਦਮ ਕਹਿਣ ਤੋਂ ਸੰਕੋਚ ਨਹੀਂ ਕੀਤਾ ਜਾ ਸਕਦਾ।

### 3.11.6 ਇਕ ਸੁਚੱਜੇ ਪੇਸ਼ਕਾਰ

ਆਪਣੀ ਰਚਨਾ ਵਿਚ ਕਿਸੇ ਪ੍ਰਸੰਗ ਦੀ ਸੁੰਦਰ ਅਤੇ ਦਿਲਚਸਪ ਢੰਗ ਨਾਲ ਪੇਸ਼ਕਾਰੀ ਭਾਈ ਸੰਤੋਖ ਸਿੰਘ ਦੀ ਸ਼ਖ਼ਸੀਅਤ ਦਾ ਇਕ ਵਿਸ਼ੇਸ਼ ਗੁਣ ਹੈ ਜਿਸ ਨੇ ਉਨ੍ਹਾਂ ਦੇ ਰਚੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਸਿੱਖ ਸੰਗਤਾਂ ਵਿਚ ਲੋਕਪ੍ਰਿਯ ਬਣਾਇਆ। ਉਨ੍ਹਾਂ ਦੀ ਅਜਿਹੀ ਪੇਸ਼ਕਾਰੀ ਉੱਪਰ ਉਨ੍ਹਾਂ ਦੀ ਕਵਿਤਾਮਈ ਸ਼ੈਲੀ ਨੇ ਸੋਨੇ ’ਤੇ ਸੁਹਾਗੇ ਦਾ ਕਾਰਜ ਕੀਤਾ। ਭਾਈ ਸਾਹਿਬ ਨੇ ਆਪਣੀ ਇਸ ਕਲਾ ਰਾਹੀਂ ਇਤਿਹਾਸ ਵਰਗੇ ਖੁਸ਼ਕ ਸਮਝੇ ਜਾਂਦੇ ਵਿਸ਼ੇ ਨੂੰ ਵੀ ਰੋਚਕ ਬਣਾ ਦਿੱਤਾ ਜਿਸ ਨੂੰ ਗੁਰੂ ਇਤਿਹਾਸ ਦੇ ਪ੍ਰੇਮੀ ਆਨੰਦ ਲੈ ਕੇ ਪੜ੍ਹਦੇ/ਸੁਣਦੇ ਹਨ।

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਪੂਰਬਾਰਧ ਦੇ ਅਧਿਆਏ 21 ਅਤੇ ਅਧਿਆਇ 22 ਵਿਚ ਗੁਰੂ ਨਾਨਕ ਦੇਵ ਜੀ ਦੇ ਵਿਆਹ ਨਾਲ ਸੰਬੰਧਿਤ ਪ੍ਰਸੰਗਾਂ ਵਿਚ ਗੁਰੂ ਸਾਹਿਬ ਦੀ ਬਾਰਾਤ ਚੱਲਣ ਸਮੇਂ ਗੁਰੂ ਨਾਨਕ ਦੇਵ ਜੀ ਅਤੇ ਬਰਾਤੀਆਂ ਦੇ ਵਸਤਰਾਂ, ਘੋੜਿਆਂ-ਹਾਥੀਆਂ ਆਦਿ ਵਰਗੇ ਵਾਹਨਾਂ, ਆਸ-ਪਾਸ ਵੱਜ ਰਹੇ ਖੁਸ਼ੀ ਦੇ ਸਾਜ਼ਾਂ ਅਤੇ ਬਰਾਤ ਲਈ ਤਿਆਰ ਕੀਤੇ ਭੋਜਨ ਪਦਾਰਥਾਂ ਦਾ ਨਾਮ ਅਨੁਸਾਰ ਵੇਰਵਾ, ਪੇਸ਼ਕਾਰੀ ਦਾ ਸੁੰਦਰ ਨਮੂਨਾ ਹੈ। ਜੰਗ-ਯੁੱਧ ਵਾਲੇ ਪ੍ਰਸੰਗਾਂ ਵਿਚ ਸਿਪਾਹੀਆਂ ਦੀਆਂ ਪੁਸ਼ਾਕਾਂ, ਉਨ੍ਹਾਂ ਦੀਆਂ ਸਵਾਰੀਆਂ, ਸ਼ਸਤਰਾਂ ਦੀਆਂ ਕਿਸਮਾਂ, ਉਨ੍ਹਾਂ ਦੇ ਆਪਸੀ ਵਾਰਤਾਲਾਪ ਅਤੇ ਮਾਹੌਲ ਦਾ ਐਸਾ ਸੁੰਦਰ ਵਾਤਾਵਰਨ ਸਿਰਜਿਆ ਗਿਆ ਹੈ ਜਿਸ ਨੂੰ ਪੜ੍ਹ/ਸੁਣ ਕੇ ਮਹਿਸੂਸ ਹੁੰਦਾ ਹੈ ਕਿ ਇਹ ਸਾਰਾ ਕੁੱਝ ਅੱਖਾਂ ਸਾਹਮਣੇ ਕਿਸੇ ਫ਼ਿਲਮ ਵਾਂਗ ਚੱਲ ਰਿਹਾ ਹੋਵੇ। ਸ੍ਰੀ ਗੁਰ ਪ੍ਰਤਾਪ

ਸੂਰਜ ਗ੍ਰੰਥ ਵਿਚ ਜਦੋਂ ਗੁਰੂ ਸਾਹਿਬ ਜੀ ਦੇ ਲੱਗੇ ਹੋਏ ਦਰਬਾਰ ਦਾ ਜ਼ਿਕਰ ਆਉਂਦਾ ਹੈ ਤਾਂ ਗੁਰੂ ਸਾਹਿਬ ਜੀ ਦੇ ਧਾਰਨ ਕੀਤੇ ਵਸਤਰ, ਦਸਤਾਰ ਅਤੇ ਉਨ੍ਹਾਂ ਦੇ ਰੰਗ, ਗੁਰੂ ਸਾਹਿਬ ਦੇ ਬੈਠਣ ਦੇ ਢੰਗ, ਉਨ੍ਹਾਂ ਦੇ ਆਸ-ਪਾਸ ਬੈਠੇ ਗੁਰਸਿੱਖਾਂ ਦਾ ਵੇਰਵਾ, ਮੱਥਾ ਟੇਕ ਰਹੀ ਅਤੇ ਬੈਠੀ ਹੋਈ ਸੰਗਤ, ਸੰਗਤ ਵਿਚ ਬੈਠੇ ਹੋਏ ਪ੍ਰਮੁੱਖ ਗੁਰਸਿੱਖਾਂ ਦਾ ਵੇਰਵਾ ਸਰੋਤਿਆਂ/ਪਾਠਕਾਂ ਨੂੰ ਮੰਤਰ ਮੁਗਧ ਕਰ ਦਿੰਦਾ ਹੈ। ਭਾਈ ਸੰਤੋਖ ਸਿੰਘ ਦੀ ਅਜਿਹੀ ਪੇਸ਼ਕਾਰੀ ਸਰੋਤਿਆਂ/ਪਾਠਕਾਂ ਵਿਚ ਸੰਬੰਧਿਤ ਪ੍ਰਸੰਗ ਦੇ ਚੱਲ ਰਹੇ ਘਟਨਾਕ੍ਰਮ ਤੋਂ ਵਾਪਰਨ ਵਾਲੇ ਅਗਲੇ ਘਟਨਾਕ੍ਰਮ ਬਾਰੇ ਜਾਣਨ ਦੀ ਇੱਛਾ ਪੈਦਾ ਕਰਨ ਦੇ ਨਾਲ-ਨਾਲ ਗੁਰੂ ਇਤਿਹਾਸ ਨਾਲ ਨਿਰੰਤਰਤਾ ਵਿਚ ਜੋੜਨ ਦਾ ਕਾਰਜ ਵੀ ਕਰਦੀ ਹੈ।

### 3.11.7 ਦਾਰਸ਼ਨਿਕ ਅਤੇ ਵਿਆਖਿਆਕਾਰ ਵਜੋਂ

ਭਾਈ ਸੰਤੋਖ ਸਿੰਘ ਵਿਚ ਜਿੱਥੇ ਉੱਚ ਕੋਟੀ ਦੀ ਕਾਵਿਕ ਪ੍ਰਤਿਭਾ ਸੀ ਉੱਥੇ ਉਹ ਇਕ ਸੁਲਝੇ ਹੋਏ ਦਾਰਸ਼ਨਿਕ ਅਤੇ ਵਿਆਖਿਆਕਾਰ ਵੀ ਸਨ। ਉਨ੍ਹਾਂ ਨੂੰ ਸਿੱਖੀ ਦਰਸ਼ਨ ਤੋਂ ਇਲਾਵਾ ਯੋਗ ਅਤੇ ਵੇਦਾਂਤ ਦਰਸ਼ਨ ਦੀ ਵੀ ਗੂੜ੍ਹੀ ਸਮਝ ਸੀ। ਉਨ੍ਹਾਂ ਨੇ ਗੁਰਮਤਿ ਦਰਸ਼ਨ ਪੇਸ਼ ਕਰਨ ਦੇ ਨਾਲ-ਨਾਲ ਵੇਦਾਂਤ ਅਤੇ ਯੋਗ ਦਰਸ਼ਨ ਬਾਰੇ ਵੀ ਚਾਨਣਾ ਪਾ ਕੇ ਗੁਰਮਤਿ ਸਿਧਾਂਤਾਂ ਦੇ ਨਿਵੇਕਲੇਪਨ ਨੂੰ ਪ੍ਰਸਤੁਤ ਕੀਤਾ ਹੈ। ਗਰਬ ਰਜਨੀ ਟੀਕੇ ਤੋਂ ਉਨ੍ਹਾਂ ਦੀ ਵਿਆਖਿਆਕਾਰੀ ਦਾ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ।

ਉਨ੍ਹਾਂ ਦੇ ਵਰਣਿਤ ਸਿੱਖ ਦਰਸ਼ਨ ਉੱਪਰ ਕਈ ਥਾਵਾਂ 'ਤੇ ਵੇਦਾਂਤ ਦਾ ਪ੍ਰਭਾਵ ਵੀ ਹੈ ਜਿਸ ਨੂੰ ਗੁਰਮਤਿ ਦੀ ਰੌਸ਼ਨੀ ਵਿਚ ਸਪਸ਼ਟ ਕੀਤਾ ਜਾ ਸਕਦਾ ਹੈ।

ਸਿੱਖੀ ਰਹਿਤ ਦੀ ਵਿਆਖਿਆ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਦੀ ਰੁੱਤ 3 ਦੇ ਅੰਸੂ 50 ਵਿਚ ਵਿਚ ਵੇਖੀ ਜਾ ਸਕਦੀ ਹੈ ਜਿਸ ਦਾ ਆਧਾਰ ਰਹਿਤਨਾਮਿਆਂ ਨੂੰ ਬਣਾਇਆ ਗਿਆ ਹੈ। ਇਸ ਗ੍ਰੰਥ ਦੇ ਪ੍ਰਸੰਗਾਂ ਵਿਚ ਬਹੁਤ ਸਾਰੀਆਂ ਥਾਵਾਂ 'ਤੇ ਗੁਰੂ ਸਾਹਿਬਾਨ ਨਾਲ ਕਿਸੇ ਪਾਤਰ ਦੇ ਸੰਵਾਦ ਰਾਹੀਂ ਉਪਦੇਸ਼ਾਤਮਕ ਸ਼ੈਲੀ ਵਿਚ ਸਿੱਖ ਸਿਧਾਂਤਾਂ ਅਤੇ ਗੁਰਬਾਣੀ ਦੀ ਵਿਆਖਿਆ ਸੁੰਦਰ ਢੰਗ ਨਾਲ ਕੀਤੀ ਗਈ ਹੈ। ਇਸ ਪ੍ਰਕਾਰ ਭਾਈ ਸੰਤੋਖ ਸਿੰਘ ਆਪਣੀ ਰਚਨਾ ਵਿਚ ਆਏ ਦਾਰਸ਼ਨਿਕ ਵਿਚਾਰਾਂ, ਗੁਰਬਾਣੀ ਅਤੇ ਸਿੱਖ ਸਿਧਾਂਤਾਂ ਦੀ ਵਿਆਖਿਆ ਰਾਹੀਂ ਇਕ ਦਾਰਸ਼ਨਿਕ ਅਤੇ ਵਿਆਖਿਆਕਾਰ ਦੇ ਤੌਰ 'ਤੇ ਵੀ ਸਥਾਪਤ ਹੋ ਜਾਂਦੇ ਹਨ।

### 3.11.8 ਅਹਿਸਾਨ ਪ੍ਰਸਤ ਅਤੇ ਇਨਸਾਨੀ ਗੁਣਾਂ ਦੀ ਕਦਰ ਕਰਨ ਵਾਲੇ

ਕਿਸੇ ਮਨੁੱਖ ਦੇ ਕੀਤੇ ਅਹਿਸਾਨ ਨੂੰ ਮੰਨਣਾ ਅਤੇ ਗੁਣੀ ਇਨਸਾਨਾਂ ਦੇ ਗੁਣਾਂ ਦੀ ਕਦਰ ਕਰਨਾ ਮਨੁੱਖੀ ਸ਼ਖ਼ਸੀਅਤ ਦਾ ਇਕ ਖ਼ਾਸ ਗੁਣ ਮੰਨਿਆ ਜਾਂਦਾ ਹੈ। ਜੇਕਰ ਭਾਈ ਸੰਤੋਖ ਸਿੰਘ ਦੇ ਸੰਬੰਧ ਵਿਚ ਇਨ੍ਹਾਂ ਦੀ ਚਰਚਾ ਕਰੀਏ ਤਾਂ ਉਨ੍ਹਾਂ ਦੀ ਰਚਨਾ ਵਿਚ ਸਾਨੂੰ ਅਜਿਹੇ ਵੇਰਵੇ ਪ੍ਰਾਪਤ ਹੋ ਜਾਂਦੇ ਹਨ ਜਿਸ ਵਿਚ ਉਨ੍ਹਾਂ ਨੇ ਆਪਣੇ ਕਾਰਜ ਲਈ ਆਸਰਾ ਦੇਣ ਵਾਲੇ ਆਸ਼ਰਿਤਾਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਦੇ ਇਨਸਾਨੀ ਗੁਣਾਂ ਦੀ ਵੀ ਪ੍ਰਸੰਸਾ ਕੀਤੀ ਹੈ। ਬੂੜੀਏ ਵਿਚ ਰਿਹਾਇਸ਼ ਪ੍ਰਦਾਨ ਕਰਨ ਵਾਲੇ ਸਰਦਾਰ ਨੂੰ ਉਨ੍ਹਾਂ ਨੇ 'ਮਹਾਨ ਸਰਦਾਰ' ਕਹਿ ਕੇ ਸੰਬੋਧਨ ਕੀਤਾ ਹੈ। ਕੈਥਲ ਵਿਚ ਸਨਮਾਨਪੂਰਨ ਰਾਜ ਆਸਰਾ ਪ੍ਰਦਾਨ ਕਰਨ ਵਾਲੇ ਕੈਥਲਪਤਿ ਭਾਈ ਉਦੈ ਸਿੰਘ ਨੂੰ ਉਨ੍ਹਾਂ ਨੇ 'ਬਡ ਭੂਪ ਬਹਾਦਰ' ਕਹਿ ਕੇ ਸਤਿਕਾਰ ਪ੍ਰਦਾਨ ਕੀਤਾ ਹੈ। ਆਪਣੀ ਰਚਨਾ ਵਿਚ ਕਵੀ ਜੀ ਨੇ ਉਨ੍ਹਾਂ ਦੇ ਗੁਣਾਂ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਦੇ ਗੁਣਾਂ ਦੀ ਕਦਰ ਕੀਤੀ ਹੈ।

ਕਵੀ ਜੀ ਨੂੰ ਆਸਰਾ ਦੇਣ ਵਾਲੇ ਭਾਈ ਉਦੈ ਸਿੰਘ ਵਰਗੇ ਗੁਰਮੁਖ ਮਹਾਰਾਜਾ ਦੀ ਕਿਸੇ ਬਿਮਾਰੀ ਸਮੇਂ ਹਾਲਤ ਨਾਜ਼ੁਕ ਹੋਣ 'ਤੇ ਉਨ੍ਹਾਂ ਨੇ ਦਿਲ ਦੀ ਗਹਿਰਾਈਆਂ ਵਿੱਚੋਂ ਗੁਰੂ ਤੇਗ ਬਹਾਦਰ ਜੀ ਅੱਗੇ ਕਾਵਿਕ ਬੰਦ ਦੇ ਰੂਪ ਵਿਚ ਕੈਥਲਪਤਿ ਦੀ ਦੇਹ ਅਰੋਗਤਾ ਲਈ ਅਰਦਾਸ ਵਾਲੀ ਘਟਨਾ ਭਾਈ ਸੰਤੋਖ ਸਿੰਘ ਦੇ ਅਹਿਸਾਨ ਪ੍ਰਸਤੀ ਵਾਲੇ ਗੁਣ ਦੀ ਜਿਊਂਦੀ ਜਾਗਦੀ ਮਿਸਾਲ ਹੈ।

### 3.11.9 ਨਿਮਰਤਾ ਦੇ ਧਾਰਨੀ

ਅਜਿਹੀ ਬਹੁਪੱਖੀ ਸ਼ਖ਼ਸੀਅਤ ਅਤੇ ਉੱਚ ਪੱਧਰ ਦੀਆਂ ਰਚਨਾਵਾਂ ਦੇ ਰਚਨਾਕਾਰ ਹੋਣ ਦੇ ਬਾਵਜੂਦ ਵੀ ਭਾਈ ਸੰਤੋਖ ਸਿੰਘ ਹੰਕਾਰ ਤੋਂ ਕੋਹਾਂ ਦੂਰ ਸਨ। ਉਨ੍ਹਾਂ ਦੀ ਰਚਨਾਵਾਂ ਅਤੇ ਉਨ੍ਹਾਂ ਦੇ ਜੀਵਨ ਵਿੱਚੋਂ ਉਨ੍ਹਾਂ ਦੇ ਨਿਮਰਤਾ ਵਾਲੇ ਸੁਭਾਅ ਦੇ ਹਵਾਲੇ ਪ੍ਰਾਪਤ ਹੁੰਦੇ ਹਨ। ਆਪਣੀ ਰਚਨਾ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ ਨਿਮਰਤਾ ਸਹਿਤ

'ਭਿਖਾਰੀ', 'ਦੀਨ', 'ਕ੍ਰਿਤਘਣ', 'ਔਗੁਣੀ' ਆਦਿ ਲਫਜ਼ਾਂ ਨਾਲ ਨਾਲ ਸੰਬੋਧਨ ਕਰਦੇ ਹੋਏ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਹੈ।

### 3.12 ਸਾਰ

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਾਈ ਸੰਤੋਖ ਸਿੰਘ ਅਧਿਆਤਮਵਾਦੀ ਗੁਰਮੁਖ ਮਹਾਂਕਵੀ ਹੋਏ ਹਨ ਜਿਨ੍ਹਾਂ ਦਾ ਜੀਵਨ ਅਤੇ ਰਚਨਾਵਾਂ ਸਿੱਖ ਜਗਤ ਲਈ ਪ੍ਰੇਰਨਾ ਸ੍ਰੋਤ ਵਾਂਗ ਹਨ। ਜਿੱਥੇ ਉਨ੍ਹਾਂ ਦੀਆਂ ਰਚਨਾਵਾਂ ਗੁਰ ਇਤਿਹਾਸ ਅਤੇ ਸਿੱਖ ਦਰਸ਼ਨ ਦਾ ਪ੍ਰਗਟਾਵਾ ਕਰਦੀਆਂ ਹਨ ਉੱਥੇ ਉਨ੍ਹਾਂ ਦਾ ਜੀਵਨ, ਮੁਸ਼ਕਿਲ ਹਾਲਾਤਾਂ ਅਤੇ ਵਿਰੋਧੀ ਵਾਤਾਵਰਣ ਵਿਚ ਵੀ ਲਗਨ, ਮਿਹਨਤ ਅਤੇ ਸਿਰੜ ਨਾਲ ਕਾਰਜ ਕਰਨ ਦੀ ਪ੍ਰੇਰਨਾ ਪ੍ਰਦਾਨ ਕਰਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਇਕ ਕੀਮਤੀ ਖਜ਼ਾਨੇ ਵਾਂਗ ਹਨ ਜਿਨ੍ਹਾਂ ਵਿਚ ਸਿੱਖ ਪੰਥ ਦੁਆਰਾ ਪੰਥਕ ਤੌਰ 'ਤੇ ਲੋੜ ਅਨੁਸਾਰ ਸੁਧਾਈ ਕਰਕੇ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਰਗੇ ਇਤਿਹਾਸਿਕ ਕਾਵਿ ਨੂੰ ਗੁਰ ਇਤਿਹਾਸ ਦੇ ਮਿਆਰੀ ਇਤਿਹਾਸਿਕ ਗ੍ਰੰਥ ਵਜੋਂ ਪ੍ਰਮਾਣਿਤ ਕੀਤਾ ਜਾ ਸਕਦਾ ਹੈ।

### 3.13 ਪੜ੍ਹਣਯੋਗ ਪੁਸਤਕਾਂ


- ਸਾਹਿਤ ਗਗਨ ਦੇ ਸੂਰਜ: ਮਹਾਂਕਵੀ ਸੰਤੋਖ ਸਿੰਘ, ਕਰਮਜੀਤ ਸਿੰਘ (ਸੰਪਾ.), ਲੋਕ ਗੀਤ ਪ੍ਰਕਾਸ਼ਨ।
- ਡਾ. ਹਰਮੀਤ ਸਿੰਘ, ਮਹਾਂਕਵੀ ਸੰਤੋਖ ਸਿੰਘ ਦਾ ਰਚਨਾ ਸੰਸਾਰ, ਮਨਪ੍ਰੀਤ ਪ੍ਰਕਾਸ਼ਨ ਜਲੰਧਰ।
- ਡਾ. ਕਿਰਪਾਲ ਸਿੰਘ, ਭਾਈ ਸੰਤੋਖ ਸਿੰਘ ਕ੍ਰਿਤ ਸ੍ਰੀ ਗੁਰ ਨਾਨਕ ਪ੍ਰਕਾਸ਼: ਇਤਿਹਾਸਕ ਪਰਿਪੇਖ,ਸਿੰਘ ਬ੍ਰਦਰਜ਼, ਅੰਮ੍ਰਿਤਸਰ
- ਡਾ. ਜੈ ਭਗਵਾਨ ਗੋਇਲ, ਮਹਾਂ ਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

- ਨਾਨਕ ਪ੍ਰਕਾਸ਼ ਪੱਤ੍ਰਿਕਾ (ਧਰਮ ਚਿੰਤਕ ਵਿਸ਼ੇਸ਼ ਅੰਕ), ਡਾ. ਸਰਬਜਿੰਦਰ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ ਪਟਿਆਲਾ।
- ਪਿਆਰਾ ਸਿੰਘ ਪਦਮ, ਮਹਾ ਕਵੀ ਸੰਤੋਖ ਸਿੰਘ, ਕਲਮ ਮੰਦਿਰ ਲੋਅਰ ਮਾਲ, ਪਟਿਆਲਾ।
- ਮਹਾਕਵੀ ਸੰਤੋਖ ਸਿੰਘ ਰਚਿਤ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਅਨੁਕ੍ਰਮਣਿਕਾ, ਡਾ. ਰੂਪਿੰਦਰ ਕੌਰ ਕਾਹਲੋਂ (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ONE YEAR DIPLOMA IN SIKH THEOLOGY

### SEMESTER-I

### COURSE: SIKH THEOLOGIAN

### UNIT- 4 GYANI GYAN SINGH

**STRUCTURE**

4.0 ਉਦੇਸ਼

4.1 ਜਾਣ ਪਛਾਣ

4.2 ਜਨਮ ਅਤੇ ਮਾਤਾ-ਪਿਤਾ

4.3 ਵਿੱਦਿਆ ਪ੍ਰਾਪਤੀ ਅਤੇ ਨੌਕਰੀ

4.4 ਗਿਆਨੀ ਜੀ ਦੇ ਸਫ਼ਰ

4.5 ਰਵਾਇਤਾਂ ਨੂੰ ਇੱਕਠਾ ਕਰਨ ਦਾ ਕੰਮ

4.6 ਗਿਆਨੀ ਗਿਆਨ ਸਿੰਘ ਦੀਆਂ ਰਚਨਾਵਾਂ

4.6.1 ਸ੍ਰੀ ਗੁਰੂ ਪੰਥ ਪ੍ਰਕਾਸ਼

4.6.2 ਤਵਾਰੀਖ ਗੁਰੂ ਖਾਲਸਾ

4.6.3 ਸ਼ਮਸ਼ੇਰ ਖਾਲਸਾ

4.6.4 ਰਾਜ ਖਾਲਸਾ ਭਾਗ ਪਹਿਲਾ

4.6.5 ਰਾਜ ਖਾਲਸਾ ਭਾਗ ਦੂਜਾ

4.6.6 ਤਾਰੀਖ-ਏ-ਅੰਮ੍ਰਿਤਸਰ

4.6.7 ਨਿਰਮਲ ਪੰਥ ਪ੍ਰਦੀਪਕਾ

4.6.8 ਗੁਰਧਾਮ ਸੰਗ੍ਰਹਿ

4.6.9 ਰਿਪੁਦਮਨ ਪ੍ਰਕਾਸ਼

4.6.10 ਸੂਰਜ ਪ੍ਰਕਾਸ਼ ਵਾਰਤਕ ਤਿੰਨ ਭਾਗ

4.7 ਇਤਿਹਾਸ ਲਿਖਣ ਦਾ ਉਤਸ਼ਾਹ

4.8 ਵੱਖ-ਵੱਖ ਸ੍ਰੋਤਾਂ ਦਾ ਅਧਿਐਨ

4.9 ਗਿਆਨੀ ਜੀ ਇਤਿਹਾਸਕਾਰ ਦੇ ਰੂਪ ਵਿਚ

4.10 ਅਕਾਲ ਚਲਾਣਾ

4.11 ਸਾਰ

4.12 ਪੜ੍ਹਣਯੋਗ ਪੁਸਤਕਾਂ

**4.0 ਉਦੇਸ਼**

ਪ੍ਰਸਤੁਤ ਵਿਸ਼ਾ ਸਿੱਖਾਂ ਦੇ ਮਹਾਨ ਵਿਦਵਾਨ ਗਿਆਨੀ ਗਿਆਨ ਸਿੰਘ ਜੀ ਬਾਰੇ ਹੈ। ਇਸ ਵਿਸ਼ੇ ਦਾ ਉਦੇਸ਼ ਗਿਆਨੀ ਗਿਆਨ ਸਿੰਘ ਜੀ ਦੇ ਉੱਚੇ ਆਦਰਸ਼ਕ ਜੀਵਨ, ਵਿਦਵਤਾ ਭਰਪੂਰ ਮਹਾਨ ਰਚਨਾਵਾਂ, ਸਖ਼ਸ਼ੀਅਤ ਅਤੇ ਸਿੱਖ ਇਤਿਹਾਸ ਦੇ ਇਕ ਵੱਖਰੇ ਪੱਖ ਨੂੰ ਉਜਾਗਰ ਕਰਨ ਦੇ ਢੰਗ ਨੂੰ ਪਾਠਕ੍ਰਮ ਦੇ ਰੂਪ ਵਿਚ ਪੇਸ਼ ਕਰਨਾ ਹੈ।

## 4.1 ਜਾਣ ਪਛਾਣ

ਸਿੱਖ ਇਤਿਹਾਸ ਵਿਚ ਅਜਿਹੇ ਮਹਾਨ ਵਿਦਵਾਨ ਹੋਏ ਹਨ ਜੋ ਵਿਦਵਤਾ, ਗਿਆਨ ਅਤੇ ਲੇਖਣੀ ਪੱਖੋਂ ਬਾਕਮਾਲ ਹੋਏ ਹਨ। ਜਿਨ੍ਹਾਂ ਨੇ ਸਿੱਖ ਪੰਥ ਦੀ ਕਲਮ ਦੁਆਰਾ ਸੇਵਾ ਕੀਤੀ। ਇਹ ਵਿਦਵਾਨ ਕਿਸੇ ਵੀ ਕੌਮ ਦਾ ਅਮੁੱਲ ਖ਼ਜਾਨਾ ਹੁੰਦੇ ਹਨ। ਇਸੇ ਤਰ੍ਹਾਂ ਗਿਆਨੀ ਗਿਆਨ ਸਿੰਘ ਜੀ ਸਿੱਖ ਧਰਮ ਦੇ ਸਤਿਕਾਰਤ ਵਿਦਵਾਨਾਂ ਵਿੱਚੋਂ ਇੱਕ ਹਨ। ਗਿਆਨੀ ਗਿਆਨ ਸਿੰਘ ਜੀ ਆਪਣੀ ਸਮੇਂ ਦੇ ਸੰਸਕ੍ਰਿਤ, ਹਿੰਦੀ, ਬ੍ਰਜ ਭਾਸ਼ਾ ਅਤੇ ਉਰਦੂ ਦੇ ਮਹਾਨ ਵਿਦਵਾਨ ਸਨ। ਆਪ ਜੀ ਨੇ ਭਾਰਤੀ ਇਤਿਹਾਸ ਅਤੇ ਭਾਰਤੀ ਦਰਸ਼ਨ ਦਾ ਦੀਰਘ ਦ੍ਰਿਸ਼ਟੀ ਨਾਲ ਅਧਿਐਨ ਕੀਤਾ ਸੀ। ਆਪ ਜੀ ਨਿਰਮਲਾ ਸੰਪਰਦਾ ਨਾਲ ਸੰਬੰਧ ਰੱਖਦੇ ਸਨ। ਗੁਰਮਤਿ ਸਾਹਿਤ ਵਿੱਚ ਨਿਰਮਲਿਆਂ ਦੀ ਵਡਮੁੱਲੀ ਦੇਣ ਹੈ। ਨਿਰਮਲਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਹੋਈ ਸਾਹਿਤਕ ਪ੍ਰੰਪਰਾ ਨੂੰ ਸੁਰਜੀਤ ਰੱਖਿਆ। ਭਾਈ ਮਨੀ ਸਿੰਘ ਨਿਰਮਲੇ ਨੇ ਜਪੁਜੀ ਸਾਹਿਬ, ਆਸਾ ਦੀ ਵਾਰ, ਸਿੱਧ ਗੋਸ਼ਟ ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਟੀਕਾ ਕੀਤਾ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਡਿਤ ਨਿਹਾਲ ਸਿੰਘ ਨੇ ਜਪੁਜੀ ਸਾਹਿਬ ਦਾ ਟੀਕਾ ਸੰਸਕ੍ਰਿਤ ਵਿੱਚ ਕੀਤਾ।

ਗਿਆਨੀ ਗਿਆਨ ਸਿੰਘ ਜੀ ਨਿਰਮਲਿਆਂ ਬਾਰੇ ਲਿਖਦੇ ਹਨ ਕਿ- ਨਿਰਮਲੇ ਸਾਧੂ ਬੇਦ ਵਿਦਯਾ, ਸੰਸਕ੍ਰਿਤ, ਫ਼ਾਰਸੀ, ਅੰਗਰੇਜ਼ੀ ਪੜ੍ਹਦੇ ਹੈਂ। ਨਿਰਮਲੇ ਆਪਣੀ ਵਿਦਿਆ ਕਰਕੇ ਤੇ ਉੱਚ ਆਚਰਨ ਕਰਕੇ ਪ੍ਰਸਿੱਧ ਹਨ। ਇਨ੍ਹਾਂ ਦੇ ਆਚਰਨ ਤੇ ਕੋਈ ਕਿੰਤੂ ਨਹੀਂ ਸੀ ਕਰ ਸਕਦਾ। ਨਿਰਮਲਾ ਸੰਪਰਦਾ ਵਿੱਚੋਂ ਸਮੇਂ-ਸਮੇਂ ਤੇ ਕਈ ਵੱਡੇ ਵਿਦਵਾਨ ਪੈਦਾ ਹੋਏ। ਇਨ੍ਹਾਂ ਵਿੱਚੋਂ ਗਿਆਨੀ ਗਿਆਨ ਸਿੰਘ ਜੀ ਇੱਕ ਸਨ।

## 4.2 ਜਨਮ ਅਤੇ ਮਾਤਾ-ਪਿਤਾ

ਗਿਆਨੀ ਗਿਆਨ ਸਿੰਘ ਦਾ ਜਨਮ ਪਿੰਡ ਲੌਂਗੋਵਾਲ ਮੌਜੂਦਾ ਜ਼ਿਲ੍ਹਾ ਸੰਗਰੂਰ ਵਿੱਚ 1822 ਈਸਵੀ ਵਿੱਚ ਹੋਇਆ। ਲੌਂਗੋਵਾਲ ਪਿੰਡ ਦੀ ਮੋੜ੍ਹੀ ਬਾਬਾ ਆਲਾ ਸਿੰਘ ਨੇ ਗੱਡੀ ਸੀ। ਇਹ ਪਿੰਡ ਰਿਆਸਤ ਪਟਿਆਲੇ ਵਿੱਚ ਸੀ। ਆਪ ਦੇ ਪਿਤਾ ਦਾ ਨਾਂ ਭਾਗ ਸਿੰਘ ਸੀ ਤੇ ਮਾਤਾ ਦਾ ਨਾਂ ਦੇਸਾ ਜੀ ਸੀ। ਆਪ ਦੀ ਮਾਤਾ ਗੁਰਬਾਣੀ ਦਾ ਪਾਠ ਕਰਨ ਵਾਲੀ ਤੇ ਸਿੱਖੀ ਸਿਦਕ ਦਾ ਨਮੂਨਾ ਸੀ। ਇਹ ਗੁਣ ਗਿਆਨੀ ਜੀ ਨੂੰ ਮਾਤਾ ਕੋਲੋਂ ਵਿਰਸੇ ਵਿੱਚ ਮਿਲੇ ਜਾਪਦੇ ਹਨ।

## 4.3 ਵਿੱਦਿਆ ਪ੍ਰਾਪਤੀ ਅਤੇ ਨੌਕਰੀ

ਆਪ ਨੇ ਛੋਟੀ ਅਵਸਥਾ ਵਿੱਚ ਗੁਰਦਵਾਰੇ ਵਿੱਚ ਵਿਦਿਆ ਪ੍ਰਾਪਤ ਕੀਤੀ। ਆਪ ਦੀ ਆਵਾਜ਼ ਬਹੁਤ ਸੁਰੀਲੀ ਸੀ ਤੇ ਪਾਠ ਸੁਣਨ ਵਾਲੇ ਨੂੰ ਬਹੁਤ ਅਨੰਦ ਆਉਂਦਾ ਸੀ। ਇਸ ਗੁਣ ਕਰਕੇ ਆਪ ਜੀ ਦੇ ਮਾਮਾ ਜੋ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਸੂਬੇਦਾਰ ਸੀ ਆਪ ਨੂੰ ਆਪ ਦੇ ਨਾਲ ਲਾਹੌਰ ਲੈ ਗਿਆ ਜਿੱਥੇ ਧੰਨਾ ਸਿੰਘ ਮਲਵਈ ਜੋ ਲਾਹੌਰ ਦਰਬਾਰ ਦਾ ਇੱਕ ਪ੍ਰਸਿੱਧ ਅਹਿਲਕਾਰ ਸੀ ਦੀ ਸਿਫ਼ਾਰਸ਼ ਨਾਲ ਆਪ ਮਹਾਰਾਜਾ ਰਣਜੀਤ ਸਿੰਘ ਨੂੰ ਪਾਠ ਸੁਣਾਉਣ ਦੇ ਲਈ ਨਿਯੁਕਤ ਕਰ ਲਏ ਗਏ। ਆਪਣੇ ਪੂਰੇ ਪੰਜ ਛੇ ਸਾਲ ਸ਼ੇਰੇ ਪੰਜਾਬ ਦੀ ਨੌਕਰੀ ਕੀਤੀ ਤੇ ਉਸਦੀ ਸ਼ਾਨ-ਸ਼ੌਕਤ ਤੋਂ ਬਹੁਤ ਪ੍ਰਭਾਵਿਤ ਹੋਏ। 1841 ਈਸਵੀ ਦੇ ਕਰੀਬ ਪਟਿਆਲੇ ਦੇ ਮਹਾਰਾਜਾ ਕਰਮ ਸਿੰਘ ਨੇ ਆਪ ਨੂੰ ਨੌਕਰ ਰੱਖ ਲਿਆ। ਇਸ ਤਰ੍ਹਾਂ ਆਪ ਨੂੰ ਰਿਆਸਤਾਂ ਵਿੱਚ ਰਾਜ-ਪ੍ਰਬੰਧ ਦਾ ਵੀ ਕਾਫ਼ੀ ਪਤਾ ਲੱਗਾ। ਜਦੋਂ 1845 ਦੇ ਅੰਤ ਵਿੱਚ ਸਿੱਖਾਂ ਤੇ ਅੰਗ੍ਰੇਜ਼ਾਂ ਦੀ ਪਹਿਲੀ ਲੜਾਈ ਛਿੜੀ ਤਾਂ ਇਸ ਜੰਗ ਵਿੱਚ ਆਪ ਪਟਿਆਲਾ ਫੌਜਾਂ ਦੇ ਨਾਲ ਸਨ ਜੋ ਅੰਗ੍ਰੇਜ਼ਾਂ ਦੀ ਸਹਾਇਤਾ ਕਰ ਰਹੀਆਂ ਸਨ। 1853 ਈਸਵੀ ਦੇ ਕਰੀਬ ਰੋਹਤਕ ਦੇ ਕੋਲ ਬਾਂਗਰੂਆਂ ਦੇ ਪੰਦਰਾਂ ਪਿੰਡਾਂ ਨੇ ਬਗ਼ਾਵਤ ਕਰ ਦਿੱਤੀ। ਇਹ ਇਲਾਕਾ ਰਿਆਸਤ ਜੀਂਦ ਵਿੱਚ ਸੀ। ਰਾਜਾ ਸਰੂਪ ਸਿੰਘ ਫੌਰਨ ਬਹੁਤ ਸਾਰੀ ਫੌਜ ਲੈ ਕੇ ਉੱਥੇ ਪਹੁੰਚ ਗਏ। ਬਾਗ਼ੀਆਂ ਦੇ ਮੁਖੀ ਨਗਾਹੀਆ

ਸੀ ਜੋ ਬਹੁਤ ਬਹਾਦਰੀ ਨਾਲ ਲੜਿਆ। ਚਾਰ ਮਹੀਨੇ ਤੱਕ ਲੜਾਈ ਹੁੰਦੀ ਰਹੀ। ਅਖ਼ੀਰ ਮਹਾਰਾਜਾ ਜੀਂਦ ਨੇ ਮਹਾਰਾਜਾ ਪਟਿਆਲਾ ਕੋਲੋਂ ਚਾਰ ਪਲਟਨਾਂ ਦੀ ਇਮਦਾਦ ਮੰਗੀ। ਇੱਕ ਬੜੀ ਵੱਡੀ ਲੜਾਈ ਹੋਈ। ਪਟਿਆਲਾ ਵੱਲੋਂ ਭੇਜੀਆਂ ਫੌਜਾਂ ਵਿੱਚ ਗਿਆਨੀ ਗਿਆਨ ਸਿੰਘ ਵੀ ਸਨ। ਬਗ਼ਾਵਤ ਦਬਾ ਦਿੱਤੀ ਗਈ ਪਰ ਪਟਿਆਲਾ ਦੀ ਫੌਜ ਦੇ ਬਹੁਤ ਸਾਰੇ ਆਦਮੀ ਮਾਰੇ ਗਏ ਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ। ਗਿਆਨੀ ਗਿਆਨ ਸਿੰਘ ਦੇ ਪੇਟ ਵਿੱਚ ਗੋਲੀ ਲੱਗੀ। ਫਿਰ ਆਪ ਕੁੱਝ ਚਿਰ ਬਿਮਾਰ ਰਹੇ ਤੇ ਫੌਜੀ ਨੌਕਰੀ ਤੇ ਛੁੱਟੀ ਮਿਲ ਗਈ।

ਜਦੋਂ ਆਪ ਫੌਜੀ ਨੌਕਰੀ ਛੁਟਣ ਪਿੱਛੋਂ ਆਪਣੀ ਮਾਤਾ ਨਾਲ ਦੁੱਖ ਤੇ ਮੁਸੀਬਤ ਦੇ ਦਿਨ ਕੱਟ ਰਹੇ ਸਨ ਤਾਂ ਆਪ ਦਾ ਤਾਇਆ ਪ੍ਰੇਮ ਸਿੰਘ ਜੋ ਪਟਿਆਲੇ ਵਿੱਚ ਨੌਕਰ ਸੀ ਆਪ ਦੇ ਗੁਰਮਤ ਗਿਆਨ ਤੋਂ ਪ੍ਰਭਾਵਿਤ ਹੋਕੇ ਪਟਿਆਲੇ ਨਾਲ ਲੈ ਗਿਆ ਤੇ ਗ੍ਰੰਥੀ ਦੀ ਨੌਕਰੀ ਦੁਆ ਦਿੱਤੀ। ਆਪ ਪੰਜਾਬੀ ਬਹੁਤ ਸੋਹਣੀ ਲਿਖਦੇ ਸਨ। ਗੁਰਮਤ ਵਿੱਚ ਪ੍ਰਬੀਨਤਾ ਤੇ ਗੁਰਮੁਖੀ ਲਿਖਾਈ ਪੜ੍ਹਾਈ ਕਰਕੇ ਆਪ ਗਿਆਨੀ ਕਰਕੇ ਪ੍ਰਸਿੱਧ ਹੋਏ।

ਗਿਆਨੀ ਗਿਆਨ ਸਿੰਘ ਨੇ ਵਿਆਹ ਨਹੀਂ ਕਰਵਾਇਆ । ਇਨ੍ਹਾਂ ਆਪਣੀ ਭਤੀਜੀ ਪ੍ਰਧਾਨ ਕੌਰ ਦੇ ਪੁੱਤਰ ਗਿਆਨੀ ਹਮੀਰ ਸਿੰਘ ਨੂੰ ਆਪਣਾ ਵਾਰਸ ਨਿਯੁਕਤ ਕੀਤਾ । 1916 ਵਿਚ , ਇਸਨੇ ਆਪਣੀ ਨਵੀ ਵਸੀਅਤ ਤਿਆਰ ਕਰਵਾਈ ਜਿਸ ਵਿਚ ਆਪਣੀਆਂ ਰਚਨਾਵਾਂ ਦੀ ਪ੍ਰਕਾਸ਼ਨਾ ਦੇ ਪ੍ਰਬੰਧ ਲਈ ਇਕ ਕਮੇਟੀ ਨਾਮਜ਼ਦ ਕੀਤੀ । ਕਮੇਟੀ ਮੈਂਬਰਾਂ ਵਿਚ ਬਾਗੜੀਆਂ ਦੇ ਭਾਈ ਸਾਹਿਬ ਭਾਈ ਅਰਜਨ ਸਿੰਘ , ਸਰਦਾਰ ਬਹਾਦਰ ਜਨਰਲ ਗੁਰਨਾਮ ਸਿੰਘ , ਭਾਈ ਕਾਹਨ ਸਿੰਘ ਅਤੇ ਲੁਧਿਆਣੇ ਦੇ ਸਰਦਾਰ ਗੱਜਣ ਸਿੰਘ ਸ਼ਾਮਲ ਸਨ ।

## 4.4 ਗਿਆਨੀ ਜੀ ਦੇ ਸਫ਼ਰ

ਗਿਆਨੀ ਗਿਆਨ ਸਿੰਘ ਨੇ 1856 ਈਸਵੀ ਤੋਂ ਲੈ ਕੇ 1877 ਈਸਵੀ ਤੱਕ ਦੂਰ ਦੁਰਾਡੇ ਇਲਾਕਿਆਂ ਦਾ ਭਰਮਨ ਕੀਤਾ। ਕਾਂਸ਼ੀ, ਹਰਦੁਆਰ, ਰਿਖੀ ਕੇਸ਼, ਡੇਰਾਦੂਨ, ਪਾਉਂਟਾ, ਨਾਹਨ, ਭੰਗਾਣੀ ਸਾਹਿਬ, ਕੁਰੂਕਸ਼ੇਤਰ, ਮਥਰਾ ਬਿੰਦਰਾਬਨ ਆਦਿ ਕਈ ਥਾਵਾਂ ਤੇ ਫਿਰਦੇ ਰਹੇ। ਆਪ ਆਸਾਮ, ਬੰਗਾਲ, ਬਿਹਾਰ ਆਦਿ ਸਥਾਨਾਂ ਤੇ ਵੀ ਗਏ। 1857 ਦੇ ਗ਼ਦਰ ਵਿੱਚ ਪਾਣੀਪਤ ਫੜੇ ਗਏ ਤੇ ਸੋਲਾਂ ਦਿਨ ਕੈਦ ਰਹੇ। ਫਿਰ ਸਿੱਖ ਪਲਟਨ ਨੇ ਆ ਕੇ ਆਪ ਜੀ ਨੂੰ ਛੁਡਵਾ ਦਿੱਤਾ। ਫਿਰ ਆਪ ਤਲਵੰਡੀ ਸਾਬੋ ਕੱਝ ਸਮਾਂ ਠਹਿਰੇ ਫੇਰ ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਦੀ ਯਾਤਰਾ ਕਰਕੇ ਮੂੰਗੇਰ ਤੋਂ ਹੁੰਦੇ ਹੋਏ ਕਲਕੱਤੇ ਗਏ। ਇੱਥੇ ਬ੍ਰਹਮੋ ਸਮਾਜ ਦੇ ਲੀਡਰਾਂ ਨਾਲ ਆਪ ਦਾ ਸੰਪਰਕ ਹੋਇਆ।ਇਥੋਂ ਆਪ ਜਗਨ ਨਾਥ ਪੁਰੀ ਗਏ। ਫੇਰ ਫਿਰਦੇ-ਫਿਰਦੇ ਨੇਪਾਲ ਦੀ ਯਾਤਰਾ ਕੀਤੀ ਫੇਰ ਬਹਾਵਲਪੁਰ ਵੱਲੋਂ ਹੁੰਦੇ ਹੋਏ ਦੁਆਰਕਾ, ਗਿਰਨਾਰ (ਜੂਨਾਗੜ੍ਹ ) ਤੋਂ ਹੁੰਦੇ ਹੋਏ ਵਾਪਸ ਪੰਜਾਬ ਆ ਗਏ।

## 4.5 ਰਵਾਇਤਾਂ ਨੂੰ ਇਕੱਠਾ ਕਰਨ ਦਾ ਕੰਮ

ਗਿਆਨੀ ਗਿਆਨ ਸਿੰਘ ਜੀ ਦੇ ਜੀਵਨ ਤੇ ਇਨ੍ਹਾਂ ਸਫ਼ਰਾਂ ਦਾ ਬਹੁਤ ਪ੍ਰਭਾਵ ਪਿਆ। ਆਪ ਜਿੱਥੇ-ਜਿੱਥੇ ਜਾਂਦੇ ਉੱਥੋਂ ਦੇ ਇਤਿਹਾਸਕ ਗੁਰਦਵਾਰਿਆਂ ਦੇ ਦਰਸ਼ਨ ਕਰਦੇ ਤੇ ਉਸ ਸਥਾਨ ਨਾਲ ਸੰਬੰਧਤ ਸਿੱਖ ਰਵਾਇਤਾਂ ਨੂੰ ਇਕੱਠਾ ਕਰਦੇ। ਸਭ ਤੋਂ ਵੱਡਾ ਅਸਰ ਆਪ ਤੇ ਇਹ ਹੋਇਆ ਕਿ ਆਪ ਨਿਰਮਲਿਆਂ ਸੰਤਾਂ ਦੀ ਸੰਗਤ ਕਰਕੇ ਨਿਰਮਲੇ ਹੀ ਬਣ ਗਏ। ਦੇਵ ਨੇਤ ਨਾਲ 1860-61 ਈਸਵੀ ਦੇ ਕਾਲ ਸਮੇਂ ਨਿਰਮਲੇ ਸੰਤਾਂ ਨੇ ਸਿੱਖ ਰਿਆਸਤਾਂ ਦੇ ਰਾਜਿਆਂ ਨੂੰ ਪ੍ਰੇਰ ਕੇ ਗ਼ਰੀਬ ਲੋਕਾਂ ਵਿੱਚ ਅੰਨ ਵੰਡਿਆ ਜਿਸ ਨਾਲ ਨਿਰਮਲ ਸੰਪਰਦਾ ਦੀ ਪ੍ਰਭਤਾ ਹੋਰ ਵੀ ਵਧ ਗਈ। ਇਸੇ ਹੀ ਸਮੇਂ ਗਿਆਨੀ ਗਿਆਨ ਸਿੰਘ ਜੀ ਨੇ ਵੀ ਨਿਰਮਲ ਸੰਪਰਦਾ ਵਿੱਚ ਵਿੱਚ ਪਵੇਸ਼ ਕੀਤਾ ਤੇ ਆਪਣਾ ਵਿਦਿਆ ਦਾਤਾ ਗੁਰੂ ਪੰਡਤ ਤਾਰਾ ਸਿੰਘ ਨਿਰੋਤਮ ਨੂੰ ਮੰਨਿਆ। ਪੰਡਤ ਤਾਰਾ ਸਿੰਘ ਆਪਣੇ ਸਮੇਂ ਦੇ ਪ੍ਰਸਿੱਧ ਵਿਦਵਾਨ ਸਨ ਜਿਨ੍ਹਾਂ ਨੇ ਕਈ ਗ੍ਰੰਥ ਰਚੇ, ਜਿਨ੍ਹਾਂ ਵਿੱਚੋਂ "ਗੁਰੂ ਤੀਰਥ ਸੰਗ੍ਰਹ" ਤੇ "ਗੁਰ ਗਿਰਾਰਥ ਪ੍ਰਕਸ਼" ਪ੍ਰਸਿੱਧ ਹਨ। ਆਪਣੇ ਸਫ਼ਰਾਂ ਦੇ ਸਮੇਂ ਵੀ ਆਪ ਨਿਰਮਲਿਆਂ ਦੇ ਡੇਰਿਆਂ ਤੇ ਹੀ ਠਹਿਰਦੇ ਇਨ੍ਹਾਂ ਹੀ ਦਿਨਾਂ ਵਿੱਚ ਨਾਨਕ ਪ੍ਰਕਾਸ਼ ਅਤੇ ਸੂਰਜ ਪ੍ਰਕਾਸ਼ ਦੀ ਕਥਾ ਕਈ ਡੇਰਿਆਂ ਵਿੱਚ ਹੁੰਦੀ ਸੀ ਗਿਆਨੀ ਗਿਆਨ ਸਿੰਘ ਜੀ ਵੀ ਇੱਕ ਮਹੀਨਾ ਨਾਮਧਾਰੀ ਦਰਬਾਰ ਭੈਣੀ ਸਾਹਿਬ ਰਹਿ ਕੇ ਨਾਨਕ ਪ੍ਰਕਾਸ਼ ਦੀ ਕਥਾ ਕਰਦੇ ਰਹੇ। ਇਸ ਤੋਂ ਪਤਾ ਲਗਦਾ ਹੈ ਕਿ ਆਪ ਦਾ ਝੁਕਾਅ ਸ਼ੁਰੂ ਤੋਂ ਹੀ ਸਿੱਖ ਇਤਿਹਾਸ ਵੱਲ ਬਹੁਤ ਸੀ।

## 4.6 ਗਿਆਨੀ ਗਿਆਨ ਸਿੰਘ ਦੀਆਂ ਰਚਨਾਵਾਂ

ਪੰਡਤ ਤਾਰਾ ਸਿੰਘ ਦੀ ਪ੍ਰੇਰਨਾ ਨਾਲ ਆਪਣੇ ਸਭ ਤੋਂ ਪਹਿਲਾਂ ਪੰਥ ਪ੍ਰਕਾਸ਼ ਰਚਿਆ। ਇਸ ਨਾਂ ਦੀ ਪੁਸਤਕ ਪਹਿਲਾਂ ਵੀ ਮੌਜੂਦ ਸੀ- ਸ੍ਰੀ ਗੁਰ ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ। ਪਰ ਇਸ ਪੰਥ ਪ੍ਰਕਾਸ਼ ਵਿੱਚ ਸਿੱਖਾਂ ਦਾ ਪੂਰਨ ਇਤਿਹਾਸ ਨਹੀਂ ਸੀ ਆਉਂਦਾ। ਪਰ ਪੰਥ ਪ੍ਰਕਾਸ਼ ਵਿਚ ਸਿੱਖ ਇਤਿਹਾਸ ਦਾ ਵਧੇਰੇ ਪ੍ਰਸੰਗ ਸ਼ਾਮਿਲ ਹੈ। ਇਸ ਵਿੱਚ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਲੈ ਕੇ ਮਿਸਲਾਂ ਦੇ ਸਮੇਂ ਤੱਕ ਦਾ ਇਤਿਹਾਸ ਸੀ। ਗਿਆਨੀ ਜੀ ਦੀ ਪੰਥ ਪ੍ਰਕਾਸ਼ ਵਿੱਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਅੰਗਰੇਜ਼ੀ ਕਾਲ ਤੱਕ ਸਾਰੇ ਹਾਲਾਤ ਦੱਸੇ ਤੇ ਫੇਰ ਸਿੱਖਾਂ ਵਿੱਚ ਪ੍ਰਸਿੱਧ ਸੰਪਰਦਾਵਾਂ ਵਿਸ਼ੇਸ਼ ਕਰਕੇ ਨਾਮਧਾਰੀ, ਨਿਰਮਲੇ, ਉਦਾਸੀ, ਨਿੰਹਗ ਸੰਪਰਦਾ ਆਦਿ ਦਾ ਵੇਰਵਾ ਦਿੱਤਾ ਹੈ। ਇਸ ਗ੍ਰੰਥ ਦੀ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ:-

### 4.6.1 ਸ੍ਰੀ ਗੁਰੂ ਪੰਥ ਪ੍ਰਕਾਸ਼

ਜਦੋਂ ਗਿਆਨੀ ਗਿਆਨ ਸਿੰਘ ਨੇ ਕਲਮ ਚੁੱਕੀ ਤਾਂ ਉਸ ਵੇਲੇ ਸਿੱਖਾਂ ਵਿੱਚ ਕਵਿਤਾ ਵਿੱਚ ਇਤਿਹਾਸ ਲਿਖਣ ਦੀ ਪਰਪਾਟੀ ਤੁਰੀ ਹੋਈ ਸੀ। "ਗੁਰ ਸੋਭਾ", ਸੈਨਾਪਤ "ਗੁਰ ਬਿਲਾਸ ਪਾਤਸ਼ਾਹੀ ਦਸਵੀਂ", ਕੋਇਰ ਸਿੰਘ, "ਗੁਰ ਬਿਲਾਸ" ਸੁੱਖਾ ਸਿੰਘ, "ਮਹਿਮਾ ਪ੍ਰਕਾਸ਼", "ਨਾਨਕ ਪ੍ਰਕਾਸ਼" ਅਤੇ "ਸੂਰਜ ਪ੍ਰਕਾਸ਼" ਇਸ ਸਭ ਸਿੱਖ ਇਤਿਹਾਸ ਦੇ ਪ੍ਰਸਿੱਧ ਗ੍ਰੰਥ ਕਵਿਤਾ ਵਿੱਚ ਸਨ। ਗਿਆਨੀ ਗਿਆਨ ਸਿੰਘ ਨੇ ਬ੍ਰਿਜ ਭਾਸ਼ਾ ਤੇ ਕਵਿਤਾ ਵਿਚ ਸ੍ਰੀ ਗੁਰ ਪੰਥ ਪ੍ਰਕਾਸ਼ ਦੀ ਰਚਨਾ ਕੀਤੀ।

ਇਹ ਗ੍ਰੰਥ ਵਿਸਥਾਰਪੂਰਵਕ ਕਾਵਿਕ ਅਤੇ ਵਿਆਪਕ ਹੈ। ਇਸ ਗ੍ਰੰਥ ਵਿਚ ਫੂਲਕੀਆਂ ਰਿਆਸਤ ਦੇ ਕੁਝ ਸ਼ਾਸਕਾਂ ਦੇ ਚਰਿੱਤਰ ਅਤੇ ਪ੍ਰਸ਼ਾਸਕੀ ਕੁਸ਼ਲਤਾ ਦੇ ਨਾਲ-ਨਾਲ ਉਸ ਸਮੇਂ ਨਾਲ ਸਬੰਧਿਤ ਲੋਕਾਂ ਦੇ ਸਮਾਜਿਕ ਸੁਭਾਅ ਨੂੰ ਵੀ ਇਸ ਵਿਚ ਦਰਸਾਇਆ ਗਿਆ ਹੈ। ਇਹ ਆਪ ਦੀ ਪਹਿਲੀ ਰਚਨਾ ਸੀ। ਇਸ ਦੇ ਰਚਨ ਦੇ ਕਾਰਨ ਆਪ ਪੰਥ ਪ੍ਰਕਾਸ਼ ਦੇ ਅਰੰਭ ਵਿੱਚ ਇਸ ਤਰ੍ਹਾਂ ਦੱਸਦੇ ਹਨ:-

ਗ੍ਰੰਥ ਪੰਥ ਪਕਾਸ਼ ਸੁਹਾਵਨ।
ਰਤਨ ਸਿੰਘ ਜੋ ਕੀਨ ਬਖਾਵਨ।
ਢੀਲੀ ਤਾਹਿ ਅਧਿਕ ਕਵਿਤਾਈ
ਮਤਲਬ ਥੋਰਾ ਬਹੁਤ ਫੈਲਾਈ।
ਹੁਤੇ ਸਿੰਘ ਵਹਿ ਸੂਧਾ ਸਾਦਾ
ਕਵਿਤਾ ਕੀ ਨ ਲਖਤ ਮਰਯਾਦਾ।
ਜੈਸਾ ਗੁਰ ਕਾ ਪੰਥ ਰੰਗੀਲਾ।
ਬੀਰ ਬਾਂਕਰੋ ਛੈਲ ਛਬੀਲਾ।
ਚਾਹੀਏ ਗਾਥ ਤਾਹਿ ਕੀ ਤੈਸੀ।
ਦੇਵ ਅਨੁਰੂਪ ਬਲੀ ਦੈਵ ਜੈਸੀ।

ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਦੀ ਕਵਿਤਾ ਨੇਮਬੱਧ ਕਵਿਤਾ ਹੈ ਜਿਸ ਵਿੱਚ ਵਲਵਲਾ, ਛੰਦਾਂ-ਬੰਦੀ ਤੇ ਢੁਕਵੇਂ ਅਲੰਕਾਰ ਮਿਲਦੇ ਹਨ। ਇਹ ਗ੍ਰੰਥ ਗੁਰੂ ਪੰਥ ਅਰਥਾਤ ਖਾਲਸਾ ਜਾਂ ਸਿੱਖ ਭਾਈਚਾਰੇ ਦੀ ਉਨੱਤੀ ਅਤੇ ਵਿਕਾਸ ਦਾ ਇਤਿਹਾਸ ਹੈ। ਇਸ ਗ੍ਰੰਥ ਲਈ ਵਰਤੇ ਗਏ ਸ੍ਰੋਤਾਂ ਦੇ ਹਵਾਲੇ ਵੱਖ-ਵੱਖ ਥਾਵਾਂ ਤੇ ਨਜ਼ਰ ਆਉਂਦੇ ਹਨ ਜਿਨ੍ਹਾਂ ਨੂੰ ਗਿਆਨੀ ਜੀ ਨੇ ਵਾਚਿਆ ਜਾਂ ਵਰਤੋਂ ਕੀਤੀ। ਵਿਸ਼ੇਸ਼ ਤੌਰ ਤੇ ਰਤਨ ਸਿੰਘ ਭੰਗੂ ਦਾ ਪੰਥ ਪ੍ਰਕਾਸ਼, ਬੂਟੇ ਸ਼ਾਹ ਦੀ ਤਵਾਰੀਖ-ਇ-ਪੰਜਾਬ ਅਤੇ ਭਾਈ ਸੰਤੋਖ ਸਿੰਘ ਦਾ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਜ਼ਿਕਰ ਮਿਲਦਾ ਹੈ। ਹੋਰ ਵੀ ਸ੍ਰੋਤ ਜਿਨ੍ਹਾਂ ਦਾ ਜ਼ਿਕਰ ਗਿਆਨੀ ਜੀ ਲੇ ਕੀਤਾ ਹੈ ਉਨ੍ਹਾਂ ਵਿਚ ਸ਼ਾਮਲ ਹਨ, ਗੁਰਬਿਲਾਸ ਦਸਵੀਂ ਪਾਤਸ਼ਾਹੀ, ਬੰਸਾਵਲੀਨਾਮਾ, ਦਬਿਸਤਾਨ-ਇ-ਮਜ਼ਾਹਿਬ ਅਤੇ ਸਿਅਰ ਉਲ-ਮੁਤਾਖ਼ਰੀਨ। ਇਸ ਤਰ੍ਹਾਂ ਵੱਡ ਆਕਾਰੀ ਇਹ ਗ੍ਰੰਥ ਸਿੱਖਾਂ ਦੇ ਕਾਫ਼ੀ ਲੰਮੇ ਸਮੇਂ ਦੀ ਜਾਣਕਾਰੀ ਦਿੰਦਾ ਹੈ। ਇਸ ਰਚਨਾ ਨੂੰ ਸਿੱਖਾਂ ਵਿਚ ਬਹੁਤ ਪ੍ਰਸਿੱਧੀ ਅਤੇ ਮਾਣ ਪ੍ਰਾਪਤ ਹੈ।

ਪੰਥ ਪ੍ਰਕਾਸ਼ ਤੋਂ ਇਲਾਵਾ ਗਿਆਨੀ ਜੀ ਨੇ ਨਿਮਨਲਿਖਤ ਸਿੱਖ ਇਤਿਹਾਸ ਦੀਆਂ ਰਚਨਾਵਾਂ ਕੀਤੀਆਂ, ਜੋ ਪ੍ਰਸਿੱਧ ਹਨ, ਜਿਨ੍ਹਾਂ ਵਿਚੋਂ :-

### 4.6.2 ਤਵਾਰੀਖ ਗੁਰੂ ਖਾਲਸਾ

ਇਹ ਵਿਸਤ੍ਰਿਤ ਵਾਰਤਕ ਰਚਨਾ ਹੈ, ਜੋ ਸਿੱਖ ਇਤਿਹਾਸ ਦਾ ਮੁੱਢ ਤੋਂ ਲੈ ਕੇ ਅੰਗਰੇਜ਼ਾਂ ਦੇ ਪੰਜਾਬ 'ਤੇ ਕਬਜ਼ੇ ਤਕ ਦਾ ਵਰਨਨ ਕਰਦੀ ਹੈ। ਇਹ ਰਚਨਾ ਪੰਜ ਹਿੱਸਿਆਂ ਵਿਚ ਵੰਡੀ ਹੋਈ ਹੈ: ਜਨਮ-ਸਾਖੀ ਦਸਾਂ ਗੁਰੂਆਂ, ਸ਼ਮਸ਼ੇਰ, ਖਾਲਸਾ, ਰਾਜ ਖਾਲਸਾ, ਸਰਦਾਰ ਖਾਲਸਾ ਅਤੇ ਖ਼ਾਲਸਾ। ਪਹਿਲੇ ਹਿੱਸੇ ਵਿਚ ਲੇਖਕ ਦਸ ਗੁਰੂ ਸਾਹਿਬ ਦਾ ਜੀਵਨ ਅਤੇ ਖਾਲਸੇ ਦੀ ਉਤਪਤੀ ਦੇ ਰੂਪ ਵਿਚ ਹੋ ਦੇ ਵਿਕਾਸ ਦੀ ਸਿਖਰ ਦੀ ਰੂਪਰੇਖਾ ਪੇਸ਼ ਕਰਦਾ ਹੈ। ਦੂਜਾ ਹਿੱਸਾ ਬੰਦਾ ਸਿੰਘ ਬਹਾਦਰ ਦੀ ਜੀਵਨੀ ਨਾਲ ਸੰਬੰਧਿਤ ਹੈ ਜਿਸ ਵਿਚ ਜ਼ਬਰਦਸਤ ਦਮਨ ਦਾ ਸਾਮਣਾ ਕਰਦੇ ਹੋਏ ਮੁਗ਼ਲਾਂ ਵਿਰੁੱਧ ਸਿੱਖ ਸੰਘਰਸ਼ ਜਾਰੀ ਰੱਖਣ ਸਿੱਖਾਂ ਦਾ ਦਲ ਖਾਲਸਾ ਦੇ ਰੂਪ ਵਿਚ ਪੁਨਰ-ਗਠਨ ਅਤੇ ਅਹਮਦ ਸ਼ਾਹ ਦੁੱਰਾਨੀ ਅਤੇ ਸਿੱਖਾਂ ਵਿਚਕਾਰ ਚੱਲ ਰਹੀ ਲੜਾਈ ਨਾਲ ਸੰਬੰਧਿਤ ਹੈ। ਤੀਜਾ ਹਿੱਸਾ 12 ਮਿਸਲਾਂ ਦੀ ਉਤਪਤੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸੁਤੰਤਰ ਰਾਜ ਦਾ ਵਰਨਨ ਕਰਦਾ ਹੈ ਜੋ ਕਿ ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ੇ ਨਾਲ ਸਮਾਪਤ ਹੁੰਦਾ ਹੈ। ਚੌਥੇ ਹਿੱਸੇ ਵਿਚ ਸਿੱਖ ਰਿਆਸਤਾਂ ਦਾ ਲੇਖਾ-ਜੋਖਾ ਸ਼ਾਮਲ ਹੈ ਜਿਸ ਵਿਚ ਰਣਜੀਤ ਸਿੰਘ ਦੇ ਰਾਜ ਨੂੰ ਸ਼ਾਮਲ ਨਹੀਂ ਕੀਤਾ ਗਿਆ। ਪੰਜਵਾਂ ਹਿੱਸਾ ਸਿੱਖ ਸੰਪਰਦਾਵਾਂ, ਗੁਰਦੁਆਰਿਆਂ ਅਤੇ ਪ੍ਰਚਾਰ ਕੇਂਦਰਾਂ ਨਾਲ ਸੰਬੰਧਿਤ ਹੈ।

ਜਿਥੋਂ ਤਕ ਗਿਆਨੀ ਗਿਆਨ ਸਿੰਘ ਦਾ ਇਸ ਰਚਨਾ ਨਾਲ ਸੰਬੰਧ ਹੈ, ਇਸਨੇ ਮੌਖਿਕ ਜਾਣਕਾਰੀ ਇਕੱਤਰ ਕਰਨ ਲਈ ਪੰਦਰਾਂ ਸਾਲ ਤੋਂ ਵਧੇਰੇ ਸਮਾਂ ਲਗਾਇਆ। ਇਸਦੇ ਸਰੋਤਾਂ ਵਿਚ ਗਿਆਨੀ ਜੀ ਨੇ ਆਪਣੇ ਬਜ਼ੁਰਗ ਨਗਾਹੀਆਂ ਸਿੰਘ, ਰਘੂ ਸਿੰਘ, ਬਖਤ ਸਿੰਘ ਸ਼ਾਮਲ ਸਨ ਜਿਨਾਂ ਨੇ ਗੁਰੂ ਗੋਬਿੰਦ ਸਿੰਘ, ਬੰਦਾ ਸਿੰਘ ਬਹਾਦਰ ਅਤੇ 18ਵੀਂ ਸਦੀ ਚ ਸਰਦਾਰਾਂ, ਜਿਵੇਂ ਕਿ ਨਵਾਬ ਕਪੂਰ ਸਿੰਘ ਅਤੇ ਬਾਬਾ ਆਲਾ ਸਿੰਘ ਆਦਿ ਦੀ ਸੇਵਾ ਕੀਤੀ ਸੀ। ਇਸ ਤੋਂ ਇਲਾਵਾ ਰਚਨਾ ਲਈ ਸਮਗੱਰੀ ਇਕੱਤਰ ਕਰਨ ਲਈ ਦੂਰ-ਦੂਰ ਤਕ ਯਾਤਰਾਵਾਂ ਕੀਤੀਆਂ। ਰਤਨ ਸਿੰਘ ਭੰਗੂ ਅਤੇ ਬੂਟੇ ਸ਼ਾਹ ਦੁਆਰਾ ਲਿਖੀਆਂ ਰਚਨਾਵਾਂ ਤੋਂ ਸਹਾਇਤਾ ਵੀ ਲਈ ਗਈ ਹੈ। ਗਿਆਨੀ ਗਿਆਨ ਸਿੰਘ ਨੇ ਆਪਣੇ ਅਧਿਆਪਕ ਤਾਰਾ ਸਿੰਘ ਨਰੋਤਮ, ਇਕ ਨਿਰਮਲਾ ਵਿਦਵਾਨ ਤੋਂ ਪ੍ਰੇਰਿਤ ਹੋ ਕੇ 1867 ਵਿਚ ਆਪਣੀ ਪਹਿਲੀ ਰਚਨਾ ਪੰਥ ਪ੍ਰਕਾਸ਼ ਸੰਪੂਰਨ ਕੀਤੀ ਜੋ ਕਿ ਪੰਜਾਬੀ ਛੰਦ ਵਿਚ ਸਿੱਖਾਂ ਦੇ ਇਤਿਹਾਸ ਨਾਲ ਸੰਬੰਧਿਤ ਹੈ। ਤਵਾਰੀਖ ਗੁਰੂ ਖਾਲਸਾ ਇਸੇ ਦਾ ਵਾਰਤਕ ਵਿਚ ਵਿਸਤਾਰ ਹੈ ਤਵਾਰੀਖ਼ ਦੀ ਪਹਿਲੀ Ñਡੀਸ਼ਨN ਵਿਚ ਪਹਿਲੇ ਤਿੰਨ ਹਿੱਸੇ ਸ਼ਾਮਲ ਕਰਕੇ ਇਸਨੂੰ ਮਹੰਤ ਪ੍ਰੇਮ ਸਿੰਘ, ਭਾਈ ਹਰੀ ਸਿੰਘ ਸਿਆਲਕੋਟ ਅਤੇ ਬੂਟਾ ਸਿੰਘ ਰਾਵਲਪਿੰਡੀ ਦੇ ਸਹਿਯੋਗ ਨਾਲ ਗੁਰੂ ਗੋਬਿੰਦ ਸਿੰਘ ਪ੍ਰੈੱਸ, ਸਿਆਲਕੋਟ ਵਿਖੇ 1891 ਵਿਚ ਛਪਵਾਈ ਗਈ। ਗਿਆਨ ਸਿੰਘ ਨੇ ਆਪਣੀ ਤਵਰੀਖ ਦੀ ਪ੍ਰਕਾਸ਼ਨਾ ਦੇ ਅਧਿਕਾਰ ਖਾਲਸਾ ਟ੍ਰੈਕਟ ਸੁਸਾਇਟੀ , ਅੰਮ੍ਰਿਤਸਰ ਨੂੰ ਦੇ ਦਿੱਤੇ। ਤਵਾਰੀਖ ਦੇ ਪਹਿਲੇ ਤਿੰਨ ਹਿੱਸਿਆਂ ਦੀ ਪ੍ਰਕਾਸ਼ਨਾ ਦੀਆਂ ਸਮੂਹ ਕਾਪੀਆਂ ਤੋਂ ਇਲਾਵਾ ਅਣਪ੍ਰਕਾਸ਼ਿਤ ਹੱਥ-ਲਿਖਤ ਦੇ ਬਾਕੀ ਦੋਵੇਂ ਹਿੱਸੇ ਵੀ ਗਿਆਨ ਸਿੰਘ ਨੇ ਸੁਸਾਇਟੀ ਨੂੰ ਸੌਂਪ ਦਿੱਤੇ। ਪੰਥ ਖਾਲਸਾ (ਪੰਜਵਾਂ ਹਿੱਸਾ) 1919 ਦੇ ਅਖ਼ੀਰ ਵਿਚ ਉਰਦੂ ਵਿਚ ਪ੍ਰਕਾਸ਼ਿਤ ਹੋਇਆ ਅਤੇ ਸਰਦਾਰ ਖਾਲਸਾ (ਚੌਥਾ ਹਿੱਸਾ) ਕਦੇ ਵੀ ਪ੍ਰਕਾਸ਼ਿਤ ਨਹੀਂ ਹੋ ਸਕਿਆ। ਇਸ ਮਹਾਨ ਰਚਨਾ ਦੇ ਪਹਿਲੇ ਤਿੰਨ ਹਿੱਸੇ ਇਕੱਠੇ ਤੌਰ ਤੇ ਕਈ ਵਾਰ ਉਰਦੂ ਦੇ ਨਾਲ-ਨਾਲ ਪੰਜਾਬੀ ਵਿਚ ਕਈ ਸੰਸਕਰਣਾਂ ਵਿਚ ਛਪੇ। ਅਖ਼ੀਰ ਇਹ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੁਆਰਾ 1970 ਵਿਚ ਦੋ ਭਾਗਾਂ ਵਿਚ ਪੰਜਾਬੀ ਵਿਚ ਪ੍ਰਕਾਸ਼ਿਤ ਹੋਏ।

ਗਿਆਨੀ ਗਿਆਨ ਸਿੰਘ ਨੇ ਸਿੱਖ ਗੁਰਆਂ ਨਾਲ ਜੁੜੇ ਸਾਰੇ ਸਥਾਨਾਂ ਦਾ ਦੌਰਾ ਕੀਤਾ ਅਤੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਪਰੰਪਰਾਵਾਂ ਨੂੰ ਇੱਕਠਾ ਕੀਤਾ ਅਤੇ ਸੰਕਲਨ ਕੀਤਾ। ਹਰ ਹਿੱਸੇ ਵਿਚ ਹਰ ਗੁਰੂ ਸਾਹਿਬਾਨ ਦਾ ਵਰਣਨ ਕੀਤਾ ਹੈ। ਗੁਰੂ ਸਾਹਿਬਾਨ ਦੇ ਜੀਵਨ ਨੂੰ ਵਿਸਥਾਰ ਨਾਲ ਦਿੱਤਾ ਗਿਆ ਹੈ। ਉਨ੍ਹਾਂ ਜਿੱਥੇ ਵੀ ਭਾਈ ਸੰਤੋਖ ਸਿੰਘ ਦੁਆਰਾ ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਕਿਸੇ ਵੀ ਬਿਆਨ ਨੂੰ ਗ਼ਲਤ ਪਾਇਆ ਤਾਂ ਉਸ ਦਾ ਪੱਕਾ ਵਿਰੋਧ ਕੀਤਾ। ਭਾਈ ਸੰਤੋਖ ਸਿੰਘ ਨੇ ਅੰਸੂ 27, ਰਾਸ 3 ਵਿਚ ਦੱਸਿਆ ਕਿ ਕੋਠਾ ਗੁਰੂ ਕਾ (ਅਜੋਕੇ ਬਠਿੰਡੇ ਦਾ ਜ਼ਿਲ੍ਹਾ) ਜਹਾਂਗੀਰ ਬਾਦਸ਼ਾਹ ਨੇ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਨੂੰ ਦਿੱਤਾ ਸੀ। ਗਿਆਨੀ ਗਿਆਨ ਸਿੰਘ ਨੇ ਇਸ ਬਿਆਨ ਨੂੰ ਤਵਾਰੀਖ-ਇ-ਗੁਰੂ ਖਾਲਸਾ ਵਿਚ ਦਰੁਸਤ ਕੀਤਾ ਹੈ। ਗਿਆਨੀ ਗਿਆਨ ਸਿੰਘ ਨੇ ਦੱਸਿਆ ਕਿ ਕਪੂਰੇ ਨੇ ਪ੍ਰਿਥੀ ਚੰਦ ਦੇ ਪੋਤਰੇ ਸੋਢੀ ਕੌਲ ਨੂੰ ਇਸ ਪਿੰਡ ਦਾ ਪੱਟਾ ਦਿੱਤਾ ਸੀ। ਇਹ ਪੱਟਾ 1721ਬਿ. ਭਾਵ 1664 ਈ. ਸੀ। ਇਸ ਨੂੰ ਗਿਆਨੀ ਗਿਆਨ ਸਿੰਘ ਦੁਆਰਾ ਸੋਢੀ ਕੌਲ ਦੇ ਪਰਿਵਾਰ ਦੁਆਰਾ ਤਸਦੀਕ ਕੀਤਾ ਗਿਆ ਸੀ। ਇਕ ਹੋਰ ਸਥਾਨ ਤੇ ਗਿਆਨੀ ਗਿਆਨ ਸਿੰਘ ਨੇ ਸਪੱਸ਼ਟ ਤੌਰ ’ਤੇ ਕਿਹਾ ਹੈ ਕਿ ਗੁਰੂ ਹਰਿਗੋਬਿੰਦ

ਸਾਹਿਬ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾ ਹੋਣ ਮਗਰੋਂ ਸਮਰਾਟ ਦੇ ਨਾਲ ਕਸ਼ਮੀਰ ਗਏ ਸਨ ਜਿਸ ਨਾਲ ਲਗਭਗ ਸਾਰੇ ਲੇਖਕ ਸਹਿਮਤ ਹਨ।

ਤਵਾਰੀਖ ਗੁਰੂ ਖਾਲਸਾ ਦੇ ਮੁੱਖ ਬੰਧ ਵਿਚ ਗਿਆਨੀ ਗਿਆਨ ਸਿੰਘ ਨੇ ਇਤਿਹਾਸ ਦੇ ਅਧਿਐਨ ਦੀ ਵਿਆਖਿਆ ਅਤੇ ਉਨ੍ਹਾਂ ਪੁਸਤਕਾਂ ਦੀ ਸੂਚੀ ਦਿੱਤੀ ਹੈ ਜਿਨ੍ਹਾਂ ਨੂੰ ਉਸਨੇ ਵਾਚਿਆ। ਪਰ ਜਾਣਕਾਰੀ ਦੇ ਮਹੱਤਵਪੂਰਣ ਸ੍ਰੋਤ ਜਿਨ੍ਹਾਂ ਉੱਤੇ ਉਸਨੇ ਵਿਸ਼ਵਾਸ ਕੀਤਾ ਉਹ ਸਨ ਸਿੱਖਾਂ ਦੀਆਂ ਮੌਖਿਕ ਪਰੰਪਰਾਵਾਂ। ਉਸਨੇ ਵਿਸ਼ਾਲ ਯਾਤਰਾਵਾਂ ਕਰ ਕੇ ਸਿੱਖਾਂ ਦੀਆਂ ਪਰੰਪਰਾਵਾਂ ਨੂੰ ਇੱਕਤਰ ਕੀਤਾ।ਪਰੰਪਰਾਵਾਂ ਲੋਕਾਂ ਦੇ ਇਤਿਹਾਸ ਦਾ ਮਹੱਤਵਪੂਰਣ ਅੰਗ ਅਤੇ ਸਰੋਤ ਸਮੱਗਰੀ ਹੁੰਦੀਆਂ ਹਨ।

ਪੰਥ ਪ੍ਰਕਾਸ਼ ਕਵਿਤਾ ਰੂਪ ਵਿਚ ਅਤੇ ਤਵਾਰੀਖ-ਇ-ਗੁਰੂ ਖਾਲਸਾ ਵਾਰਤਕ ਰੂਪ ਵਿਚ ਲਿਖਣ ਤੋਂ ਬਾਅਦ ਗਿਆਨੀ ਗਿਆਨ ਸਿੰਘ ਨੇ ਸਿੱਖ ਇਤਿਹਾਸ ਨੂੰ ਸੰਪੂਰਨ ਕਰਨ ਲਈ ਹੇਠ ਲਿਖੀਆਂ ਪੁਸਤਕਾਂ ਨੂੰ ਵਾਰਤਕ ਵਿਚ ਲਿਖਿਆ। ਕਿਉਂਕਿ ਉਰਦੂ ਬ੍ਰਿਟਿਸ਼ ਪੰਜਾਬ ਦੀ ਸਰਕਾਰੀ ਭਾਸ਼ਾ ਸੀ, ਇਨ੍ਹਾਂ ਵਿਚੋਂ ਕੁੱਝ ਪੁਸਤਕਾਂ ਉਰਦੂ ਵਿਚ ਵੀ ਪ੍ਰਕਾਸ਼ਿਤ ਹੋਈਆਂ।

**4.6.3 ਸ਼ਮਸ਼ੇਰ ਖਾਲਸਾ**

ਗੁਰੂ ਕਾਲ ਤੋਂ ਬਾਅਦ ਇਹ 18ਵੀਂ ਸਦੀ ਵਿਚ ਸਿੱਖਾਂ ਦੀ ਸ਼ੁਰੂਆਤ ਨਾਲ ਸੰਬੰਧਿਤ ਹੈ ਜੋ ਕਿ ਬੰਦਾ ਸਿੰਘ ਬਹਾਦਰ ਦੇ ਜੀਵਨ ਤੋਂ ਸ਼ੁਰੂ ਹੁੰਦੀ ਹੈ। ਬਾਅਦ ਵਿਚ ਇਹ ਸਿੱਖ ਸ਼ਹੀਦਾਂ, ਮੁਗ਼ਲ ਅੱਤਿਆਚਾਰਾਂ ਅਤੇ ਅਫ਼ਗਾਨਾਂ ਦੇ ਸਿੱਖਾਂ ਨਾਲ ਸੰਘਰਸ਼ (ਘੱਲੂਘਾਰਿਆਂ) ਦਾ ਵਰਣਨ ਮਿਲਦਾ ਹੈ।

**4.6.4 ਰਾਜ ਖਾਲਸਾ ਭਾਗ- ਪਹਿਲਾ**

ਇਹ ਮਿਸਲਾਂ ਦੇ ਸਮੇਂ ਨਾਲ ਸੰਬੰਧਿਤ ਹੈ ਭਾਵ ਕਿ ਸਿੱਖਾਂ ਦੇ 18 ਵੀਂ ਸਦੀ ਦੇ ਅੱਧ ਵਿਚ ਪੰਜਾਬ ਵਿਚ ਦਬਦਬੇ ਦਾ ਵਰਣਨ ਹੈ। ਇਸ ਵਿਚ ਹਰ ਇਕ ਮਿਸਲ ਦਾ ਪੂਰਾ ਵੇਰਵਾ ਵੀ ਦਿੱਤਾ ਗਿਆ ਹੈ।

**4.6.5 ਰਾਜ ਖਾਲਸਾ ਭਾਗ- ਦੂਜਾ**

ਇਹ ਸਤਲੁਜ ਦੇ ਪਾਰ ( cis-satlej) ਸਿੱਖ ਰਾਜਾਂ ਦੇ ਇਲਾਕਿਆਂ ਦੇ ਨਾਲ-ਨਾਲ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸੰਬੰਧਿਤ ਹੈ। ਇਹ ਮਹਾਰਾਜਾ ਦਲੀਪ ਸਿੰਘ ਤੇ ਆ ਕੇ ਖਤਮ ਹੋ ਜਾਂਦਾ ਹੈ। ਇਸ ਦੇ ਬਾਵਜੂਦ ਗਿਆਨੀ ਗਿਆਨ ਸਿੰਘ ਨੇ ਸਿੱਖ ਇਤਿਹਾਸ ਦੇ ਬਹੁਤ ਸਾਰੇ ਹੋਰ ਪੱਖਾ ਨੂੰ ਵੀ ਛੂਹਿਆ ਹੈ।

**4.6.6 ਤਾਰੀਖਿ-ਇ-ਅੰਮ੍ਰਿਤਸਰ**

ਇਹ ਰਚਨਾ ਸਿੱਖ ਮਿਸਲਾਂ ਦੇ ਸਮੇਂ ਦਰਬਾਰ ਸਾਹਿਬ ਦੀ ਪੁਨਰ-ਉਸਾਰੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਸਾਹਿਬ ਨੂੰ ਸਜਾਉਣ ਬਾਰੇ ਵਰਣਨ ਕਰਦੀ ਹੈ। ਮਹੱਤਵਪੂਰਣ ਸਿੱਖ ਦਰਬਾਰੀਆਂ ਦੇ ਦਰਬਾਰ ਸਾਹਿਬ ਦੇ ਗੁੰਬਦਾਂ ਤੇ ਸੋਨਾ ਚੜ੍ਹਾਉਣ ਬਾਰੇ ਵਰਣਨ ਇਸ ਵਿਚ ਮਿਲਦਾ ਹੈ। ਇਹ ਦਰਬਾਰ ਸਾਹਿਬ ਦੇ ਆਲੇ-ਦੁਆਲੇ ਬਣੇ ਵੱਖ-ਵੱਖ ਬੁੰਗਿਆਂ ਦਾ ਇਤਿਹਾਸ ਵੀ ਦਰਸਾਉਂਦੀ ਹੈ।

**4.6.7 ਨਿਰਮਲ ਪੰਥ ਪ੍ਰਦੀਪਕਾ**

ਗਿਆਨੀ ਗਿਆਨ ਸਿੰਘ ਜ਼ਿਆਦਾਤਰ ਨਿਰਮਲਿਆਂ ਦੇ ਡੇਰਿਆਂ ਵਿਚ ਰਹਿੰਦੇ ਸਨ। ਸਿੱਟੇ ਵਜੋਂ ਉਹ ਵੀ ਨਿਰਮਲਾ ਸੰਪਰਦਾ ਵਿਚ ਸ਼ਾਮਿਲ ਹੋ ਗਏ। ਉਨ੍ਹਾਂ ਨੇ ਨਿਰਮਲ ਸੰਪਰਦਾ ਦਾ ਇਤਿਹਾਸ ਵੀ ਲਿਖਿਆ।

**4.6.8 ਗੁਰਧਾਮ ਸੰਗ੍ਰਿਹਿ**

ਜਦੋਂ ਗਿਆਨੀ ਗਿਆਨ ਸਿੰਸਘ ਵੱਖ-ਵੱਖ ਗੁਰਦੁਆਰਿਆਂ ਦੇ ਦਰਸ਼ਨ ਕਰ ਰਹੇ ਸਨ, ਉਨ੍ਹਾਂ ਦਾ ਸਾਰਾ ਹਾਲ ਇਸ ਵਿਚ ਬਿਆਨ ਕੀਤਾ ਗਿਆ ਹੈ।

**4.6.9 ਰਿਪਦੁਮਨ ਪ੍ਰਕਾਸ਼**

ਇਸ ਵਿਚ ਨਾਭਾ ਰਿਆਸਤ ਦਾ ਹਾਲ ਹੈ।

**4.6.10 ਸੂਰਜ ਪ੍ਰਕਾਸ਼ ਵਾਰਤਕ ਤਿੰਨ ਭਾਗ**

ਗਿਆਨੀ ਗਿਆਨ ਸਿੰਘ ਨੇ ਸੂਰਜ ਪ੍ਰਕਾਸ਼ ਵਾਰਤਕ ਨੂੰ ਵੀ ਸੰਕਲਿਤ ਕੀਤਾ ਜੋ ਪਹਿਲੀ ਵਾਰੀ 1897 ਵਿੱਚ ਛਪਿਆ।

**4.7 ਇਤਿਹਾਸ ਲਿਖਣ ਦਾ ਉਤਸ਼ਾਹ**

ਗਿਆਨੀ ਗਿਆਨ ਸਿੰਘ ਜੀ ਨੂੰ ਸਿੱਖ ਇਤਿਹਾਸ ਲਿਖਣ ਦਾ ਉਤਸ਼ਾਹ ਸਿੱਖੀ ਨਾਲ ਪਿਆਰ ਹੋਣ ਕਰਕੇ ਆਇਆ ਹੈ। ਸਿੱਖੀ ਪ੍ਰਚਾਰ ਦੇ ਉਤਸ਼ਾਹ ਦੇ ਨਾਲ ਨਾਲ ਪੱਛਮੀ ਵਿੱਦਿਆ ਦਾ ਪ੍ਰਭਾਵ ਵੀ ਆਪ ਤੇ ਪਰਤੱਖ ਪਇਆ ਹੋਇਆ ਹੈ। ਆਪਣੇ ਅੰਗਰੇਜ਼ੀ ਵਿੱਚ ਲਿਖੀਆਂ ਤਾਰੀਖ਼ਾਂ ਪੜ੍ਹਕੇ ਇਹ ਸਿੱਟਾ ਕੱਢਿਆ ਕਿ ਤਾਰੀਖ਼ ਇੱਕ ਲਾਭਦਾਇਕ ਵਿਸ਼ਾ ਹੈ। ਤਵਾਰੀਖ਼ ਗੁਰੂ ਖਾਲਸਾ ਦੀ ਭੂਮਿਕਾ ਵਿੱਚ ਆਪ ਲਿਖਦੇ ਹਨ, "ਤਵਾਰੀਖ਼ਾਂ ਪੜ੍ਹਕੇ ਆਦਮੀ ਖ਼ਰਾਬ ਵਿਹਾਰਾਂ ਵਿੱਚੋਂ ਨਿਕਲਕੇ ਧਰਮ ਸੁਖਦਾਈ ਉੱਨਤੀ ਪਰ ਪਹੁੰਚਣ ਦਾ ਪੁਰਸ਼ਾਰਥ ਕਰਦਾ ਹੈ। ਦੁਸ਼ਮਨਾਂ ਨੂੰ ਦੂਰ ਕਰਨ ਲਈ ਤੇ ਆਪਣੀ ਕੌਮ ਦੀ ਮੱਦਦ ਪਾਲਨਾ ਕਰਨ ਵਾਸਤੇ ਉਪਾਇ ਤਵਾਰੀਖ਼ਾਂ ਤੋਂ ਹੀ ਸਿੱਖੀਦਾ ਹੈ। ਲੜਾਕੇ ਭਿੜਾਕੇ ਦਗੇਬਾਜ਼ ਫ਼ਰੇਬ ਲਗਦੇ ਹਨ। ਅਨੇਕ ਦੇਸ਼ਾਂ ਦੀ ਸੈਰ, ਵਿਦਵਾਨਾਂ ਦੀ ਸੰਗਤ ਕਰਨ ਤੋਂ ਰਾਜ ਦਰਬਾਰ ਕਚੈਹਰੀਆਂ ਵਿੱਚ ਜਾਣ ਤੋਂ ਕਸਬੀ ਲੋਕਾਂ ਦੇ ਚਾਲ ਚਲਨ ਅਦਾਇ ਨਾਜ਼ ਨਖ਼ਰੇ ਚੁਸਤੀ ਚਾਲਾਕੀ ਬੋਲ ਚਾਲ ਸਿੱਖਣ ਤੋਂ ਅਨੇਕ ਮੱਤਾਂ ਦੀਆਂ ਪੋਥੀਆਂ ਪੜ੍ਹਨੇ ਕਰ, ਅਕਲਾਂ ਜੋ ਆਦਮੀ ਸਿੱਖਦਾ ਹੈ। ਇਹ ਸਭ ਕੇਵਲ ਤਵਾਰੀਖ਼ ਦੇ ਪੜ੍ਹਨੇ ਨਾਲ ਆਪੇ ਦਿਲ ਵਿੱਚੋਂ ਪ੍ਰਗਟ ਹੋ ਪੈਂਦੀਆਂ ਹਨ। ਆਪਣੇ ਵੱਡਿਆਂ ਦੇ ਵਿਹਾਰ ਚਾਲ ਚਾਲਨ ਆਦਿ ਦੇ ਤੇ ਵਰਤਾਮਾਨ ਦੇ ਮੁਕਾਬਲੇ ਕਰਕੇ ਪੂਰੇ-ਪੂਰੇ ਆਰਾਮ ਦੇ ਮਹਿਲ ਵਿੱਚ ਪਹੁੰਚ ਕਰ , ਦੂਰਅੰਦੇਸ਼, ਬੁੱਧੀਮਾਨ ਸੰਸਾਰ ਵਿੱਚ ਸਦਾਵਣ ਭੀ ਤਵਾਰੀਖ਼ ਪੜ੍ਹੇ ਬਿਨਾਂ ਨਹੀਂ ਹੋ ਸਕਦਾ।" ਇਸ ਤੋਂ ਸਪੱਸ਼ਟ ਹੈ ਕਿ ਗਿਆਨੀ ਗਿਆਨ ਸਿੰਘ ਨੇ ਇਤਿਹਾਸ ਨੂੰ ਬੀਤੇ ਹਾਲਾਤ ਜਾਨਣ ਦਾ ਸੋਮਾ ਹੀ ਨਹੀਂ ਮੰਨਿਆ। ਸਗੋਂ ਇਤਿਹਾਸ ਨੂੰ ਕੌਮੀ ਤੌਰ ਤੇ ਵਿਅਕਤੀਗਤ ਤੌਰ 'ਤੇ ਸੁਧਾਰ ਦਾ ਸਾਧਨ ਮੰਨਿਆ ਹੈ। ਆਪ ਨੇ ਸਿੱਖ ਇਤਿਹਾਸ ਇਸੇ ਪਹੁੰਚ ਵਿਧੀ ਨਾਲ ਲਿਖਿਆ ਹੈ।

## 4.8 ਵੱਖ-ਵੱਖ ਸ੍ਰੋਤਾਂ ਦਾ ਅਧਿਐਨ

ਗਿਆਨੀ ਗਿਆਨ ਸਿੰਘ ਜੀ ਨੇ ਇਤਿਹਾਸ ਲਿਖਣ ਲੱਗਿਆਂ ਕਈ ਪ੍ਰਕਾਰ ਦੇ ਇਤਿਹਾਸਕ ਸੋਮਿਆਂ ਦਾ ਪ੍ਰਯੋਗ ਕੀਤਾ ਜਾਪਦਾ ਹੈ। ਆਪ ਜੀ ਨਾਨਕ ਪ੍ਰਕਾਸ਼ ਤੇ ਸੂਰਜ ਪ੍ਰਕਾਸ਼ ਦੀ ਕਥਾ ਕਰਦੇ ਰਹੇ। ਇਸ ਤਰਾਂ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਹੋਰ ਵੀ ਪੋਥੀਆਂ ਆਦਿ ਦਾ ਅਧਿਐਨ ਵੀ ਕੀਤਾ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਸੁਖੈਨ ਪੰਜਾਬੀ ਵਿੱਚ ਉਲੱਥਾ ਕੀਤਾ। ਸਿੱਖਾਂ ਪ੍ਰਤੀ ਲਿਖੀਆਂ ਬਹੁਤ ਸਾਰੀਆਂ ਪੁਸਤਕਾਂ ਆਪਨੇ ਵਾਚੀਆਂ। ਇਨ੍ਹਾਂ ਪੁਸਤਕਾਂ ਦਾ ਹਵਾਲਾ ਆਪਨੇ ਤਵਾਰੀਖ਼ ਗੁਰੂ ਖਾਲਸਾ ਦੇ ਅਰੰਭ ਵਿੱਚ ਦੇ ਦਿੱਤਾ ਹੈ। ਇਸ ਸੂਚੀ ਵਿੱਚ ਫ਼ਾਰਸੀ ਤੇ ਅੰਗਰੇਜ਼ੀ ਵਿੱਚ ਲਿਖੀਆਂ ਕਿਤਾਬਾਂ ਹਨ। ਇਨ੍ਹਾਂ ਦੇ ਹਵਾਲੇ ਵਿੱਚ ਵੀ ਮਿਲਦੇ ਹਨ।

ਪਰ ਆਪ ਦੀ ਲਿਖਤ ਸ਼ਾਇਦ ਏਨੀ ਲਾਭਦਾਇਕ ਨਾਂ ਹੁੰਦੀ ਜੇਕਰ ਆਪ ਆਪਣੀਆਂ ਰਚਨਾਵਾਂ ਨੂੰ ਕਿਤਾਬੀ ਗਿਆਨ ਤੱਕ ਹੀ ਸੀਮਤ ਰੱਖਦੇ। ਆਪ ਨੇ ਟੋਲ-ਟੋਲ ਕੇ ਬਿਰਧਾਂ ਕੋਲੋਂ ਜਾ ਕੇ ਬਿਆਨ ਇਕੱਤਰ ਕੀਤੇ। ਮਹਾਰਾਜਾ ਰਣਜੀਤ ਸਿੰਘ ਤੇ ਸਮੇਂ ਦਾ ਹਾਲ ਦੱਸਣ ਵਾਲੇ ਉਨ੍ਹਾਂ ਸਮੇਂ ਤੱਕ ਜਿਉਂਦੇ ਸਨ। ਉਨ੍ਹਾਂ ਕੋਲੋਂ ਆਪਣੇ ਅੱਖੀਂ ਡਿੱਠੇ ਹਾਲਾਤ ਪੁੱਛੇ ਤੇ ਅੰਕਤ ਕੀਤੇ ਜਿਵੇਂ ਕਿ ਆਪਨੇ ਤਵਾਰੀਖ਼ ਗੁਰੂ ਖਾਲਸਾ ਵਿੱਚ ਲਿਖਿਆ ਹੈ, "ਇਲਮ ਜੋਗ ਅਭਿਆਸ ਭਾਰਤ ਵਰਸ ਵਿੱਚ ਡੇਢ ਸੌ ਬਰਸ ਤੋਂ ਪਰੇ ਪਰੇ ਬਹੁਤ ਸੀ ਜਿਸਦਾ ਨਮੂਨਾ ਇੱਕ ਸੰਤ ਨੇ 41 ਦਿਨ ਸਮਾਧੀ ਕਾਯਮ ਰੱਖਕੇ ਮਹਾਰਾਜੇ ਰਣਜੀਤ ਸਿੰਘ ਬਹਾਦਰ ਨੂੰ ਦਿਖਾਇਆ ਸੀ। ਉਸ ਸੰਤ ਦੇ ਦੇਖਣ ਵਾਲੇ ਜਰਨੈਲ ਹਰਸਾ ਸਿੰਘ ਸੁਲਤਾਨ ਵਿੰਡ ਵਾਲੇ ਨੇ ਜੋ 106 ਬਰਸ ਦਾ ਹੋਕੇ 1943 ਬਿਕਰਮੀ (1886 ਈਸਵੀ) ਵਿੱਚ ਗੁਜਰਯਾ ਹੈ। ਇਹ ਕਥਾ ਮੈਨੂੰ ਸੁਣਾਈ ਸੀ ਕਿ ਠੀਕ 41 ਦਿਨ ਸਮਾਧੀ ਲੱਗੀ ਰਹੀ ਸੀ, ਸਾਡਾ ਪਹਿਰਾ ਉਸ ਉੱਤੇ ਸੀ। ਰੂਈਂ ਦੇ ਫੰਭੇ ਮੂੰਹ ਨਾਸਾਂ ਅੱਗੇ ਕਰਕੇ ਰਾਤ ਦਿਨ ਬੈਠੇ ਰਹਿੰਦੇ। ਮਿਆਦ ਤੱਕ ਫੰਭਾ ਨਹੀਂ ਹਿੱਲਯਾ ਤੇ ਮੁੰਡਤ ਹੋ ਕੇ ਸਮਾਧੀ ਹਲਾਈ ਸੀ। 41 ਦਿਨ ਰੋਮ ਨੱਥ ਨਹੀਂ ਉੱਗੇ।"

ਗਿਆਨੀ ਗਿਆਨ ਸਿੰਘ ਜੀ ਦੀ ਮੁੱਖ ਸਮੱਗਰੀ ਜਿਸ ਤੋਂ ਉਨ੍ਹਾਂ ਨੇ ਸਿੱਖ ਇਤਿਹਾਸ ਦੀ ਉਸਾਰੀ ਕੀਤੀ ਹੈ, ਉਹ ਸਿੱਖ ਰਵਾਇਤਾਂ ਸਨ। ਥਾਂ-ਥਾਂ ਤੇ ਫਿਰ ਕੇ ਦੂਰ-ਦੁਰਾਡੇ ਮੁੱਢਲੀ ਜਾਣਕਾਰੀ ਪ੍ਰਾਪਤ ਕੀਤੀ। ਇਨ੍ਹਾਂ ਰਵਾਇਤਾਂ ਨੂੰ ਸਿੱਖ ਇਤਿਹਾਸ ਦਾ ਧੁਰਾ ਮੰਨਿਆ। ਸਿੱਖਾਂ ਦਾ ਲਿਖਿਆ ਲਿਖਤੀ ਇਤਿਹਾਸ ਬਹੁਤ ਘੱਟ ਮਿਲਦਾ ਹੈ ਪਰ ਉਨ੍ਹਾਂ ਦੀ ਪ੍ਰਚੱਲਤਾ ਰਵਾਇਤਾਂ ਉਨ੍ਹਾਂ ਦੇ ਇਤਿਹਾਸ ਦਾ ਇੱਕ ਮੁੱਢਲਾ ਸੋਮਾ ਹੈ। ਗਿਆਨੀ ਜੀ ਦੀ ਇਤਿਹਾਸਕ ਸੂਝ ਨੇ ਇਸ ਤੱਤ ਨੂੰ ਚੰਗੀ ਤਰ੍ਹਾਂ ਸਮਝ ਲਿਆ ਤੇ ਆਪਣੀ ਉਮਰ ਦਾ ਜ਼ਿਆਦਾ ਹਿੱਸਾ ਇਸੇ ਕੰਮ ਤੇ ਲਾ ਦਿੱਤਾ। ਸਿੱਖ ਇਤਿਹਾਸ ਵਿੱਚ ਰਵਾਇਤਾਂ ਇਕੱਤਰ ਕਰਨ ਦੇ ਕੰਮ ਵਿੱਚ ਗਿਆਨੀ ਜੀ ਦਾ ਇੱਕ ਮੁੱਢਲਾ ਤੇ ਨਿੱਗਰ ਯਤਨ ਹੈ।

ਇਤਿਹਾਸਕਾਰ ਦਾ ਕੰਮ ਕੇਵਲ ਸਮੱਗਰੀ ਇਕੱਤਰ ਕਰਨਾ ਹੀ ਨਹੀਂ ਸਗੋਂ ਉਸ ਦਾ ਵਿਸ਼ਲੇਸ਼ਣ ਕਰਨਾ ਤੇ ਸੱਚ ਲੱਭਣ ਦਾ ਯਤਨ ਕਰਨਾ ਹੁੰਦਾ ਹੈ। ਗਿਆਨੀ ਗਿਆਨ ਸਿੰਘ ਇਤਿਹਾਸ ਖੋਜ ਵਿੱਚ ਵਿਸ਼ਲੇਸ਼ਣ ਕਰਨ ਦੀ ਰੁੱਚੀ ਘੱਟ ਰੱਖਦੇ ਸਨ। ਉਹ ਨਿੱਗਰ ਤੇ ਉਸਾਰੂ ਰੁਚੀਆਂ ਦੇ ਮਾਲਕ ਸਨ ਪਰ ਜ਼ਿਆਦਾ ਛਾਨ ਬੀਨ ਤੇ ਰਵਾਇਤਾਂ ਦਾ ਜ਼ਿਆਦਾ ਵਿਸ਼ਲੇਸ਼ਣ ਨਹੀਂ ਸਨ ਕਰਦੇ। ਆਪ ਦੇ ਸਮਕਾਲੀ ਇਤਿਹਾਸਕਾਰ ਕਰਮ ਸਿੰਘ ਵਿੱਚ ਇਹ ਗੁਣ ਬਹੁਤ ਲਿਖਣ ਦਾ ਢੰਗ ਜ਼ਿਆਦਾ ਰਵਾਇਤੀ ਸੀ ਤੇ ਕਰਮ ਸਿੰਘ ਦਾ ਜ਼ਿਆਦਾ ਵਿਗਿਆਨਕ। ਇਸ ਲਈ ਇਨ੍ਹਾਂ ਦੋਹਾਂ ਸਮਕਾਲੀ ਇਤਿਹਾਸਕਾਰਾਂ ਵਿੱਚ ਕਈ ਵਿਸ਼ਿਆਂ ਤੇ ਮੱਤ ਭੇਦ ਹੋਣਾ ਕੁਦਰਤੀ ਸੀ। 1877 ਈਸਵੀ ਵਿੱਚ ਇੱਕ ਜਰਮਨ ਸਕਾਲਰ ਡਾਕਟਰ ਟਰੰਪ ਨੇ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿੱਚ ਉਲੱਥਾ ਕੀਤਾ ਤੇ ਭੂਮਿਕਾ ਵਜੋਂ ਦਸਾਂ ਗੁਰੂਆਂ ਦੀਆਂ ਜੀਵਨੀਆਂ ਲਿਖੀਆਂ ਤੇ ਪੁਰਾਤਨ ਜਨਮ ਸਾਖੀ ਦਾ ਅੰਗਰੇਜ਼ੀ ਵਿੱਚ ਉਲੱਥਾ ਕੀਤਾ ਤੇ ਭਾਈ ਬਾਲੇ ਤੇ ਪੁਰਾਤਨ ਦੋਹਾਂ ਜਨਮ ਸਾਖੀਆਂ ਤੇ ਟਿੱਪਣੀ ਕਰਦੇ ਹੋਇਆਂ ਇਹ ਸਿੱਧ ਕਰਨ ਦਾ ਯਤਨ ਕੀਤਾ ਕਿ ਭਾਈ ਬਾਲੇ ਦਾ ਨਾਂ ਪੁਰਾਤਨ ਜਨਮ ਸਾਖੀ ਵਿੱਚ ਨਹੀਂ ਆਉਂਦਾ। ਸਰਦਾਰ ਕਰਮ ਸਿੰਘ ਨੇ ਇਸ ਵਿਸ਼ੇ ਤੇ ਇੱਕ ਪੂਰੀ ਕਿਤਾਬ ਲਿਖ ਦਿੱਤੀ "ਕੱਤਕ ਕਿ ਵਿਸਾਖ" ਜਿਸ ਵਿੱਚ ਇਹ ਸਾਬਤ ਕਰਨ ਦਾ ਯਤਨ ਕੀਤਾ ਕਿ ਭਾਈ ਬਾਲੇ ਵਾਲੀ ਜਨਮ ਸਾਖੀ ਗ਼ਲਤ ਹੈ ਤੇ ਬਾਲਾ ਇੱਕ ਫ਼ਰਜ਼ੀ ਦਾ ਨਾਂ ਹੈ। ਗਿਆਨੀ ਜੀ ਇਸ ਨਵੀਂ ਖੋਜ ਨਾਲ ਸਹਿਮਤ ਨਹੀਂ ਸਨ। ਆਪ ਨੇ ਸਰਦਾਰ ਕਰਮ ਸਿੰਘ ਨੂੰ 1912 ਈਸਵੀ ਵਿੱਚ ਇੱਕ ਚਿੱਠੀ ਲਿਖੀ ਜਿਸ ਵਿੱਚ ਜ਼ੋਰਦਾਰ ਅੱਖ਼ਰਾਂ ਵਿੱਚ ਉਨ੍ਹਾਂ ਦੀ ਖੋਜ ਦੀ ਪ੍ਰਸੰਸਾ ਕੀਤੀ ਕਰਮ ਸਿੰਘ ਨੇ ਇਹ ਚਿੱਠੀ ਆਪਣੀ ਕਿਤਾਬ ਦੇ ਅਰੰਭ ਵਿੱਚ ਛਾਪੀ ਹੈ। ਗਿਆਨੀ ਜੀ ਦੀ ਇਹ ਚਿੱਠੀ ਉਨ੍ਹਾਂ ਦੀ ਇਤਿਹਾਸਕ ਯੂਝ ਤੇ ਜਾਣਕਾਰੀ ਦੀ ਪ੍ਰਤੀਕ ਹੈ।

### 4.9 ਗਿਆਨੀ ਜੀ ਇਤਿਹਾਸਕਾਰ ਦੇ ਰੂਪ ਵਿਚ

ਜੇਕਰ ਅਸੀਂ ਗਿਆਨੀ ਗਿਆਨ ਸਿੰਘ ਜੀ ਨੂੰ ਇਤਿਹਾਸਕਾਰ ਦੇ ਰੂਪ ਵਿੱਚ ਦੇਖਦੇ ਹਾਂ ਤਾਂ ਉਨ੍ਹਾਂ ਨੂੰ ਇਹ ਅਨੁਭਵ ਹੋਇਆ ਕਿ ਪੁਰਾਣੇ ਸਮਿਆਂ ਵਿੱਚ ਭਾਰਤੀ ਤੇ ਵਿਸ਼ੇਸ਼ ਕਰਕੇ ਹਿੰਦੂ ਆਪਣੇ ਇਤਿਹਾਸ ਵੱਲੋਂ ਬਹੁਤ ਅਵੇਸਲੇ ਰਹੇ ਸਨ। ਇਸ ਦਾ ਕਾਰਨ ਉਨ੍ਹਾਂ ਦੀ ਜੀਵਨ ਫਿਲਾਸਫ਼ੀ ਹੈ ਜਿਸ ਵਿੱਚ ਇਸ ਜੀਵਨ ਦੀ ਥਾਂ ਤੇ ਅਗਲੇ ਜੀਵਨ ਤੇ ਜ਼ਿਆਦਾ ਜ਼ੋਰ ਹੈ। ਆਪ ਤਵਾਰੀਖ ਗੁਰੂ ਖਾਲਸਾ ਦੀ ਭੂਮਿਕਾ ਵਿੱਚ ਲਿਖਦੇ ਹਨ, "ਤਵਾਰੀਖ਼ ਦਾ ਸਬੰਧ ਨਾਲ, ਬੰਸਾਵਲੀ ਦਾ ਸਬੰਧ ਖ਼ਾਨਦਾਨ ਨਾਲ ਹੁੰਦਾ ਹੈ ਸੋ ਇਨ੍ਹਾਂ ਨੇ (ਆਰੀਆਂ ਲੋਕਾਂ ਨੇ) ਦੋਹਾਂ ਦੀ ਪਰਵਾਹ ਨਹੀਂ ਰੱਖੀ ਕਿਉਂਕਿ ਏਸ ਸੰਸਾਰ ਨੂੰ ਤੇ ਸੰਸਾਰੀਆਂ ਨੂੰ ਬਿਨਾਸੀ ਤੁੱਛ ਸਮਝ ਕੇ ਜਿੱਥੇ ਹਮੇਸ਼ਾਂ ਰਹਿਣਾ ਹੈ ਉਸ ਪੁਰਲੋਕ ਦੇ ਅਬਿਨਾਸੀ ਸੁਖ ਦੀ ਇੱਛਾ ਰੱਖਕੇ ਉੱਥੇ ਪਹੁੰਚਣ ਦੇ ਉੱਦਮ ਕਰਨ ਵਿੱਚ ਲੱਗੇ ਰਹੇ।

ਮੁਸਲਮਾਨਾਂ ਅਤੇ ਅੰਗਰੇਜ਼ਾਂ ਦੀਆਂ ਲਿਖੀਆਂ ਤਾਰੀਖਾਂ ਨੂੰ ਦੇਖ ਕੇ ਗਿਆਨੀ ਜੀ ਨੇ ਇਹ ਨਿਸਚਾ ਕਰ ਲਿਆ ਕਿ ਸਿੱਖਾਂ ਦੀ ਵੀ ਮੁਕੰਮਲ ਤਾਰੀਖ਼ ਹੋਣੀ ਚਾਹੀਦੀ ਹੈ। ਉਨ੍ਹਾਂ ਤੋਂ ਪਹਿਲਾਂ ਜਨਮ ਸਾਖੀਆਂ, ਗੁਰ ਬਿਲਾਸ ਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਮੌਜੂਦ ਸਨ ਪਰ ਪੰਜਾਬੀ ਵਿੱਚ ਕੋਈ ਪੁਸਤਕ ਸਮੁੱਚੇ ਸਿੱਖ ਇਤਿਹਾਸ ਬਾਰੇ ਨਹੀਂ ਮਲਦੀ ਸੀ। ਸੋ ਪਹਿਲਾਂ ਆਪ ਨੇ ਕਵਿਤਾ ਵਿੱਚ ਪੰਥ ਪ੍ਰਕਾਸ਼ ਰਚਕੇ ਇਸ ਕਮੀ ਨੂੰ ਪੂਰਾ ਕੀਤਾ। ਪਰ ਆਪ ਨੂੰ ਸ਼ਾਇਦ ਇਸ ਗੱਲ ਦਾ ਗਿਆਨ ਸੀ ਕਿ ਜਨਤਾ ਲਈ ਇਤਿਹਾਸ ਸਰਲ ਬੋਲੀ ਵਿੱਚ ਗਦ ਵਿੱਚ ਹੋਣਾ ਚਾਹੀਦਾ ਹੈ ਪਦ ਵਿੱਚ ਨਹੀਂ। ਇਸ ਤਰ੍ਹਾਂ ਆਪਣੇ ਵਾਰਤਕ ਕਈ ਜਿਲਦਾਂ ਵਿੱਚ ਪੂਰਨ ਸਿੱਖ ਇਤਿਹਾਸ ਲਿਖਿਆ। ਸਿੱਖ ਇਤਿਹਾਸ ਵਿੱਚ ਆਪ ਪਹਿਲੇ ਵਿਅਕਤੀ ਸਨ ਜਿਨ੍ਹਾਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਅੰਗਰੇਜ਼ੀ ਰਾਜ ਦੇ ਆਗਮਨ ਤੱਕ ਮੁਕੰਮਲ ਸਿੱਖ ਇਤਿਹਾਸ ਉਰਦੂ ਤੇ ਪੰਜਾਬੀ ਵਿੱਚ ਲਿਖਿਆ। ਉਰਦੂ ਵਿੱਚ ਲਿਖਣ ਦੀ ਇਸ ਕਰਕੇ ਲੋੜ ਪਈ ਕਿਉਂਕਿ ਉਰਦੂ ਅੰਗਰੇਜ਼ੀ ਕਾਲ ਸਮੇਂ ਦੇ ਪੰਜਾਬ ਦੀ ਰਾਜ ਭਾਸ਼ਾ ਸੀ ਇਸ ਲਈ ਸਕੂਲਾਂ ਆਦਿ ਵਿੱਚ ਉਰਦੂ ਹੀ ਪੜ੍ਹਾਈ ਜਾਂਦੀ ਸੀ। ਉਰਦੂ ਵਿੱਚ ਲਿਖਣ ਨਾਲ ਹੀ ਸਿੱਖ ਇਤਿਹਾਸ ਦਾ ਪ੍ਰਚਾਰ ਹੋ ਸਕਦਾ ਸੀ। ਇਸ ਲਈ ਸਿੱਖ ਇਤਿਹਾਸ ਦਾ ਪ੍ਰਚਾਰ ਤੇ ਪਾਸਾਰ ਜੋ ਅੱਜ ਹੋ ਰਿਹਾ ਹੈ ਉਹ ਗਿਆਨੀ ਜੀ ਦੇ ਯਤਨਾਂ ਦਾ ਸਿੱਟਾ ਹੈ।

### 4.10 ਅਕਾਲ ਚਲਾਣਾ

ਗਿਆਨੀ ਗਿਆਨ ਸਿੰਘ ਜੀ ਨੇ ਬਹੁਤ ਲੰਮੇਰਾ ਜੀਵਨ ਜੀਵਿਆ ਤੇ ਮਹਾਰਾਜਾ ਰਣਜੀਤ ਜੀ ਦੇ ਸਮੇਂ ਤੋਂ ਲੈ ਕੇ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਤੱਕ ਸਭ ਹਾਲਾਤ ਅੱਖੀਂ ਵੇਖੇ ਤੇ ਸੁਣੇ। ਅਖ਼ੀਰ 1921 ਈਸਵੀ ਵਿੱਚ ਇਤਿਹਾਸ ਦੀ ਵਡਮੁੱਲੀ ਸੇਵਾ ਕਰਦੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

### 4.11 ਸਾਰ

ਗਿਆਨੀ ਗਿਆਨ ਸਿੰਘ ਨੇ ਸਿੱਖ ਪਰੰਪਰਾਵਾਂ ਨੂੰ ਇਕੱਠਾ ਕਰ ਕੇ ਇਤਿਹਾਸ ਦੇ ਮੁੜ-ਨਿਰਮਾਣ ਦਾ ਯਤਨ ਕੀਤਾ। ਉਹ ਜਿੱਥੇ ਵੀ ਜਾਂਦੇ ਗਿਆਨਵਾਨ ਵਿਅਕਤੀਆਂ ਦੀ ਭਾਲ ਕਰਦੇ ਅਤੇ ਉਨ੍ਹਾਂ ਦੇ ਬਿਆਨ ਲਿਖਦੇ। ਉਨ੍ਹਾਂ ਆਪਣੀ ਜ਼ਿੰਦਗੀ ਦਾ ਇਕ ਵੱਡਾ ਹਿੱਸਾ ਮੌਖਿਕ ਸਬੂਤਾਂ ਨੂੰ ਇੱਕਠੇ ਕਰਨ 'ਤੇ ਲਗਾ ਦਿੱਤਾ ਜੋ ਇਤਿਹਾਸ ਲਿਖਣ ਦਾ ਮੁੱਖ ਸ੍ਰੋਤ ਸਾਬਿਤ ਹੋਇਆ। ਇਹ ਠੀਕ ਹੈ ਕਿ ਜਿਸ ਵੇਲੇ ਗਿਆਨੀ ਜੀ ਨੇ ਸਿੱਖ ਇਤਿਹਾਸ ਦਾ ਕੰਮ ਅਰੰਭਿਆ ਉਸ ਵੇਲੇ ਸਿੱਖਾਂ ਵਿੱਚ ਵਿਗਿਆਨਕ ਇਤਿਹਾਸ ਲਿਖਣ ਦੀ ਰੁਚੀ ਦੀ ਅਣਹੋਂਦ ਸੀ ਪਰ ਗਿਆਨੀ ਜੀ ਨੇ ਆਪਣੇ ਸਮੇਂ ਸਿੱਖ ਇਤਿਹਾਸ ਦੀ ਸਮੱਗਰੀ ਇਕੱਤਰ ਕਰਨ ਵਿੱਚ ਵਿਗਿਆਨਕ ਢੰਗ ਵਰਤੇ ਹਨ ਤੇ ਸਿੱਖ ਇਤਿਹਾਸ ਦੀ ਉਸਾਰੀ ਲਈ ਮੁੱਢਲੀ ਸਮੱਗਰੀ ਇਕੱਤਰ ਕਰ ਦਿੱਤੀ ਜਿਸ ਦੀ ਹੋਂਦ ਨਾਲ ਹੀ ਸਿੱਖ ਇਤਿਹਾਸ ਦੀ ਉਸਾਰੀ ਸੰਭਵ ਹੋ ਸਕਦੀ ਸੀ। ਸਿੱਖ ਇਤਿਹਾਸ ਦੇ ਖੇਤਰ ਵਿੱਚ ਇਹ ਉਨ੍ਹਾਂ ਦੀ ਦੇਣ ਅਦੁੱਤੀ ਹੈ।

❖

## 4.12 <u>ਪੜ੍ਹਣਯੋਗ ਪੁਸਤਕਾਂ</u>


- ਗਿਆਨੀ ਗਿਆਨ ਸਿੰਘ ਅਧਿਐਨ, ਪੰਜਾਬੀ ਸਮੀਖਿਆ ਬੋਰਡ, ਜਲੰਧਰ, 1960
- Nirmal Samparda, Prof. Pritam Singh, GNDU, Amritsar
- Giani Gian Singh, Tawarikh-i-Guru Khalsa, Language Department, Patiala, 1999
- Jan Vansina, Oral Tradition-A Study of Historical Methodolgy, Keganpaul London, 1965
- Adi Granth, Dr. Earnest Trumpp, London, 1877


# ONE YEAR DIPLOMA IN SIKH THEOLOGY

**SEMESTER-I**

**COURSE: SIKH THEOLOGIAN**

## UNIT-5 RATAN SINGH BHANGU

**<u>STRUCTURE</u>**

5.0 ਉਦੇਸ਼

5.1 ਜਾਣ-ਪਛਾਣ

5.2 ਪਰਿਵਾਰਕ ਪਿਛੋਕੜ

5.3 ਪੰਥ ਪ੍ਰਕਾਸ਼ ਰਚਨ ਦੇ ਕਾਰਨ

5.4 ਸਿੱਖ ਸੰਘਰਸ਼ ਬਾਰੇ ਵਰਣਨ

5.4.1 ਬੰਦਾ ਸਿੰਘ ਬਹਾਦਰ ਦੀ ਸ਼ਹੀਦੀ

5.4.2 ਭਾਈ ਮਨੀ ਸਿੰਘ ਦੀ ਸ਼ਹੀਦੀ

5.4.3 ਦਿੱਲੀ ਫ਼ਤਹਿ ਦਾ ਵਰਣਨ

5.4.4 ਵੱਡਾ ਘੱਲੂਘਾਰਾ

5.5 ਸਿੱਖ ਸੰਸਥਾਵਾਂ ਅਤੇ ਪਰੰਪਰਾਵਾਂ ਦਾ ਵਰਣਨ

5.6 ਸਾਰ

5.7 ਪੜ੍ਹਣਯੋਗ ਪੁਸਤਕਾਂ

## 5.0 ਉਦੇਸ਼

ਪ੍ਰਸਤੁਤ ਵਿਸ਼ਾ ਉੱਘੇ ਸਿੱਖ ਵਿਦਵਾਨ ਰਤਨ ਸਿੰਘ ਭੰਗੂ ਬਾਰੇ ਹੈ। ਇਸ ਵਿਸ਼ੇ ਵਿਚ ਉਨ੍ਹਾਂ ਦੇ ਜੀਵਨ, ਮੁੱਖ ਰਚਨਾ ਅਤੇ ਸਖ਼ਸ਼ੀਅਤ ਦਾ ਵਰਣਨ ਕੀਤਾ ਗਿਆ ਹੈ। ਹਥਲੇ ਕਾਰਜ ਦਾ ਮੁੱਖ ਉਦੇਸ਼ ਉਨ੍ਹਾਂ ਦੀ ਸਿੱਖ ਇਤਿਹਾਸ ਨੂੰ ਸਿਰਜਣ ਅਤੇ ਉਸਨੂੰ ਸਾਂਭਣ ਲਈ ਰਚਿਤ ਮੁੱਖ ਸਰੋਤ ਦੀ ਦੇਣ ਨੂੰ ਸਿਲੇਬਸ ਦੇ ਪਾਠਕ੍ਰਮ ਵਿਚ ਪ੍ਰਸਤੁਤ ਕਰਨਾ ਹੈ।

## 5.1 ਜਾਣ ਪਛਾਣ

ਸਿੱਖ ਇਤਿਹਾਸ ਦੇ ਵਿੱਚ ਅਠ੍ਹਾਰਵੀਂ ਸਦੀ ਦਾ ਸਮਾਂ ਬਹੁਤ ਮਹੱਤਵਪੂਰਨ ਸਮਾਂ ਰਿਹਾ ਹੈ। ਅਠ੍ਹਾਰਵੀਂ ਸਦੀ ਦੇ ਵਿੱਚ ਕੁੱਝ ਅਜਿਹੇ ਸਿੱਖ ਵਿਦਵਾਨ ਪੈਦਾ ਹੋਏ ਜਿਨ੍ਹਾਂ ਨੇ ਸਿੱਖੀ ਦੀ ਸਾਹਿਤਕ ਤੌਰ ’ਤੇ ਸੇਵਾ ਕੀਤੀ। ਇਨ੍ਹਾਂ ਮਹਾਨ ਸਿੱਖ ਵਿਦਵਾਨਾਂ ਦੀ ਲੜੀ ਵਿੱਚ ਸ. ਰਤਨ ਸਿੰਘ ਭੰਗੂ ਦਾ ਇੱਕ ਵਿਸ਼ੇਸ਼ ਸਥਾਨ ਹੈ। ਰਤਨ ਸਿੰਘ ਭੰਗੂ ਨੇ ‘ਸ੍ਰੀ ਗੁਰ ਪੰਥ ਪ੍ਰਕਾਸ਼’ ਦੀ ਰਚਨਾ ਕਰਕੇ ਸਿੱਖ ਜਗਤ ਵਿੱਚ ਆਪਣਾ ਨਾਮ ਅਮਰ ਕੀਤਾ। ਰਤਨ ਸਿੰਘ ਭੰਗੂ ਖ਼ੁਦ ਵੀ ਆਪਣੇ ਦੁਆਰਾ ਦਰਜ ਕੀਤੀਆਂ ਅਠਾਰਵੀਂ ਸਦੀ ਦੀਆਂ ਕੁਝ ਘਟਨਾਵਾਂ ਦਾ ਚਸ਼ਮਦੀਦ ਗਵਾਹ ਸੀ। ਪ੍ਰਾਚੀਨ ਪੰਥ ਪ੍ਰਕਾਸ਼ ਪੰਜਾਬ ਵਿਚ ਸਰਵਉੱਚਤਾ ਲਈ ਸੰਘਰਸ਼ ਕਰਨ ਵਾਲੇ ਅਫ਼ਗਾਨ-ਸਿੱਖਾਂ ਉੱਤੇ ਸਭ ਤੋਂ ਮਹੱਤਵਪੂਰਣ ਅਤੇ ਲਾਭਦਾਇਕ ਕੰਮ ਹੈ ਜੋ ਅਠਾਰਵੀਂ ਸਦੀ ਦੇ ਅੰਤ ਤਕ ਜਾਰੀ ਰਿਹਾ। ਸ੍ਰੀ ਗੁਰ ਪੰਥ ਪ੍ਰਕਾਸ਼ ਦਾ ਸਥਾਨ ਇਸ ਸਮੇਂ ਦੌਰਾਨ ਸਿੱਖ ਇਤਿਹਾਸ ਦੇ ਮੁੱਢਲੇ ਸਰੋਤਾਂ ਵਿੱਚ ਆਉਂਦਾ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਆਉਂਦਾ ਰਹੇਗਾ। ਕਰਮ ਸਿੰਘ ਹਿਸਟੋਰੀਅਨ ਸ੍ਰੀ ਗੁਰ ਪੰਥ ਪ੍ਰਕਾਸ਼ ਬਾਰੇ ਲਿਖਦੇ ਹਨ ਕਿ :-

“ਮੈਂ ਹੱਥ ਚੁੰਮ ਲਵਾਂ ਉਸ ਸਰਦਾਰ ਦਾ ਜਿਸ ਨੇ ‘ਪੰਥ ਪ੍ਰਕਾਸ਼’ ਲਿਖਿਆ। ਮੈਂ ਸੱਚ ਕਹਿੰਦਾ ਹਾਂ ਜੇ ਇਹ ਪੰਥ ਪ੍ਰਕਾਸ਼ ਨਾ ਹੁੰਦਾ ਤਾਂ ਅੱਜ ਸਾਡਾ ਇਤਿਹਾਸ ਹੀ ਨਾ ਹੁੰਦਾ। ਕੋਈ ਸਿੱਖ ਜੋ ਸਿੱਖ ਅਖਵਾਉਣ ਦਾ ਹੱਕਦਾਰ ਹੈ, ਇਸਦੇ ਪੰਥ ਪ੍ਰਕਾਸ਼ ਤੋਂ ਵਿਰਵਾ ਨਹੀਂ ਰਹਿਣਾ ਚਾਹੀਦਾ। ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿੱਚ ਪੰਥ ਪ੍ਰਕਾਸ਼ ਬਾਰੇ ਬਿਆਨ ਕਰਦੇ ਹਨ ਕਿ ਪੰਥ ਦੇ ਇਤਿਹਾਸ ਦੀ ਇੱਕ ਪੁਸਤਕ ਸ. ਰਤਨ ਸਿੰਘ ਭੰਗੂ ਨੇ ਰਚਿਆ ਪੰਥ ਦੇ ਇਤਿਹਾਸ ਦਾ। ਇਸ ਦੀ ਭੂਮਿਕਾ ਹੈ :-

“ਸਰ ਕੇਵਿਡ ਆਕਟਰ ਲੋਨੀ ਦੀ ਪ੍ਰੇਰਣਾ ਕਰਕੇ ਕਪਤਾਨ ਮਰੇ ਨੇ ਜੋ ਖਾਲਸਾ ਪੰਥ ਦੇ ਹਾਲ ਸਰਦਾਰ ਰਤਨ ਸਿੰਘ ਤੋਂ ਸੁਣੇ (ਉਹੀ ਸ. ਰਤਨ ਸਿੰਘ ਭੰਗੂ ਨੇ ਛੰਦ ਰਚਨਾ ਦੇ ਵਿੱਚ ਗੁਰਸਿੱਖਾਂ ਲਈ ਪੁਸਤਕ ਦੇ ਆਕਾਰ ਵਿੱਚ ਪ੍ਰਗਟ ਕੀਤੇ।)”

## 5.2 ਪਰਿਵਾਰਕ ਪਿਛੋਕੜ

ਰਤਨ ਸਿੰਘ ਭੰਗੂ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਪੋਤਰਾ ਤੇ ਕਰੋੜਸਿੰਘੀਆ ਮਿਸਲ ਦੇ ਸਰਦਾਰ, ਸ਼ਾਮ ਸਿੰਘ ਦਾ ਦੋਹਤਰਾ ਸੀ। ਇਹ ਮਹਿਤਾਬ ਸਿੰਘ ਮੀਰਾਂਕੋਟੀ ਉਹੀ ਸਨ ਜਿਨ੍ਹਾਂ ਨੇ ਭਾਈ ਸੁੱਖਾ ਸਿੰਘ ਮਾੜੀ ਕੰਬੋ ਨਾਲ ਮਿਲ ਕੇ ਸਿੱਖ ਧਰਮ ਦੇ ਪਵਿੱਤਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਕਰ ਰਹੇ ਮੱਸਾ ਰੰਘੜ ਦਾ ਸਿਰ ਧੜ੍ਹ ਤੋਂ ਅਲੱਗ ਕਰਕੇ ਸੋਧਾ ਲਾਇਆ ਸੀ।

ਮੱਸਾ ਰੰਘੜ ਜੋ ਕਿ ਵਿਗੜਿਆ ਹੋਇਆ ਸਖ਼ਸ਼ ਸੀ ਉਸਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਮਾਣ-ਮਰਿਯਾਦਾ ਨੂੰ ਭੰਗ ਕਰਕੇ ਉੱਥੇ ਜੂਏ ਅਤੇ ਵਿਭਚਾਰ ਦਾ ਬਾਜ਼ਾਰ ਗਰਮ ਕੀਤਾ ਤਾਂ ਕਿ ਸਿੱਖਾਂ ਨੂੰ ਜ਼ਲੀਲ ਕੀਤਾ ਜਾ ਸਕੇ। ਸਿੰਘ ਇਸ ਬੇਅਦਬੀ ਨੂੰ ਸਹਿਣ ਨਹੀਂ ਸਨ ਕਰ ਸਕਦੇ। ਇਸੇ ਕਾਰਨ ਹੀ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਵਪਾਰੀ ਭੇਸ ਦੇ ਵਿੱਚ ਮੱਸੇ ਰੰਘੜ ਕੋਲ ਗਏ ਤੇ ਮੌਕਾ ਮਿਲਦਿਆਂ ਹੀ ਉਸ ਦਾ ਸਿਰ ਧੜ੍ਹ ਤੋਂ ਅਲੱਗ ਕਰ ਦਿੱਤਾ ਗਿਆ।

ਭਾਈ ਮਹਿਤਾਬ ਸਿੰਘ ਮੀਰਾਂਕੋਟ ਦਾ ਪੁੱਤਰ ਸੀ ਰਾਇ ਸਿੰਘ ਤੇ ਰਾਇ ਸਿੰਘ ਦੇ ਅੱਗੇ ਚਾਰ ਪੁੱਤਰ ਸਨ ਜਿਨ੍ਹਾਂ ਵਿੱਚੋਂ ਤੀਸਰੇ ਨੰਬਰ 'ਤੇ ਭਾਈ ਰਤਨ ਸਿੰਘ ਭੰਗੂ ਸੀ। ਰਾਇ ਸਿੰਘ ਬੁੱਢਾ ਦਲ ਦੇ ਮੈਂਬਰ ਸਨ ਜਿਨ੍ਹਾਂ ਨੇ ਸਥਾਨਕ ਅਤੇ ਅਫ਼ਗਾਨ ਹਮਲਾਵਰਾਂ ਵਿਰੁੱਧ ਕਈ ਸੰਘਰਸ਼ਾਂ ਵਿਚ ਭਾਗ ਲਿਆ ਸੀ। ਭਾਈ ਰਤਨ ਸਿੰਘ ਭੰਗੂ ਦੀ ਜਨਮ ਤਾਰੀਕ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲਦੀ। ਇੰਨਾਂ ਹੀ ਪਤਾ ਚੱਲਦਾ ਹੈ ਕਿ ਭਾਈ ਰਤਨ ਸਿੰਘ ਦਾ ਜਨਮ 1785 ਈਸਵੀ ਦੇ ਨੇੜੇ-ਤੇੜੇ ਹੋਇਆ। ਭਾਈ ਰਤਨ ਸਿੰਘ ਭੰਗੂ ਦੇ ਜੀਵਨ ਬਾਰੇ ਵੀ ਕੋਈ ਬਹੁਤ ਪ੍ਰਮਾਣਿਕ ਵੇਰਵੇ ਨਹੀਂ ਪ੍ਰਾਪਤ ਨਹੀਂ ਹੁੰਦੇ। ਡਾ. ਗੁਰਮੇਲ ਸਿੰਘ ਲਿਖਦੇ ਹਨ ਕਿ ਇਨ੍ਹਾਂ ਦੀ ਸ਼ਖ਼ਸੀਅਤ ਅਥਵਾ ਵਿਅਕਤਿਤਵ ਬਾਰੇ 'ਸ੍ਰੀ ਗੁਰ ਪ੍ਰੰਥ ਪ੍ਰਕਾਸ਼' ਦੇ ਆਧਾਰ 'ਤੇ ਹੀ ਕੁੱਝ ਅਨੁਮਾਨ ਲਗਾਏ ਜਾ ਸਕਦੇ ਹਨ। ਗ੍ਰੰਥ ਕਰਤਾ ਨੇ ਲੱਗਭਗ ਤਿੰਨ ਦਹਾਕਿਆਂ ਵਿੱਚ ਆਪਣੀ ਰਚਨਾ ਪੂਰੀ ਕੀਤੀ। ਉਸ ਨੇ ਸਫ਼ਰ ਵੀ ਕੀਤੇ, ਰਵਾਇਤਾਂ ਵੀ ਨੋਟ ਕੀਤੀਆਂ, ਬਜ਼ੁਰਗਾਂ ਦੀ ਸੰਗਤ ਵੀ ਮਾਣੀ, ਸਿੱਖ ਧਰਮ ਦੇ ਹੋਰ ਗ੍ਰੰਥ ਵੀ ਪੜ੍ਹੇ। 'ਸ੍ਰੀ ਗੁਰ ਪੰਥ ਪ੍ਰਕਾਸ਼' ਦਾ ਗੰਭੀਰਤਾ ਸਹਿਤ ਕੀਤਾ ਅਧਿਐਨ ਦੱਸਦਾ ਹੈ ਕਿ ਸ. ਰਤਨ ਸਿੰਘ ਭੰਗੂ ਨੇ ਹਿੰਦੂ ਅਤੇ ਤੁਜ਼ਕ ਮਨ ਨੂੰ ਕਿੰਨਾਂ ਗਹਿਰਾਈ ਵਿੱਚ ਸਮਝਿਆ ਹੈ। ਸ੍ਰੀ ਗੁਰ ਪੰਥ ਪ੍ਰਕਾਸ਼ ਵਿੱਚ ਆਏ ਗੁਰਬਾਣੀ, ਦਸਮ-ਬਾਣੀ (ਖ਼ਾਸ ਕਰ ਬਚਿੱਤਰ ਨਾਟਕ), ਭਾਈ ਗੁਰਦਾਸ ਦੀ ਰਚਨਾ ਆਦਿ ਦੇ ਹਵਾਲਿਆਂ ਤੋਂ ਇਲਾਵਾ ਪੌਰਾਣਿਕ, ਇਤਿਹਾਸਕ ਸੰਕੇਤ ਉਸ ਦੀ ਵਿਦਵਤਾ ਦੀ ਗਵਾਹੀ ਭਰਦੇ ਹਨ। ਲੋਕਾਂ ਦੀ ਰਲੀ-ਮਿਲੀ ਸੰਸਕ੍ਰਿਤ ਲੋਕ ਮੁਹਾਵਰੇ ਵਾਲੀ ਬੋਲੀ, ਜਾਤਾਂ-ਪਾਤਾਂ, ਹਥਿਆਰਾਂ, ਜਾਨਵਰਾਂ ਆਦਿ ਦੇ ਹਵਾਲੇ ਵੀ ਉਸ ਦੀ ਵਿਸ਼ਾਲ ਸੋਚ ਨੂੰ ਸਿੱਧ ਕਰਦੇ ਹਨ। ਸਿੰਘ ਸ਼ਹੀਦਾਂ ਦੇ ਸ਼ਹੀਦੀ ਪ੍ਰਸੰਗਾਂ ਵਿੱਚੋਂ ਸਰਦਾਰ ਰਤਨ ਸਿੰਘ ਭੰਗੂ ਦੀ ਕੌਮੀ ਚੇਤਨਾ ਅਤੇ ਸਿੱਖ ਕੌਮ ਲਈ ਦਰਦੀ ਪਿਆਰ ਦੇ ਰਲੇ-ਮਿਲੇ ਸਾਂਝੇ ਅਨੁਭਵ ਪ੍ਰਤੱਖ ਪੈਦਾ ਹੁੰਦੇ ਹਨ, ਜੋ ਇੱਕ ਅਹਿਮ ਤੇ ਜ਼ਰੂਰੀ ਅੰਗ ਹਨ। ਕੁੱਲ ਮਿਲਾ ਕੇ ਭੰਗੂ ਇੱਕ ਗੰਭੀਰ ਸ਼ਖ਼ਸੀਅਤ ਦਾ ਮਾਲਕ ਸੀ ਅਤੇ ਉਸ ਦੀਆਂ ਰਗਾਂ ਵਿੱਚ ਸਿੱਖ ਕੌਮ ਦੇ ਦੋ ਸੂਰਬੀਰ ਸਰਦਾਰਾਂ (ਸਰਦਾਰ ਮਹਿਤਾਬ ਸਿੰਘ ਅਤੇ ਸਰਦਾਰ ਸ਼ਿਯਾਮ ਸਿੰਘ) ਦਾ ਖ਼ੂਨ ਦੌੜ ਰਿਹਾ ਸੀ।

### 5.3 ਪੰਥ ਪ੍ਰਕਾਸ਼ ਰਚਨ ਦੇ ਕਾਰਣ

ਸ. ਰਤਨ ਸਿੰਘ ਭੰਗੂ ਕਈ ਭਾਸ਼ਾਵਾਂ ਦਾ ਗਿਆਤਾ ਸੀ। ਆਪ ਦੀ ਇੱਕੋ-ਇੱਕ ਕਾਵਿ ਰਚਨਾ ਪੰਥ ਪ੍ਰਕਾਸ਼ ਉਪਲੱਬਧ ਹੈ। ਇੱਥੇ ਇਹ ਗੱਲ ਵੀ ਮਹੱਤਵਪੂਰਨ ਹੈ ਕਿ ਪੰਥ ਪ੍ਰਕਾਸ਼ ਲਿਖਣ ਦਾ ਕਾਰਨ ਕੀ ਸੀ। ਦਰਅਸਲ ਦੇ ਵਿੱਚ 'ਸ੍ਰੀ ਗੁਰ ਪੰਥ ਪ੍ਰਕਾਸ਼', ਖਾਲਸੇ ਦੀ ਪਾਤਸ਼ਾਹੀ ਲੈਣ ਦੀ ਵਾਰਤਾ ਹੈ ਜੋ ਕਿ ਰਤਨ ਸਿੰਘ ਨੇ ਕੈਪਟਨ ਮਰ੍ਹੇ ਨੂੰ ਦੱਸੀ। ਭੰਗੂ ਅਨੁਸਾਰ ਅੰਗਰੇਜ਼ ਅਫ਼ਸਰ ਡੇਵਿਡ ਲੋਵੀ ਨੂੰ ਮੁਗ਼ਲਾਂ ਤੋਂ ਜੋ ਸਿੱਖਾਂ ਬਾਰੇ ਜਾਣਕਾਰੀ ਮਿਲੀ ਉਹੀ ਪੱਖ-ਪਾਤੀ ਸੀ। ਅੰਗਰੇਜ਼ੀ ਅਫ਼ਸਰ ਸਿਆਣਾ ਸੀ ਉਸਨੇ ਸੱਚਾਈ ਜਾਣਨ ਦੇ ਲਈ ਕੈਪਟਨ ਮਰ੍ਹੇ ਦੀ ਡਿਊਟੀ ਲਾਈ। ਕੈਪਟਨ ਮਰ੍ਹੇ ਨੇ ਬੂਟੇ ਸ਼ਾਹ ਨਾਂ ਦੇ ਮੌਲਵੀ ਨੂੰ ਸਿੱਖਾਂ ਬਾਰੇ ਹਾਲ ਲਿਖਣ ਦੇ ਲਈ ਕਿਹਾ। ਜਿਹੜੀ ਕਚਹਿਰੀ ਦੇ ਵਿੱਚ ਕੈਪਟਨ ਮਰ੍ਹੇ ਤੇ ਬੂਟੇ ਸ਼ਾਹ ਮਿਲਦੇ ਸਨ ਉਸੇ ਕਚਹਿਰੀ ਵਿੱਚ ਰਤਨ ਸਿੰਘ ਭੰਗੂ ਵੀ ਜਾਂਦਾ ਸੀ। ਕੈਪਟਨ ਨਾਲ ਉਸ ਦੀ ਗੱਲਬਾਤ ਹੁੰਦੀ ਸੀ। ਜਦੋਂ ਭੰਗੂ ਨੂੰ ਇਹ ਪਤਾ ਲੱਗਿਆ ਕਿ ਕੈਪਟਨ, ਬੂਟੇ ਸ਼ਾਹ ਮੌਲਵੀ ਤੋਂ ਸਿੱਖਾਂ ਬਾਰੇ ਲਿਖਵਾ ਰਿਹਾ ਹੈ ਤਾਂ ਭੰਗੂ ਨੇ ਸੋਚਿਆ ਕਿ ਇਹ ਮੁਸਲਮਾਨ ਸਿੱਖਾਂ ਬਾਰੇ ਲਿਖਣ ਦੇ ਵਿੱਚ ਇਨਸਾਫ਼ ਨਹੀਂ ਕਰ ਸਕੇਗਾ। ਭਾਈ ਰਤਨ ਸਿੰਘ ਭੰਗੂ ਲਿਖਦਾ ਹੈ :-

ਯਹਿ ਮੌਲਵੀ ਹੈ ਮੁਸਲਮਾਨ।
ਕਬ ਹਿੰਦੂਅਨ ਜਸ ਕਰੈ ਬਖਾਨ।੨੯। (ਸਿਖਨ)

(ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ-6)

ਮੌਲਵੀ ਦੁਆਰਾ ਲਿਖਿਆ ਹੋਇਆ ਜਦੋਂ ਰਤਨ ਸਿੰਘ ਭੰਗੂ ਨੇ ਪੜ੍ਹਿਆ ਤਾਂ ਰਤਨ ਸਿੰਘ ਦੀ ਤਸੱਲੀ ਨਾ ਹੋਈ ਤੇ ਫਿਰ ਉਸਨੇ ਕੈਪਟਨ ਨੂੰ ਸਿੰਘਾਂ ਬਾਰੇ ਦੱਸਣ ਦੇ ਲਈ 'ਸ੍ਰੀ ਗੁਰ ਪੰਥ ਪ੍ਰਕਾਸ਼' ਰਚਿਆ।

ਸ੍ਰ. ਰਤਨ ਸਿੰਘ ਭੰਗੂ ਲਿਖਦਾ ਹੈ ਇਹ ਗ੍ਰੰਥ ਰਚਣ ਦਾ ਜ਼ਿਆਦਾ ਆਧਾਰ ਮੌਖ਼ਿਕ ਹੈ। ਰਤਨ ਸਿੰਘ ਜੋ ਕਿ ਸਿੱਖ ਘਰਾਣੇ ਦੇ ਨਾਲ ਸਬੰਧ ਰੱਖਦਾ ਸੀ। ਉਸਦੇ ਨਾਨਕੇ ਅਤੇ ਦਾਦਕੇ ਦੋਨੋਂ ਹੀ ਸਿੱਖਾਂ ਦੇ ਕਠਿਨਾਈਆਂ ਵਾਲੇ ਦਿਨਾਂ ਦੇ ਗਵਾਹ ਸਨ। ਸਿੱਖੀ ਦੀ ਮੁੱਢਲੀ ਜਾਣਕਾਰੀ ਆਪ ਜੀ ਨੂੰ ਆਪ ਦੀ ਮਾਤਾ, ਪਿਤਾ ਅਤੇ ਨਾਨੇ ਤੋਂ ਸਿੱਖਿਆ ਦੇ ਰੂਪ ਵਿੱਚ ਮਿਲੀ ਸੀ। ਜਿਵੇਂ ਕਿ ਉਹ ਆਪ ਲਿਖਦੇ ਹਨ:-

ਰਤਨ ਸਿੰਘ ਸੁਨਿ ਪਿਤਾ ਤੇ, ਤੈਸੀ ਲਿਖੀ ਸੰਭਾਲ।

ਇੱਕ ਹੋਰ ਜਗ੍ਹਾ ਭੰਗੂ ਲਿਖਦਾ ਹੈ:-
ਸਯਾਮ ਸਿੰਘ ਕੀ ਸੁਨੋ ਕਹਾਨੀ।
ਜਿਮ ਕਰ ਹਮਰੀ ਮਾਤ ਬਖਾਨੀ।

(ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ 404)

ਜੋ ਉਸ ਸਮੇਂ ਬਜ਼ੁਰਗ ਮੌਜੂਦ ਸਨ ਜਿਨ੍ਹਾਂ ਤੋਂ ਇਤਿਹਾਸ ਦੀ ਜਾਣਕਾਰੀ ਮਿਲਦੀ ਸੀ, ਰਤਨ ਸਿੰਘ ਭੰਗੂ ਉਹਨਾਂ ਬਜ਼ੁਰਗਾਂ ਤੋਂ ਜਾਣਕਾਰੀ ਇਕੱਠੀ ਕਰਦਾ ਸੀ, ਜਿਵੇਂ ਉਹਨਾਂ ਲਿਖਿਆ ਹੈ:-

ਅਬ ਮੈਂ ਕਹੋਂ ਸਿੰਘਨ ਕੀ ਸਾਖੀ।
ਜਿਹ ਬਿਧ ਬਨ ਅਸਾਡਨ ਆਖੀ।
ਔਰ ਪੁਰਾਤਨ ਤੇ ਭੀ ਸੁਨੀ।
ਛੇ ਜੁ ਬਿਰਧ ਸਿਖ ਬਹੁ ਗੁਨੀ।੨।

(ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ 1)

ਤੀਸਰੇ ਤੌਰ ’ਤੇ ਜੋ ਉਸਦੀ ਲਿਖਤ ਵਿੱਚੋਂ ਮਿਲਦਾ ਹੈ ਕਿ ਰਤਨ ਸਿੰਘ ਭੰਗੂ ਇੱਕ ਅਨੁਭਵ ਦੇ ਤੌਰ ’ਤੇ ਵੀ ਪ੍ਰਸੰਗ ਨੂੰ ਸਿਰਜ ਲੈਂਦਾ ਹੈ। ਕਿਉਂਕਿ ਭੰਗੂ ਵਿੱਚ ਸਿੱਖੀ ਨੂੰ ਸਮਰਪਿਤ ਹੋਣ ਵਲੇ ਯੋਧਿਆਂ ਦਾ ਖ਼ੂਨ ਸੀ ਜੋ ਪੂਰਨ ਤੌਰ ’ਤੇ ਸਿੱਖੀ ਨੂੰ ਧਾਰਨ ਕੀਤੇ ਹੋਏ ਸਨ।ਇਸੇ ਕਾਰਨ ਸਿੱਖੀ ਸਪਿਰਟ ਨੂੰ ਉਹ ਚੰਗੀ ਤਰ੍ਹਾਂ ਜਾਣਦਾ ਸੀ ਤੇ ਇਤਿਹਾਸ ਦੀ ਕਿਸੇ ਘਟਨਾ ਨੂੰ ਉਹ ਅਨੁਭਵ ਦੇ ਤੌਰ ’ਤੇ ਵੀ ਜਾਣ ਲੈਂਦਾ ਸੀ, ਜਿਵੇਂ ਕਿ ਹੇਠਾਂ ਲਿਖਿਆ ਹੈ:-

ਰਤਨ ਸਿੰਘ ਯੌ ਸਾਖੀ ਕਹੀ,
ਕਿਛੁ ਸੁਨਿਕੈ ਕਿਛੁ ਅਨੁਭਵ ਲਹੀ॥

ਰਤਨ ਸਿੰਘ ਭੰਗੂ ਇਕ ਪਾਸੇ ਸਿੱਖਾਂ ਨੂੰ ਜੁਝਾਰ ਭਵਿੱਖ ਲਈ ਤਿਆਰ ਕਰਦਾ ਹੈ ਤਾਂ ਦੂਸਰੇ ਪਾਸੇ ਅੰਗਰੇਜ਼ ਨੂੰ ਸਿੱਖ ਜੁਝਾਰਤਾ ਦਾ ਡਰਾਵਾ ਦਿੰਦਾ ਹੈ ਕਿ ਸਿੱਖਾਂ ਨਾਲ ਲੜਾਈ ਮਹਿੰਗੀ ਪਏਗੀ। ਜੇ ਸਿੱਖ ਆਪਣੇ ਗੁਰੂ ਵਾਸਤੇ ਸਿਰ ਦੇਣ ਲਈ ਤਿਆਰ ਹਨ ਤਾਂ ਉਨ੍ਹਾਂ ਲਈ ਕੋਈ ਉਦੇਸ਼ ਦੁਰਗਮ ਨਹੀਂ, ਸਗਵਾਂ ਦਾਵਾ ਹਮਰੋ ਰਿਹਾ, ਗੁਰ ਸਿਰ ਲਾਗੇ ਸੇ ਸਿਖ ਚਹੈ ਲਿਆ।

ਜੋ ਵੀ ਤਾਰੂ ਸਿੰਘ ਦੀ ਪੁੱਠੀ ਖੱਲ੍ਹ ਲੁਹਾਉਣ ਦੀ ਕਥਾ ਸੁਣਦਾ ਹੈ, ਉਹ ਸਰੀਰਕ ਦੁੱਖ ਨੂੰ ਕੁੱਝ ਨਹੀਂ ਸਮਝਦਾ। ਯਮ ਉਸ ਦੇ ਨੇੜੇ ਨਹੀਂ ਆਉਂਦਾ, ਮਰਨ ਕਾਲ ਨਹਿਂ ਕਾਲ ਸੰਤਾਵੈ। ਅੰਗਰੇਜ਼ੀ ਖ਼ਤਰੇ ਨੂੰ ਮੁੱਖ ਰਖਦਿਆਂ ਪੰਥ ਪ੍ਰਕਾਸ਼ ਜੁਝਾਰਵਾਦੀ ਇਰਾਦੇ ਨਾਲ ਲਿਖਿਆ ਗਿਆ ਹੈ:-

ਸੋ ਕੋਈ ਯਾਂ ਕੋ ਸੁਣੈ ਸੁਣਾਵੈ
ਤਾਂ ਕੇ ਮਨ ਮੇਂ ਦ੍ਰਿੜਤਾ ਆਵੈ

ਭਾਈ ਰਤਨ ਸਿੰਘ ਭੰਗੂ ਦੁਆਰਾ ਰਚਿਤ ‘ਪੰਥ ਪ੍ਰਕਾਸ਼’ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ ਕਿ ਇਸ ਵਿੱਚੋਂ 18ਵੀਂ ਸਦੀ ਦੀਆਂ ਘਟਨਾਵਾਂ ਦਾ ਵੇਰਵਾ ਪ੍ਰਾਪਤ ਹੁੰਦਾ ਹੈ। ਰਤਨ ਸਿੰਘ ਕੁੱਝ ਘਟਨਾਵਾਂ ਦਾ ਗਵਾਹ ਵੀ ਹੈ ਜੋ ਉਸਨੇ ਅੱਖੀਂ ਦੇਖੀਆਂ ਸਨ। ਪੰਥ ਪ੍ਰਕਾਸ਼ ਦੀ ਪ੍ਰਮਾਣਿਕਤਾ ਉਸ ਸਮੇਂ ਹੋਰ ਵੀ ਵਧ ਜਾਂਦੀ ਹੈ ਜਦ ਇਸ ਵਿੱਚੋਂ ਅਫ਼ਗਾਨਾਂ ਤੇ ਸਿੱਖਾਂ ਦੇ ਸੰਘਰਸ਼ ਬਾਰੇ ਜਾਣਕਾਰੀ ਪ੍ਰਤੀਤ ਹੁੰਦੀ ਹੈ।

## 5.4 ਸਿੱਖ ਸੰਘਰਸ਼ ਬਾਰੇ ਵਰਣਨ

ਰਤਨ ਸਿੰਘ ਭੰਗੂ ਪਹਿਲਾ ਵਿਅਕਤੀ ਹੈ ਜਿਸਨੇ ਸਿੱਖੀ ਪ੍ਰਸੰਗ ਵਿੱਚ ਸਿੱਖ ਸ਼ਹੀਦਾਂ ਦੇ ਬਾਰੇ ਲਿਖਿਆ। ਗੁਰੂਆਂ ਦਾ ਇਤਿਹਾਸ ਤਾਂ ਸੰਖੇਪ ਰੂਪ ਵਿੱਚ ਹੈ। ਬੰਦਾ ਸਿੰਘ ਬਾਰੇ ਵਿਸਥਾਰ ਨਾਲ ਇਤਿਹਾਸ ਮਿਲਦਾ ਹੈ। ਪੰਥ ਪ੍ਰਕਾਸ਼ ਵਿਚ ਸਰਹਿੰਦ ਦੀ ਜਿੱਤ ਬਾਰੇ ਵਿਸਥਾਰ ਸਹਿਤ ਵਰਣਨ ਮਿਲਦਾ ਹੈ। ਫਿਰ ਚੱਪੜ ਚਿੜੀ (ਅਜੋਕੇ ਚੰਡੀਗੜ੍ਹ ਦੇ ਨੇੜੇ ਸਥਾਨ) ਦੀ ਲੜਾਈ ਜੋ ਕਿ ਬਹੁਤ ਭਿਆਨਕ ਸੀ ਬਾਰੇ ਪੰਥ ਪੰਥ ਪ੍ਰਕਾਸ਼ ਵਿਚ ਹੇਠ ਲਿਖੇ ਸ਼ਬਦਾਂ ਵਿਚ ਬਿਆਨ ਕੀਤਾ ਗਿਆ ਹੈ:

ਭਯੋ ਮੁਕਾਬਲਾ ਦੁਇ ਵਲੋਂ ਸਪ ਸਿਰਤੰਤ ਵਜੀਰੈ ਪਾਸ।
ਜੁ ਲਟੇਰੇ ਬੰਦੇ ਸਾਥ ਥੇ ਜ਼ਖੀਰੋ ਕੀਯੋ ਨ ਤਾਸ।

ਦੇਖੋ ਕਲਾ ਪ੍ਰਭ ਕੀ ਨਯਾਰੀ। ਜਿਤੇ ਫਕੀਰ ਸ਼ਾਹਿ ਜਾਇ ਹਾਰੀ।
ਪ੍ਰਭ ਚਾਹੇ ਮੇਰੁ ਤ੍ਰਿਣੋ ਉਠਾਇ। ਪ੍ਰਭ ਚਾਹੈ ਸਮੁੰਦ੍ਰ ਘੜਯੋਂ ਸੁਕਾਇ।

ਚੱਪੜ ਚਿੜੀ ਦੀ ਲੜਾਈ ਤੋਂ ਬਾਅਦ ਬੰਦਾ ਸਿੰਘ ਬਹਾਦਰ ਦੀ ਫ਼ੌਜ ਜੇਤੂ ਹੋ ਗਈ। ਬਹੁਤ ਸਾਰੇ ਮੁਗ਼ਲ ਮਾਰੇ ਗਏ ਸਨ। ਅਫ਼ਗਾਨ ਸ਼ਾਸਕ ਸ਼ੇਰ ਖਾਨ ਹੀ ਬਚਿਆ ਜਿਸਨੇ ਗੁਰੂ ਗੋਬਿੰਦ ਸਿੰਘ ਜੀ ਦੇ ਮਾਸੂਮ ਪੁੱਤਰਾਂ ਉਤੇ ਹੋਏ ਜ਼ੁਲਮ ਦਾ ਵਿਰੋਧ ਕੀਤਾ ਸੀ। ਰਤਨ ਸਿੰਘ ਭੰਗੂ ਲਿਖਦਾ ਹੈ:

ਬਚਯੋ ਏਕ ਮੁਹੰਮਦੋ ਸ਼ੇਰ ਓਹੀ ਜਿਸੈ ਹਾਹ ਦਾ ਨਾਅਰਾ ਮਾਰਿਆ ਸਾ।
ਵੇਲੇ ਸ਼ਾਹਿਬਜ਼ਾਦਿਆਂ ਦੇ ਕਤਲ ਕੇ ਸ਼ੀਰ ਖੋਇਰੇ ਮੁਖੋਂ ਉਚਾਰਿਆ ਸਾ।
ਗੁਰਾਂ ਸੁਨਕੈ ਮੁਖੋਂ ਸੀ ਵਾਕ ਕੀਤਾ ਰਹੀ ਜੜ੍ਹ ਯੌਂ ਓਸ ਨੂੰ ਤਾਰਿਆ ਸਾ।
ਸੋਈ ਅਜ ਤਾਈਂ ਗੁਰੂ ਵਾਕ ਫੁਰਦਾ ਜੋਊ ਆਖਕੈ ਫੇਰ ਨਹਿੰ ਹਾਰਿਆ ਸਾ।

ਖਾਲਸਾ ਫ਼ੌਜ ਦੀ ਸੱਤਾ ਸੀ ਅਤੇ ਉਨ੍ਹਾਂ ਨੇ ਜਲਦੀ ਹੀ ਹਮਾਲਾ ਬੋਲ ਦਿੱਤਾ ਅਤੇ ਮੁਗ਼ਲ ਸੈਨਾ ਦੇ ਕਮਾਂਡਰਾਂ ਉੱਤੇ ਹਮਲਾ ਕਰ ਦਿੱਤਾ:

ਤਹੀਂ ਹਕਾਰ ਖਾਲਸੈ ਦਯੋ। ਜਨ ਸਿਧਿ ਇਜੜ ਸ਼ੇਰ ਸੁ ਭਯੋ।
ਜੋ ਤੁਰਕਨ ਦੇ ਲਭੇ ਸਰਦਾਰ। ਤੇਊ ਖਾਲਸੈ ਦੀਨੇ ਮਾਰ।
ਤਹਾਂ ਬਜੀਰਾ ਸਸਕਿਤ ਪਯਾ। ਕਿਲਾ ਗਡ ਕੋਊ ਅਗੈ ਗਯਾ।
ਬੰਦੇ ਵਹੜਨ ਸਾਥ ਘਿਸੜਾਯਾ। ਫੇਰ ਅਗਨ ਮੈ ਉਸੇ ਸੜਾਯਾ।
ਇਤੀ ਬਜ਼ੀਰਾ ਮਾਰਿਓ ਜੇਠ ਸੁਦੀ ਕੇ ਮਾਹਿ।
ਸਤ੍ਰਾ ਸੈਅ ਸਤਾਸਠ ਚਪੜ ਚਪੜ ਕੇ ਪਾਹਿ।

ਵਜ਼ੀਰ ਖਾਨ ਦੀ ਹਾਰ ਅਤੇ ਮੌਤ ਤੋਂ ਬਾਅਦ, ਸਰਹਿੰਦ ਜਿੱਤਿਆ ਗਿਆ। ਬਾਜ ਸਿੰਘ ਨੂੰ ਇਸ ਦਾ ਗਵਰਨਰ ਨਿਯੁਕਤ ਕੀਤਾ ਗਿਆ ਸੀ। ਫਤਹਿ ਸਿੰਘ ਨੂੰ ਸਮਾਣਾ ਅਤੇ ਰਾਮ ਸਿੰਘ ਜੋ ਕਿ ਬਾਜ ਸਿੰਘ ਦਾ ਭਰਾ ਸੀ, ਨੂੰ ਥਾਨੇਸਰ ਦਿੱਤਾ ਗਿਆ। ਬੰਦਾ ਸਿੰਘ ਬਹਾਦਰ ਨੇ ਮੁਖਲਿਸਪੁਰ ਨੂੰ ਆਪਣਾ ਮੁੱਖ ਦਫ਼ਤਰ ਬਣਾਇਆ ਅਤੇ ਇਸ ਦਾ ਨਾਮ ਲੋਹਗੜ ਰੱਖਿਆ ਅਤੇ ਸਿੱਖ ਗੁਰੂਆਂ ਦੇ ਨਾਮ ਤੇ ਸਿੱਕਾ ਜਾਰੀ ਕੀਤਾ ਗਿਆ। ਸਿੱਖਾਂ ਨੇ ਜਲੰਧਰ ਵਿਖੇ ਕਬਜ਼ਾ ਕਰ ਲਿਆ ਸੀ ਅਤੇ ਸਤਲੁਜ ਪਾਰ ਦੁਆਬ ਖੇਤਰ ਵੱਲ ਸਫ਼ਲ ਮੁਹਿੰਮ ਦੀ ਅਗਵਾਈ ਕੀਤੀ ਸੀ।

### 5.4.1 ਬੰਦਾ ਸਿੰਘ ਬਹਾਦਰ ਦੀ ਸ਼ਹੀਦੀ

ਮੁਗਲ ਸਮਰਾਟ, ਬਹਾਦੁਰ ਸ਼ਾਹ ਦੀ 1712 ਈ. ਵਿਚ ਮੌਤ ਹੋ ਗਈ। ਉਸ ਤੋਂ ਮਗਰੋਂ ਜਹਾਂਦਰ ਸ਼ਾਹ ਗੱਦੀ ਤੇ ਬੈਠਿਆ ਤੇ ਇਕ ਸਾਰ ਦੇ ਅੰਦਰ ਫਰੁਖਸੀਅਰ ਨਵਾਂ ਬਾਦਸ਼ਾਹ ਬਣਿਆ। ਫਰੁਖਸੀਅਰ ਨੇ ਬੰਦਾ ਬਹਾਦਰ ਨੂੰ ਦਬਾਵੁਣ ਲਈ ਗੰਭੀਰ ਕਦਮ ਚੁੱਕੇ। ਆਖਰਕਾਰ ਬੰਦਾ ਸਿੰਘ ਬਹਾਦਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਰਤਨ ਸਿੰਘ ਨੇ ਬੰਦਾ ਬਹਾਦਰ ਦੀ ਗ੍ਰਿਫ਼ਤਾਰੀ ਨੂੰ ਹੇਠ ਲਿਖੇ ਸ਼ਬਦਾਂ ਵਿਚ ਬਿਆਨ ਕੀਤਾ ਹੈ। ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ ਦਾ ਵੇਰਵਾ ਦਿੰਦੇ ਆਪ ਜੀ ਹੋਏ ਲਿਖਦੇ ਹਨ ਕਿ ਬੰਦਾ ਸਿੰਘ ਬਹਾਦਰ ਨੂੰ ਫੜ ਕੇ ਲੋਹੇ ਦੇ ਪਿੰਜਰੇ ਵਿੱਚ ਪਾਇਆ ਗਿਆ। ਸੰਗਲਾਂ ਦੇ ਨਾਲ ਉਸਨੂੰ ਬੰਨਿਆ ਹੋਇਆ ਸੀ। ਉਸ ਦੇ ਦੋਨੋਂ ਪਾਸੇ ਮੁਗ਼ਲ ਬੈਠੇ ਸਨ। ਗੁਰੂ ਦਾ ਸਿੱਖ ਇੰਨੀ ਕਠਿਨਾਈ ਦੇ ਵਿੱਚ ਵੀ ਬਾਣੀ ਦਾ ਪਾਠ ਹੀ ਕਰ ਰਿਹਾ ਸੀ। ਬੰਦਾ ਸਿੰਘ ਦੇ ਨਾਲ ਹੀ ਆਲੀ ਸਿੰਘ ਤੇ ਮਾਲੀ ਸਿੰਘ ਵੀ ਸ਼ਹੀਦ ਕਰ ਦਿੱਤੇ ਗਏ। ਇਨ੍ਹਾਂ ਦੀ ਸ਼ਹੀਦੀ ਬਾਰੇ ਭਾਈ ਰਤਨ ਸਿੰਘ ਭੰਗੂ ਇਸ ਤਰ੍ਹਾਂ ਬਿਆਨ ਕਰਦੇ ਹਨ:-

ਫੜ ਬੰਦੇ ਕੋ ਬਾਹਰ ਲਯਾਏ। ਲੋਹ ਪਿੰਜਰੇ ਤਬ ਲਯੋ ਪਾਏ।
ਔਰ ਸੰਗਲ ਥਾਇ ਚਾਰ ਅੜਾਏ। ਪਗ ਬੇੜ ਹਾਲ ਤਬਕ ਘਤਾਏ।੧੧।
ਹੱਥ ਹਥੌੜੀ ਲੱਕ ਜੰਜੀਰ। ਬੰਦਾ ਬੰਧਯੋ ਇਤ ਤਤਬੀਰ।
ਦੋਇ ਤਰਫ਼ ਦੁਇ ਮੁਗਲ ਬਹਾਏ। ਨਾਲ ਓਸੈ ਕੈ ਉਇ ਨਰੜਾਇ।੧੨।
.........................
ਸਬ ਹੀ ਪਕੜੇ ਸਾਥੇ ਜਾਇਂ। ਪੜ੍ਹੈਂ ਬਾਣੀਆਂ ਨਹਿੰ ਸੰਕਾਹਿੰ।
ਇਕਤ ਹਥ ਤੇ ਰਬਾਬ ਬਜਾਵੈਂ ਸ਼ਾਸਤ੍ਰ ਗਿਰੇ ਉਨ ਚੁਕੇ ਨ ਜਾਵੈਂ।੧੬।

............................

ਕਹੈਂ ਬੰਦਾ ਮਤ ਜਾਵੈਂ ਉੱਡ। ਨਾਲੇ ਗੱਡੇ ਦਏ ਸੰਗਲ ਗੱਡ।

ਤੋਰ ਦੀਓ ਸੋ ਦਿੱਲੀ ਰਾਹੁ।ਛੋਟੀ ਬਡੀ ਲਯੋ ਮਜਲੀਂ ਲਾਹਿ।੧੩।

(ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ 151)

ਮਗਰੈ ਸਿਖ ਸਭ ਦੀਨੇ ਮਾਰ। ਘਸੀਟ ਕੂਟ ਔ ਕਰਿਕੇ ਖ੍ਵਾਰ।੧੫।

ਬਾਜ ਸਿੰਘ ਭਲੀ ਨਿਬਾਹੀ। ਮੁਏ ਬੰਦੈ ਸੰਗ ਚਾਰਉਂ ਭਾਈ।

ਾਲੀ ਮਾਲੀ ਸਿੰਘ ਔ ਸਲੌਦੀ ਵਾਲੇ। ਉਹ ਭੀ ਮੋਏ ਬੰਦੈ ਕੇ ਨਾਲੇ।੧੬।

(ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ 153)

ਭਾਈ ਰਤਨ ਸਿੰਘ ਭੰਗੂ ਉਨ੍ਹਾਂ ਸ਼ਹੀਦੀਆਂ ਦਾ ਵਰਣਨ ਵੀ ਕਰਦਾ ਹੈ ਜਿਨ੍ਹਾਂ ਸਿੱਖਾਂ ਦੀਆਂ ਸ਼ਹੀਦੀਆਂ ਅਸੀਂ ਹਰ ਰੋਜ਼ ਅਰਦਾਸ ਵਿੱਚ ਚੇਤੇ ਕਰਦੇ ਹਾਂ। ਸਿੱਖ ਇਤਿਹਾਸ ਦੇ ਇਸ ਪੱਖ ਵਿਚ ਰਤਨ ਸਿੰਘ ਨੇ ਮੁੱਢਲਾ ਕਾਰਜ ਕੀਤਾ ਹੈ। ਉਨ੍ਹਾਂ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ, ਜੋ ਕਿ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਨ, ਭਾਈ ਤਾਰੂ ਸਿੰਘ, ਭਾਈ ਤਾਰਾ ਸਿੰਘ ਵਾਂ (ਵਾਂ ਪਿੰਡ ਦੇ ਰਹਿਣ ਵਾਲੇ) ਅਤੇ ਭਾਈ ਬੋਤਾ ਸਿੰਘ ਅਤੇ ਹੋਰ ਬਹੁਤ ਸਾਰੇ ਸਿੱਖ ਸ਼ਹੀਦਾਂ ਦਾ ਵਰਣਨ ਕੀਤਾ ਹੈ। ਰਤਨ ਸਿੰਘ ਪਹਿਲਾ ਵਿਅਕਤੀ ਸੀ ਜਿਸਨੇ ਸੱਚਮੁੱਚ ਸਿੱਖ ਦ੍ਰਿਸ਼ਟੀਕੋਣ ਤੋਂ ਸਿੱਚ ਸ਼ਹੀਦਾਂ ਦੇ ਇਤਿਹਾਸ ਨੂੰ ਦਰਜ ਕੀਤਾ, ਜੋ ਕਿ ਸਿੱਖਾਂ ਲਈ ਪ੍ਰੇਰਣਾ ਸ੍ਰੋਤ ਹੈ।

### 5.4.2 ਭਾਈ ਮਨੀ ਸਿੰਘ ਦੀ ਸ਼ਹੀਦੀ

ਭਾਈ ਮਨੀ ਸਿੰਘ ਸ਼ਹੀਦ ਜਿਨ੍ਹਾਂ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ ਸੀ। ਉਨ੍ਹਾਂ ਬਾਬਤ ਰਤਨ ਸਿੰਘ ਭੰਗੂ ਲਿਖਦੇ ਹਨ ਕਿ ਕਿਵੇਂ ਭਾਈ ਮਨੀ ਸਿੰਘ ਜੀ ਸਿੱਖੀ ਦੇ ਵਿੱਚ ਪੱਕੇ ਰਹੇ ਤੇ ਆਪਣੀ ਸ਼ਹੀਦੀ ਦਿੱਤੀ। ਭਾਈ ਸਾਹਿਬ ਨੂੰ ਮੁਗ਼ਲ ਮੁਸਲਮਾਨ ਬਣਾਉਣ ਦੇ ਲਈ ਮਨਾਉਂਦੇ ਰਹੇ ਪਰ ਭਾਈ ਮਨੀ ਸਿੰਘ ਸਿੱਖੀ ਭਾਵਨਾ ਨੂੰ ਸਮਰਪਿਤ ਸਨ। ਸੋ ਇਸੇ ਕਾਰਨ ਕਾਜ਼ੀ ਨੇ ਫ਼ਤਵਾ ਦਿੱਤਾ ਕਿ ਇਸ ਦਾ ਅੰਗ-ਅੰਗ ਕੱਟ ਦਿੱਤਾ ਜਾਵੇ।

ਨਬਾਬ ਮਨੈਂ ਬਹੁ ਕ੍ਰੋਧੋ ਆਯਾ। ਹੋਣ ਸ੍ਰਾਪ ਨੈਂ ਸਮੋਂ ਪੁਜਾਯਾ।

ਕਾਜ਼ੀ ਮੁੱਲਾਂ ਲਏ ਬੁਲਾਇ। ਪੁਛਯੋ ਉਨ ਕੋ ਪਾਸ ਬਹਾਇ।੩੯।

ਖਾਨ ਕਹਯੋ ਹੋਹ ਮੁੱਸਲਮਾਨ। ਤਦ ਛੋਡੈਂਗੇ ਤੁਮਰੀ ਜਾਨ।

ਸਿੰਘਨ ਕਹਯੋ ਹਮ ਸਿਦਕ ਨ ਹਾਰੈਂ।

ਕਈ ਜਨਮ ਪਰ ਸਿਦਕ ਸੁ ਗਾਰੈਂ।੪੦।

ਸਿੰਘਨ ਮਾਰਨ ਕੀ ਬਿਧ ਕਹੋ। ਕੁਰਾਨ ਕਿਤਾਬਨ ਲਖਯੋ ਜਿਮ ਸਹੋ।

ਤਬ ਕਾਜ਼ੀ ਨੇ ਜਿਮ ਹੀ ਕਹਯੋ। ਤਿਵੇਂ ਮੁਫ਼ਤ ਨੇ ਫਤਵਾ ਦਯੋ।੪੧।

ਬੰਦ ਬੰਦ ਜੁਦੋ ਸਿੰਘ ਮਨੀ ਕਰਾਵੋ। ਇਮ ਕਰ ਚਹੀਯਤ ਜਗਤ ਦਿਖਾਵੋ।

ਹੋਨੀ ਸੀ ਸੋ ਉਨ ਮੁਖ ਬੋਲੀ। ਉਨ ਮੁਖ ਭੀ ਸ੍ਰਾਪ ਕੁੰਜੀ ਖੋਲੀ।੪੨।

(ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ 218)

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਦੇ ਅੰਤਿਮ ਦ੍ਰਿਸ਼ਾਂ ਅਤੇ ਕੁਰਬਾਨੀ ਨੂੰ ਲੇਖਕ ਦਿਲ ਖਿੱਚਵੇਂ ਅਤੇ ਭਾਵੁਕ ਸ਼ਬਦਾਂ ਵਿਚ ਬਿਆਨ ਕਰਦੇ ਹੋਏ ਰਤਨ ਸਿੰਘ ਭੰਗੂ ਲਿਖਦੇ ਹਨ:-

ਸੀਸ ਭਯੋ ਤਬ ਧੜ ਤੇ ਦੂਰ। ਰਹੀ ਸਿਖੀ ਸਿੰਘ ਸਾਬਤ ਸੂਰ।

ਜੈ ਜੈ ਕਾਰ ਸਿਖਨ ਮਨ ਭਯੋ, ਹੈ ਹੈ ਕਾਰ ਜਗਤ ਮੈਂ ਭਯੋ।

ਭਯੋ ਸ਼ਹੀਦਨ ਮੈਂ ਸਰਦਾਰ। ਸਾਹਿਬਜਦਾਨ ਢਿਗ ਡਿਉਢੀਦਾਰ।

### 5.4.3 ਦਿੱਲੀ ਫ਼ਤਹਿ ਦਾ ਵਰਣਨ

ਪੰਥ ਪ੍ਰਕਾਸ਼ ਦੇ ਅੰਤ ਵਿੱਚ ਰਤਨ ਸਿੰਘ ਭੰਗੂ ਜੂਨ 1767 ਈਸਵੀ ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਭਾਰਤ ਉੱਪਰ ਆਖ਼ਰੀ ਹੱਲੇ ਤੇ ਸਿੱਖਾਂ ਦੁਆਰਾ ਮੁਕੰਮਲ ਪੰਜਾਬ ਦੀ ਰਾਜਸੱਤਾ ਸੰਭਾਲਣ ਦਾ ਜ਼ਿਕਰ ਵੀ ਕਰਦਾ ਹੈ। ਮਾਰਚ 1783 ਈਸਵੀ ਵਿਚ ਸ. ਬਘੇਲ ਸਿੰਘ ਦੁਆਰਾ ਦਿੱਲੀ ਜਿੱਤਣ ਦਾ ਹਾਲ ਵੀ ਇਸ ਗ੍ਰੰਥ ਵਿੱਚੋਂ ਪ੍ਰਾਪਤ ਹੁੰਦਾ ਹੈ। ਇਹ ਖਾਲਸਾ ਰਾਜ ਦਾ ਸਿਖ਼ਰ ਸੀ ਜਦੋਂ ਬਘੇਲ ਸਿੰਘ ਨੇ ਦਿੱਲੀ ਫ਼ਤਹਿ ਕੀਤੀ। ਦਿੱਲੀ ਫ਼ਤਹਿ ਸਮੇਂ

ਭੰਗੂ ਲਿਖਦਾ ਹੈ ਕਿ ਸ਼ਾਸਕ ਮੁਸਲਮਾਨ ਇਕੱਠੇ ਹੋਏ ਤੇ ਉਨ੍ਹਾਂ ਨੇ ਸਲਾਹ ਕੀਤੀ ਕਿ ਆਪਣੇ ਕੋਲ ਦਿੱਲੀ ਛੱਡਣ ਤੋਂ ਬਿਨਾਂ ਕੋਈ ਹੋਰ ਉਪਾਅ ਨਹੀਂ ਹੈ ਕਿਉਂਕਿ ਸਿੱਖਾਂ ਦੇ ਨਾਲ ਆਪਾਂ ਨਹੀਂ ਲੜ ਸਕਦੇ। ਸਿਆਣਿਆਂ ਨੇ ਸਲਾਹ ਦਿੱਤੀ ਕਿ ਬੇਗ਼ਮ ਸਮਰੂ ਦੀ ਸਲਾਹ ਵੀ ਲਈ ਜਾਵੇ। ਬੇਗ਼ਮ ਸਮਰੂ ਜਿਸ ਦਾ ਨਾਂ ਜੇਬੁਨਿਸਾ ਸੀ ਤੇ ਲੁਤਫ਼ ਅਲੀ ਖਾਨ ਦੀ ਧੀ ਸੀ। ਇਸ ਦਾ ਵਿਆਹ ਜਰਮਨੀ ਤੋਂ ਆਏ ਫੌਜੀ ਅਫ਼ਸਰ (Walter Rein hard Somres) ਨਾਲ ਹੋਣ ਕਰਕੇ ਇਸ ਦਾ ਨਾਂ ਬੇਗ਼ਮ ਸਮਰੂ ਪ੍ਰਸਿੱਧ ਹੋਇਆ। ਇਸ ਨੇ ਕਾਫ਼ੀ ਮਿਹਨਤ ਨਾਲ ਆਪਣੀ ਰਿਆਸਤ ਕਾਇਮ ਕਰ ਲਈ ਸੀ। ਭਾਈ ਸਾਹਿਬ ਦੇ ਕਥਨ ਅਨੁਸਾਰ:-

ਤੌਂ ਦਾਨਾ ਉਨ ਕਰੀ ਸਲਾਹ। ਹਮ ਦਿੱਲੀ ਛਡ ਅਬ ਬਚਤੇ ਨਾਂਹਿ।
ਹੈ ਬੇਗਮ ਸਿਮਰੂ ਕੀ ਆਹਿ। ਅਬ ਉਸ ਕੀ ਪੁਛ ਲੇਹੁ ਸਲਾਹਿ।੪੫।
ਸੋਊ ਤੁਰਤ ਲਈ ਸ਼ਾਹਿ ਬੁਲਾਇ। ਸਭ ਦੀਨੀ ਉਨ ਬਾਤ ਸੁਨਾਇ।
ਸੁਨ ਕਰ ਬੇਗਮ ਸੀਸ ਹਿਲਾਯਾ। ਬੁਰਾ ਵਖਤ ਕਹਿ ਬੇਗਮ ਸੁਨਾਯਾ।੪੬।
(ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ 416)

ਬੇਗ਼ਮ ਸਮਰੂ ਨੇ ਪਾਲਕੀਆਂ, ਹਾਥੀ ਬਘੇਲ ਸਿੰਘ ਨੂੰ ਲੈਣ ਲਈ ਘੱਲੇ ਤੇ ਬਘੇਲ ਸਿੰਘ ਨੇ ਦਿੱਲੀ ਵਿੱਚ ਪਾਤਸ਼ਾਹੀ ਕਾਇਮ ਕਰ ਲਈ।

ਜਾਇ ਬਘੇਲ ਸਿੰਘ ਜੀ ਲਯਾਇ। ਢਿਗ ਦਿੱਲੀ ਦਏ ਡੇਰੇ ਕਰਵਾਇ।
ਤੌਂ ਬੇਗਮ ਸਿੰਘ ਜੀ ਪਹਿ ਆਏ। ਦਈ ਛਯਾਨੀ ਪਤਿਸ਼ਾਹ ਲਿਖਾਏ।੫੧।
(ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ 417)

ਇੱਥੇ ਹਰੀ ਰਾਮ ਗੁਪਤਾ ਬੇਗ਼ਮ ਸਮਰੂ ਤੇ ਬਘੇਲ ਸਿੰਘ ਵਿਚਕਾਰ ਹੋਈ ਸੰਧੀ ਬਾਰੇ ਦੱਸਦੇ ਹਨ ਕਿ 12 ਮਾਰਚ 1783 ਨੂੰ ਬੇਗ਼ਮ ਸਮਰੂ ਰਾਜਧਾਨੀ ਵਿਚ ਆਈ, ਇਹ ਮਤਾ ਪਾਸ ਕੀਤਾ ਗਿਆ ਕਿ ਇੱਕ ਰੁਪਏ ਵਿਚੋਂ ਛੇ ਆਨੇ ਭਾਵ ਕਿ 37.5 ਹਿੱਸਾ ਚੁੰਗੀ ਦੀ ਆਮਦਨ ਵਿਚੋਂ ਸਿੱਖਾਂ ਨੂੰ ਦਿੱਤਾ ਜਾਵੇਗਾ। ਦਿੱਲੀ ਦੇ ਵਿਚ ਸਿੱਖ ਸੱਤ ਗੁਰਦੁਆਰੇ ਬਣਾਉਣਗੇ ਤੇ ਇਸ ਦਾ ਮੁੱਖ ਦਫ਼ਤਰ ਸਬਜ਼ੀ ਮੰਡੀ ਵਿਖੇ ਸਥਾਪਿਤ ਕੀਤਾ ਜਾਵੇਗਾ। ਬਘੇਲ ਸਿੰਘ ਨੇ ਇਹ ਵਿਸ਼ਵਾਸ ਦਿਵਾਇਆ ਕਿ ਸਿੱਖ ਦਿੱਲੀ ਦੇ ਵਿਚ ਜਨਤਾ ਦੇ ਨਾਲ ਕੋਈ ਦੁਰਵਿਹਾਰ ਨਹੀਂ ਕਰਨਗੇ। ਗੁਰਦੁਆਰਿਆਂ ਦੀ ਉਸਾਰੀ ਦਾ ਕੰਮ ਜਲਦੀ ਤੋਂ ਜਲਦੀ ਕੀਤਾ ਜਾਵੇਗਾ। ਇਹ ਸਾਰਾ ਕੁੱਝ ਬਘੇਲ ਸਿੰਘ ਨੇ ਲਿਖਤੀ ਤੌਰ ਤੇ ਲਿਖਵਾ ਲਿਆ ਤੇ ਲਿਖੇ ਹੋਏ ਕਾਰਜ ਆਰੰਭ ਕਰਵਾ ਦਿੱਤੇ। ਇਹ ਬਘੇਲ ਸਿੰਘ ਦੀ ਵੱਡੀ ਪ੍ਰਾਪਤੀ ਸੀ ਜਿਸ ਕਾਰਨ ਅੱਜ ਦਿੱਲੀ ਦੇ ਗੁਰਦੁਆਰਿਆਂ ਵਿੱਚ ਸਿੱਖ ਨਤਮਸਤਕ ਹੁੰਦੇ ਹਨ।

### 5.4.4 ਵੱਡਾ ਘੱਲੂਘਾਰਾ

ਰਤਨ ਸਿੰਘ ਭੰਗੂ ਨੇ ਸਿੱਖਾਂ ਦੀ ਬਹਾਦਰੀ ਨੂੰ ਪ੍ਰਸ਼ੰਸਾਯੋਗ ਢੰਗ ਨਾਲ ਦਰਸਾਇਆ ਹੈ। ਕਿ 1762 ਈ. ਵਿਚ ਸਿੱਖਾਂ ਦੇ ਖ਼ੂਨੀ ਕਤਲੇਆਮ ਵੱਡੇ ਘੱਲੂਘਾਰੇ ਸਮੇਂ ਅਹਿਮਦ ਸ਼ਾਹ ਅਬਦਾਲੀ ਦੇ ਵਿਰੁੱਧ ਕਿਵੇਂ ਸਿੱਖ ਬਹਾਦਰੀ ਨਾਲ ਲੜੇ ਸਨ। ਛੋਟੇ ਘੱਲੂਘਾਰੇ 1746 ਈ. ਅਤੇ ਵੱਡੇ ਘੱਲੂਘਾਰੇ 1762 ਈ. ਦੋਹਾਂ ਘੱਲੂਘਾਰਿਆਂ ਦਾ ਹਾਲ ਪਹਿਲੀ ਵਾਰ ਰਤਨ ਸਿੰਘ ਨੇ ਲਿਖਿਆ ਹੈ। ਇਹ ਸਿੱਖਾਂ ਦਾ ਅਨਮੋਲ ਵਿਰਸਾ ਹੈ। ਜਿਸ ਨੂੰ ਪੜ੍ਹਣ ਨਾਲ ਉਤਸ਼ਾਹ ਮਿਲਦਾ ਹੈ।

ਸ਼ਾਹ ਹਲਕਾਰੇ ਘਲ ਸੱਦੇ ਜੈਨਾਂ ਔਰ ਪਠਾਨ।
ਸਵੇਰੇ ਹਮ ਤੁਮ ਰਲ ਪਵੈ ਮਾਰੈਂ ਸਿੰਘਨ ਪਛਾਨ॥੨੩॥
ਸੋਊ ਬਾਤ ਤਿਨ ਪਾਤੇ ਕਰੀ। ਆਈ ਖਾਲਸੇ ਖੋਟੀ ਘਰੀ।
ਸਿੰਘ ਤੁਰੇ ਵਲ ਸੋਈ ਦਰਿਆਇ। ਅਗਿਓਂ ਆਇਓ ਅਹਮਦ ਸ਼ਾਹਿ ॥੨੪॥
ਲਾਲ ਲਾਲ ਉਸ ਦਿਸੈ ਬਾਣਾ। ਸਿੰਘਨ ਕੇਸੂ ਫੂਲੇ ਜਾਣਾ।
ਜੇ ਹੋਤੇ ਥੇ ਸਿੰਘ ਸਿਆਨੇ। ਗਿਲਜੇ ਆਵਤ ਉਨੂ ਪਛਾਨੇ ॥੨੫॥
ਠਠਕ ਸਿੰਘ ਤਹਿ ਗਏ ਖਲੋਇ। ਤੌਂ ਲੌ ਆਯੋ ਚਾਨਨ ਹੋਇ॥
ਆਇ ਗਿਲਜਨ ਨੇ ਘੋੜੇ ਰਲਾਏ । ਸਿੰਘਨ ਨਹੀਂ ਥੇ ਤੋੜੇ ਲਾਏ॥੨੬॥
ਤੀਰ ਤਲਵਾਰਨ ਭਈ ਲੜਾਈ। ਪਰੇ ਅਚਾਨਕ ਉਹ ਥੇ ਆਈ।

ਤੋਂ ਭੀ ਸਿੰਘ ਸੁ ਖੜ ਖੜ ਲੜੈਂ। ਦੀਨ ਮਜ਼ਹਬ ਕਰ ਜੁੱਧਹਿ ਅੜੈਂ॥੨੭॥

ਖਾਲਸੇ ਨੇ ਯੋਜਨਾ ਬਣਾਈ ਕਿ ਚਾਰ ਸਿੱਖ ਗਰਮਾ ਵਿਖੇ ਹਦਾਇਤ ਦੇ ਕੇ ਭੇਜੇ ਜਾਣ ਕਿ ਬੱਚਿਆਂ ਅਤੇ ਔਰਤਾਂ ਨੂੰ ਬਰਨਾਲੇ ਵੱਲ ਵਧਣਾ ਚਾਹੀਦਾ ਹੈ। ਸਿੱਟੇ ਵਜੋਂ ਚਾਰ ਸਿੱਖ, ਸੰਗੂ ਸਿੰਘ, ਆਲਾ ਸਿੰਘ, ਸੇਖੂ ਸਿੰਘ ਅਤੇ ਬੁੱਧਾ ਸਿੰਘ ਇਸ ਕਾਰਵਾਂ ਦੀ ਅਗਵਾਈ ਕਰ ਰਹੇ ਸਨ। ਪਰ ਉਨ੍ਹਾਂ ਨੇ ਹਾਲੇ ਥੋੜਾ ਸਫ਼ਰ ਹੀ ਤਹਿ ਕੀਤਾ ਸੀ ਕਿ ਸ਼ਾਹ ਵਲੀ ਖਾਨ ਦੇ ਅਧੀਨ 8000 ਅਫ਼ਗਾਨਾਂ ਨੇ ਉਨ੍ਹਾਂ ਤੇ ਹਮਲਾ ਕਰ ਦਿੱਤਾ। ਜੱਸਾ ਸਿੰਘ ਆਹਲੂਵਾਲੀਆ ਨੇ ਹੋਰ ਸਿੰਘਾਂ ਨੂੰ ਤਾਕਤ ਵਜੋਂ ਭੇਜਿਆ ਅਤੇ ਫਿਰ ਸਿੱਖਾਂ ਨੇ ਮਲੇਰਕੋਟਲਾ ਦੇ ਅਫ਼ਗਾਨ ਅਤੇ ਜ਼ੈਨ ਖ਼ਾਨ ਦਾ ਮੁਕਾਬਲਾ ਕੀਤਾ ਜਿਵੇਂ ਕਿ ਰਤਨ ਸਿੰਘ ਭੰਗੂ ਨੇ ਦੱਸਿਆ ਹੈ:

ਬਹੀਰ ਕੋਸ ਦੁਹਿ ਤਿੰਨ ਗਯੋ ਤੌ ਆਗੇ ਪਰੇ ਰਿਪੁ ਔਰ।
ਜੈਨਾ ਅਤੇ ਮਲੇਰੀਏ ਮਾਰੇ ਉਨ੍ਹੈਂ ਬਹੁ ਦੌਰ।
ਸਭ ਖਾਲਸੇ ਸਿਉਂ ਸ਼ਾਮ ਸਿੰਘ ਕਹਯੋ। ਜੈਨੇ ਮਲੇਰੀ ਵੱਲ ਮੈਂ ਰਹਯੋ।
ਤੀਨ ਤਰਫ ਤੁਮ ਸਭੇ ਨਿਬਹਯੋ।ਦੀਨ ਮਜ਼੍ਹਬ ਕੋ ਜੁੱਧ ਸੰਬਹਯੋ।

ਜਦੋਂ ਅਬਦਾਲੀ ਦੀਆਂ ਫੌਜਾਂ ਸਿੱਖਾਂ ਦਾ ਪਿੱਛਾ ਕਰ ਰਹੀਆਂ ਸਨ ਤਾਂ ਸਿੱਖ ਹੁਣ ਪਿੱਛੇ ਵੀ ਹਟ ਰਹੇ ਸਨ ਤੇ ਲੜ ਵੀ ਰਹੇ ਸਨ। ਜਿਵੇਂ ਕਿ ਡਾ. ਹਰੀ ਰਾਮ ਗੁਪਤਾ ਅਨੁਸਾਰ, ਅਬਦਾਲੀ ਦੀਆਂ ਫੌਜਾਂ ਹਥਿਆਰਾਂ ਦੀ ਵਰਤੋਂ ਅਤੇ ਯੁੱਧ ਦੀ ਕਲਾ ਵਿਚ ਮਾਹਰ ਸਨ। ਫੌਜੀ ਨਜ਼ਰੀਏ ਤੋਂ, ਸਿੱਖਾਂ ਕੋਲ ਨਾ ਤਾਂ ਹਥਿਆਰ ਸਨ ਅਤੇ ਨਾ ਹੀ ਰਣਨੀਤਕ ਸਿਖਲਾਈ ਜੋ ਉਨ੍ਹਾਂ ਨੂੰ ਲੜਾਈ ਵਿਚ ਆਹਮੋ-ਸਾਹਮਣੇ ਚੰਗੀ ਸਥਿਤੀ ਵਿਚ ਖੜ੍ਹਾ ਕਰਦੀ. ਪਰ ਉਹ ਜੋਸ਼ ਨਾਲ ਲੜਦੇ ਅਤੇ ਗੁਰੂ ਦੇ ਨਾਮ ਤੇ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਸਨ। ਸ਼ੁਕਰਚੱਕੀਆਂ ਮਿਸਲ ਦੇ ਸਰਦਾਰ ਚੜ੍ਹਤ ਸਿੰਘ, ਰਣਜੀਤ ਸਿੰਘ ਦੇ ਦਾਦਾ ਜੀ ਨੇ ਉਨ੍ਹਾਂ ਨੂੰ ਚੇਤਾਵਨੀ ਨਾਲ ਕਿਹਾ:-

ਤੌ ਚੜ੍ਹ ਸਿੰਘ ਨੇ ਯੌਂ ਕਹਯੋ ਮੇਰੀ ਸੁਨੋਂ ਸਲਾਹਿ।
ਜਿਮੈਂ ਸ਼ਾਹਿ ਤੁੰਮਨ ਰਚੋ ਤਿਮ ਲੜੋ ਤੁਮ ਮਿਸਲ ਦੁਤਰਫੀਂ ਲਾਵੋ।
ਚਾਰ ਮਿਸਲ ਕੋ ਥਨੋ ਬਨਾਵੋ। ਦੁਇ ਦੁਇ ਮਿਸਲ ਦੁਤਰਫੀਂ ਲਾਵੋ।
ਜੋਰ ਪਰੈ ਜਿਸ ਬਹੁਤੋ ਆਇ। ਮੈਂ ਜਾ ਕਰੂੰ ਸੁ ਓਸੈ ਸਹਾਇ।

ਰਤਨ ਸਿੰਘ ਭੰਗੂ ਨੇ ਵੱਡੇ ਘੱਲੂਘਾਰੇ ਦਾ ਸਪੱਸ਼ਟ ਸ਼ਬਦਾਂ ਵਿਚ ਵਰਣਨ ਕੀਤਾ ਹੈ:-

ਘੜੀ ਦੋ ਤਿੰਨ ਕੁ ਤਹਿਂ ਸਿੰਘ ਅੜੇ। ਹਰੌਲ ਥੰਮ੍ਹਯੋਂ ਹੁਏ ਥੰਮ੍ਹ ਜਿਮ ਖੜੇ।
ਔਰ ਤੁੰਮਣ ਦੁਇ ਮਗਰੋਂ ਆਏ। ਬਿਲੰਦ ਜਹਾਨਾ ਸੂਬੇਦਾਰ ਜੋ ਤਾਏ।
ਤਿਨ੍ਹੈਂ ਦਏ ਸੋ ਸਿੰਘ ਹਲਾਇ। ਜਿਮ ਪਤ ਪਿਪਲ ਪੌਣ ਉਡਾਇ।
ਲੜੈਂ ਨਠੈਂ ਖੜ ਮੁੜ ਲੜੈਂ। ਬਹੁਤੇ ਗਿਲਜੇ ਕਯਾ ਸਿੰਘ ਕਰੈਂ।
ਚੜ੍ਹ ਸਿੰਘ ਮੁੜ ਮੁੜ ਕਚੀਚੀ ਲੇਵੈ। ਬਹੁਤ ਫੌਜ ਬਲ ਨਾਂਹਿ ਬਸੇਵੈ।
ਨਠ ਲੜ ਸਿੰਘ ਬਹੀਰੇ ਰਲੇ।ਬਹੀਰ ਸਾਥ ਰਲ ਫਿਰ ਭਏ ਖਲੇ।
ਬਹੀਰ ਉਤੈ ਬਲ ਪੈਨ ਨ ਦਯੋ। ਅਪਨੋ ਤਨ ਤਿਨ ਆਗੈ ਕਯੋ।
ਰਤਨ ਸਿੰਘ ਭੰਗੂ ਚੜਤ ਸਿੰਘ ਦੀ ਉਪਮਾ ਕਰਦਾ ਹੋਇਆ ਲਿਖਦਾ ਹੈ:
ਤਿਸ ਦਿਨ ਤੈ ਚੜ ਸਿੰਘ ਕੀ ਭਈ ਸਿੰਘਉਂ ਮਸ਼ਹੂਰ।
ਬਚਾਏ ਬਹੁਤ ਬਹੀਰੀਏ ਚਕ ਜੋਖੋਂ ਸੀਸ ਜਰੂਰ।

ਅੱਗੇ ਉਹ ਲਿਖਦਾ ਹੈ ਕਿ ਇਸ ਵਿਚ ਸ਼ਹੀਦ ਹੋਏ ਸਿੱਖਾਂ, ਘੋੜਿਆਂ, ਊਠਾਂ ਦੀ ਗਿਣਤੀ ਆਪਣੇ ਪਿਤਾ ਦੇ ਦੱਸੇ ਅਨੁਸਾਰ ਦਿੱਤੀ ਜੋ ਕਿ ਉਸ ਸਮੇਂ ਘੱਲੂਘਾਰੇ ਦੇ ਚਸ਼ਮਦੀਦ ਗਵਾਹ ਸਨ।

ਅਹਿਮਦ ਸ਼ਾਹ ਅਬਦਾਲੀ ਨੇ ਮੰਨਿਆਂ ਕਿ ਉਸਨੇ ਸਿੱਖਾਂ ਨੂੰ ਇੰਨੀ ਸਖ਼ਤ ਸਜ਼ਾ ਦਿੱਤੀ ਸੀ ਕਿ ਉਨ੍ਹਾਂ ਦੀਆਂ ਪੀੜ੍ਹੀਆਂ ਨੂੰ ਯਾਦ ਰਹੇਗਾ ਕਿ ਉਨ੍ਹਾਂ (ਸਿੱਖਾਂ) ਨੂੰ ਇੰਨੀ ਵੱਡੀ ਗਿਣਤੀ ਵਿਚ ਮਾਰ ਦਿੱਤਾ ਗਿਆ ਸੀ ਅਤੇ ਇਹ ਸਿੱਖ ਭਾਵਨਾ ਨੂੰ ਹਮੇਸ਼ਾਂ ਲਈ ਖ਼ਤਮ ਕਰ ਦੇਵੇਗਾ। ਪਰ ਸਿੱਖ ਹਮੇਸ਼ਾਂ ਮੁਸੀਬਤਾਂ ਦਾ ਸਾਹਮਣਾ ਕਰਦੇ ਰਹੇ ਹਨ। ਉਨ੍ਹਾਂ ਨੇ ਇਸ ਨਾਜ਼ੁਕ ਸਮੇਂ ਨੂੰ ਅਕਾਲ ਪੁਰਖ ਦੁਆਰਾ ਲਈ ਗਈ ਪ੍ਰੀਖਿਆ ਮੰਨਿਆਂ। ਜਿਵੇਂ ਸੋਨਾ ਅੱਗ

ਵਿਚ ਪਾ ਕੇ ਸ਼ੁੱਧ ਹੋ ਜਾਂਦਾ ਹੈ ਇਸੇ ਤਰ੍ਹਾਂ ਖਾਲਸੇ ਨੇ ਮੰਨਿਆਂ ਕਿ ਅਸ਼ੁੱਧੀਆਂ ਧੋ ਹੋ ਗਈਆਂ ਹਨ ਤੇ ਸ਼ੁੱਧ ਖਾਲਸੇ ਬਚ ਗਏ ਹਨ ਜਿਸ ਦਾ ਬਿਆਨ ਰਤਨ ਸਿੰਘ ਭੰਗੂ ਇੰਵ ਕਰਦਾ ਹੈ:

ਇਕ ਨਿਹੰਗ ਬੁਕ ਤਹਿੰ ਕਹਯੋ ਊਚੋ ਬਚਨ ਸੁਨਾਇ।
ਤੱਤ ਖਾਲਸੋ ਸੋ ਰਹਯੋ ਗਯੋ ਸੁ ਖੋਟ ਗਵਾਇ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਰਤਨ ਸਿੰਘ ਭੰਗੂ ਦੁਆਰਾ ਦਿੱਤੇ ਗਏ ਵਰਣਨ ਵਿਚ ਉਹੀ ਭਾਵਨਾ ਹੈ ਜਿਵੇਂ ਉਹ ਅਸਲ ਵਿਚ ਹੋਏ ਸਨ।

## 5.5 ਸਿੱਖ ਸੰਸਥਾਵਾਂ ਅਤੇ ਪਰੰਪਰਾਵਾਂ ਦਾ ਵਰਣਨ

ਸਿੱਖ ਸੰਘਰਸ਼ ਦੇ ਬਿਆਨ ਦੇ ਨਾਲ – ਨਾਲ ਸਿੱਖ ਸੰਸਥਾਵਾਂ ਸਿੱਖ ਪਰੰਪਰਾਵਾਂ ਅਤੇ ਸਿੱਖੀ ਆਚਰਨ ਦੇ ਆਦਰਸ਼ ਨੂੰ ਬਿਆਨ ਕੀਤਾ ਗਿਆ ਹੈ । ਇਹ ਤਿੰਨੇ ਚੀਜ਼ਾਂ ਸਿੱਖ ਨੂੰ ਅੰਦਰੂਨੀ ਰੂਪ ਵਿਚ ਰੂਹਾਨੀ ਸ਼ਕਤੀ ਦਿੰਦੀਆਂ ਸਨ । ਇਸੇ ਕਰਕੇ ਗੁਰੂ ਗ੍ਰੰਥ ਸਾਹਿਬ , ਹਰਿਮੰਦਰ ਸਾਹਿਬ , ਗੁਰੂ – ਪੰਥ , ਗੁਰਮਤਾ , ਸਰਬੱਤ ਖ਼ਾਲਸਾ , ਅਰਦਾਸ , ਦੇਗ – ਤੇਗ਼ , ਸ਼ਹਾਦਤ ਦੀ ਪਰੰਪਰਾ ਤੇ ਸਿੱਖ ਰਹਿਣੀ ਨੂੰ ਜਿਥੇ ਬਿਆਨ ਕੀਤਾ ਗਿਆ ਹੈ , ਉਥੇ ਸਿੱਖ ਸੰਘਰਸ਼ ਵਿਚ ਇਨ੍ਹਾਂ ਦੀ ਭੂਮਿਕਾ ਨੂੰ ਤਰਕ ਸੰਗਤ ਰੂਪ ਵਿਚ ਸ਼ਕਤੀ , ਸੇਧ ਅਤੇ ਹੁਲਾਰਾ ਦੇਣ ਵਾਲੀਆਂ ਦੱਸਿਆ ਹੈ । ਇਹ ਵੀ ਸਪਸ਼ਟ ਕੀਤਾ ਹੈ ਕਿ ਸਿੱਖ ਸੰਘਰਸ਼ ਦੀ ਸਫ਼ਲਤਾ ਕਿਸੇ ਵਿਅਕਤੀਗਤ ਯਤਨ ਦਾ ਸਿੱਟਾ ਨਹੀਂ , ਸਗੋਂ ਗੁਰੂ ਦੀ ਬਖਸ਼ਸ਼ਿ ਨਾਲ ਸਮਾਜ ਦੇ ਨਿਚਲੇ ਵਰਗਾਂ ਵਿਚੋਂ ਉਪਜੇ ਆਮ ਲੋਕਾਂ ਦੀ ਸਿੱਖ ਸਿਧਾਂਤਾਂ ਉਪਰ ਉਸਰੀ ਇਨਕਲਾਬੀ ਰੁਚੀ ਅਤੇ ਸ਼ਕਤੀ ਦਾ ਪ੍ਰਗਟਾਓ ਸੀ । ਇਨ੍ਹਾਂ ਲੋਕਾਂ ਦੇ ਹਥਿਆਰ , ਹਥਿਆਰਾਂ ਨਾਲ ਤਾਂ ਟਕਰਾਉਂਦੇ ਰਹੇ ਪਰ ਇਨ੍ਹਾਂ ਨੇ ਕਿਧਰੇ ਵੀ ਰਾਜ ਪ੍ਰਾਪਤ ਕਰਨ ਲਈ ਕੂਟਨੀਤੀ ਤੇ ਰਾਜਨੀਤੀ ਦੀ ਖੇਡ ਨਹੀਂ ਖੇਡੀ । ਜਿਸਨੇ ਵੀ ਇਹ ਖੇਡ ਖੇਡੀ ਉਸ ਦਾ ਸਰਵ – ਸਤਿਆਨਾਸ ਹੋ ਗਿਆ । ਸਿੱਖਾਂ ਨੂੰ ਤਾਂ ਗੁਰੂ ਬਖਸ਼ਸ਼ਿ ਉਪਰ ਭਰੋਸਾ ਸੀ ਜਾਂ ਫਿਰ ਆਪਣੇ ਆਦਰਸ਼ਕ ਜੀਵਨ ਉਪਰ ਵਿਸ਼ਵਾਸ ਤੇ ਗਰਵ ਸੀ :

ਸਤ ਸਨਾਤਿ ਅ ਬਾਰਹ ਜਾਤ । ਜਾਨ ਨਹਿ ਰਾਜਨੀਤ ਕੀ ਬਾਤ ।
ਜੱਟ ਬੂਟ ਕਹਿੰ ਜਿੰਹ ਜਗ ਮਾਂਹੀ । ਬਣੀਏ ਬਕਾਲ ਕਿਰਾੜ ਖਤ੍ਰੀ ਸੁਦਾਈਂ।
ਲੁਹਾਰ ਤਵਖਾਣ ਹੁਤ ਜਾਤ ਕਮੀਨੀ , ਛੀਪੋ ਕਲਾਲ ਨੀਚਨ ਮੇਂ ਕ੍ਰਿਪਾ ਕੀਨੀ।
ਗੁੱਜਰ ਗੂੑਰ ਹੀਰ ਕਮਜਾਤ । ਕੰਬੋਇ ਸੂਦਨ ਕੋਇ ਪੁਛੈ ਨ ਬਾਤ ॥੨੧॥
ਝੀਵਰ ਨਾਈ ਰੋੜੇ ਘੁਮਿਆਰ । ਸਾਇਣੀ ਸੁਨਿਆਰੇ ਚੂੜੇ ਚਮਿਆਰ ॥
ਭੱਟ ਔ ਬ੍ਰਾਹਮਣ ਹੁਤੇ ਮੰਗਵਾਰ ॥ ਬਹੁ ਰੂਪਈਏ ਔ ਘੁਮਿਆਰ ॥੨੨॥
ਇਨ ਗ੍ਰੀਬ ਸਿੰਘਨ ਕੋ ਦਯੈ ਪਾਤਿਸ਼ਾਹੀ । ਏ ਯਾਦ ਰਖੈ ਹਮਾਰੀ ਗੁਰਿਆਈ ॥
ਤੌਂ ਸਦਿ ਸਤਿਗੁਰ ਸਿਖ ਲਲਕਾਰੇ । ਫੜੋ ਸ਼ਸ਼ਤਵਨ ਲਿਹੁ ਤੁਰਕਨ ਮਾਰੇ ॥੨੩॥

( ਸ੍ਰੀ ਗੁਰ ਪੰਥ ਪ੍ਰਕਾਸ਼ , ਪੰਨਾ 12 )

ਇਵੇਂ ਸਮੁੱਚੇ ਰੂਪ ਵਿਚ ਵੇਖਿਆ ਜਾਵੇ ਤਾਂ ਰਤਨ ਸਿੰਘ ਭੰਗੂ ਨੇ 18 ਵੀਂ ਸਦੀ ਦੇ ਸਿੱਖ ਸੰਘਰਸ਼ ਨੂੰ ਸਿੱਖ ਪਰੰਪਰਾਵਾਂ ਦੇ ਪ੍ਰਸੰਗ ਵਿਚ ਬਿਆਨ ਕੀਤਾ ਹੈ ।

## 5.6 ਸਾਰ

ਅਜਿਹੇ ਮਹੱਤਵਪੂਰਨ ਪ੍ਰਸੰਗਾਂ ਨੂੰ ਦਰਸਾਉਂਦਾ ਪੰਥ ਪ੍ਰਕਾਸ਼ ਸਿੱਖੀ ਇਤਿਹਾਸ ਦੇ ਗੁਰਮੁੱਖੀ ਸ੍ਰੋਤਾਂ ਦੇ ਵਿੱਚ ਆਪਣਾ ਇੱਕ ਮਹੱਤਵਪੂਰਨ ਸਥਾਨ ਰੱਖਦਾ ਹੈ। ਡਾ. ਜਸਪਾਲ ਸਿੰਘ ਅਨੁਸਾਰ ਅਸੀਂ ਕਹਿ ਸਕਦੇ ਹਾਂ ਕਿ ਭਾਈ ਰਤਨ ਸਿੰਘ ਭੰਗੂ ਦਾ ਪੰਥ ਪ੍ਰਕਾਸ਼ ਛੰਦਾ-ਬੰਦੀ ਦੇ ਕਾਵਿਕ-ਰੂਪ ਵਿੱਚ ਖਾਲਸਾ ਪੰਥ ਦਾ ਅਣਖ਼ੀਲਾ ਇਤਿਹਾਸ ਦਰਸਾਉਣ ਵਾਲਾ ਪ੍ਰਮਾਣਿਕ ਗ੍ਰੰਥ ਹੈ ਅਤੇ ਇਹ ਗ੍ਰੰਥ ਭਾਈ ਰਤਨ ਸਿੰਘ ਭੰਗੂ ਦੀ 1807 ਈਸਵੀ ਤੋਂ 1841 ਈਸਵੀ ਤੱਕ ਦੇ 34 ਸਾਲਾਂ ਦੀ ਅਣਥੱਕ ਮਿਹਨਤ ਤੇ ਲਗਨ ਦੀ ਦੇਣ ਹੈ। ਭਾਈ ਰਤਨ ਸਿੰਘ ਭੰਗੂ ਅਨੁਸਾਰ ਜੇ ਕੋਈ ਇਸ ਰਚਨਾ ਨੂੰ ਪੜ੍ਹੇਗਾ ਜਾਂ ਸੁਨੇਗਾ ਤਾਂ ਸਤਿਗੁਰੂ ਕ੍ਰਿਪਾ ਦੇ ਨਾਲ ਉਸ ਨੂੰ ਸਿੱਖੀ ਦੀ ਪ੍ਰਾਪਤੀ ਹੋਵੇਗੀ।

ਜੇ ਕੋਈ ਯਾਕੋ ਪੜ੍ਹੈਗੋ ਅਰ ਪੁਨ ਸੁਨੈ ਜੁ ਕੋਇ।
ਸ੍ਰੀ ਸਤਿਗੁਰ ਕੀ ਕ੍ਰਿਪਾ ਤੇ ਸਿਖੀ ਪ੍ਰਾਪਤ ਹੋਇ।

❖

## 5.7 ਪੜ੍ਹਣਯੋਗ ਪੁਸਤਕਾਂ


- Dr. Ganda Singh, Ahmed Shah Durrani, Bomby, 1959
- ਸ. ਸੋਹਣ ਸਿੰਘ ਸੀਤਲ, ਸਿੱਖ ਮਿਸਲਾਂ ਤੇ ਸਰਦਾਰ ਘਰਾਣੇ, ਲਾਹੌਬ ਬੁੱਕ ਸ਼ਾਪ, ਲੁਧਿਆਣਾ
- ਸਤਿਬੀਰ ਸਿੰਘ, ਅਠਾਰਵੀਂ ਸਦੀ ਵਿਚ ਬੀਰ ਪਰੰਪਰਾ ਦਾ ਵਿਕਾਸ, ਪੰਜਾਬੀ ਯੂਨੀਵਰਸਿਟੀ ਪਟਿਆਲਾ
- ਡਾ. ਜੀਤ ਸਿੰਘ ਸੀਤਲ (ਸੰਪਾ.), ਸ੍ਰੀ ਗੁਰ ਪੰਥ ਪ੍ਰਕਾਸ਼, ਸਿੱਖ ਇਤਿਹਾਸ ਰੀਸਰਚ ਬੋਰਡ, ਅੰਮ੍ਰਿਤਸਰ
- ਡਾ. ਬਲਵੰਤ ਢਿੱਲੋਂ (ਸੰਪਾ.), ਸ੍ਰੀ ਗੁਰ ਪੰਥ ਪ੍ਰਕਾਸ਼, ਸਿੰਘ ਬਦ੍ਰਰਜ਼ ਅੰਮ੍ਰਿਤਸਰ
- ਡਾ. ਜੋਧ ਸਿੰਘ, (ਸੰਪਾ.), (ਪੰਜਾਬੀ ਰੂਪਾਂਤਰਣ) ਪ੍ਰੋ. ਹਰਬੰਸ ਸਿੰਘ, (ਸੰਪਾ.) ਸਿੱਖ ਧਰਮ ਵਿਸ਼ਵਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
- ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ
- ਭਾਈ ਵੀਰ ਸਿੰਘ ਵੀਰ, ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਭੰਗੂ ਰਤਨ ਸਿੰਘ ਸ਼ਹੀਦ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ।

## ONE YEAR DIPLOMA IN SIKH THEOLOGY

**SEMESTER- I**

**COURSE: SIKH THEOLOGIAN**

**UNIT -6 KARAM SINGH HISTORIAN**

**STRUCTURE**

6.0 ਉਦੇਸ਼

6.1 ਜੀਵਨ ਅਤੇ ਸ਼ਖਸ਼ੀਅਤ

6.2 ਸਿੱਖਿਆ

6.3 ਸਾਹਿਤਕ ਯਾਤਰਾ

6.4 ਅਕਾਲ ਚਲਾਣਾ

6.5 ਸਾਹਿਤ ਰਚਨਾ

6.6 ਸਾਰ

6.7 ਹਵਾਲਾ ਪੁਸਤਕਾਂ

## 6.0 ਉਦੇਸ਼

ਇਸ ਪੇਪਰ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਦੇ ਪ੍ਰਬੁੱਧ ਵਿਦਵਾਨ ਕਰਮ ਸਿੰਘ ਹਿਸਟੋਰੀਅਨ ਨਾਲ ਜਾਣ-ਪਛਾਣ ਕਰਵਾਉਣਾ ਹੈ।

## 6.1 ਜੀਵਨ ਅਤੇ ਸਖ਼ਸ਼ੀਅਤ

ਸਿੱਖ ਇਤਿਹਾਸ ਦੇ ਮਹਾਨ ਵਿਦਵਾਨ, ਸ. ਕਰਮ ਸਿੰਘ ਦਾ ਜਨਮ ਮਾਰਚ 1884ਈ. ਨੂੰ ਅੰਮ੍ਰਿਤਸਰ ਦੇ ਇਤਿਹਾਸਿਕ ਪਿੰਡ ਝਬਾਲ ਵਿਖੇ ਹੋਇਆ। ਇਸ ਪਿੰਡ ਨਾਲ ਅਜਿਹੇ ਅਨੇਕਾਂ ਮਹਾਂਪੁਰਖਾਂ ਦਾ ਨਾਂ ਜੁੜਿਆ ਹੈ ਜਿਨ੍ਹਾਂ ਦਾ ਨਾਂ ਸਿੱਖ ਇਤਿਹਾਸ ਵਿੱਚ ਬੜ੍ਹੇ ਸਤਿਕਾਰ ਨਾਲ ਲਿਆ ਜਾਂਦਾ ਹੈ। ਸ. ਕਰਮ ਸਿੰਘ ਦੇ ਪਿਤਾ ਗੁਰਸਿੱਖੀ ਦੇ ਧਾਰਨੀ, ਰਹਿਤ ਮਰਯਾਦਾ, ਵਾਲੇ ਸੱਜਣ ਸਨ। ਉਹਨਾਂ ਦਾ ਨਿੱਜੀ ਜੀਵਨ ਬੜਾ ਸਰਲ ਅਤੇ ਸਾਦਾ ਸੀ। ਉਹ ਅੰਗਰੇਜ਼ੀ ਫੌਜ ਤੋਂ ਸੇਵਾ ਮੁਕਤ, ਪੈਨਸ਼ਨ ਤੋਂ ਇਲਾਵਾ ਦੋ ਮੁਰੱਬੇ ਦੇ ਮਾਲਕ ਸਨ।

ਸ. ਕਰਮ ਸਿੰਘ ਬਚਪਨ ਤੋਂ ਹੀ ਬੜੀ ਜਾਗ੍ਰਤ ਬਿਰਤੀ ਦੇ ਮਾਲਕ ਸਨ। ਜਦੋਂ ਉਹ ਬਜ਼ੁਰਗਾਂ ਕੋਲੋਂ ਕੋਈ ਗੱਲ ਪੁੱਛਦੇ ਤਾਂ ਉਹ ਆਪਣੀ ਉਮਰ ਤੋਂ ਵੱਡੇ ਹੋਣ ਦਾ ਗਿਆਨ ਦੂਸਰੇ ਨੂੰ ਕਰਵਾ ਦਿੰਦੇ। ਫੁਲਵਾੜੀ ਮਾਸਕ ਪਤ੍ਰਿਕਾ ਵਿੱਚ ਲਿਖਿਆ ਹੈ ਕਿ ਜਦੋਂ ਸੰਤ ਅਤਰ ਸਿੰਘ ਕੋਲੋਂ ਅੰਮ੍ਰਿਤ ਛਕਿਆ ਤਾਂ ਉਹਨਾਂ ਨੇ ਮਹਿਰਾਜ ਸਿੰਘ ਤੋਂ ਕਰਮ ਸਿੰਘ ਨਾਂ ਰੱਖਿਆ ਅਤੇ ਕਿਹਾ ਕਿ ਕਰਮ ਸਿੰਘ ਤਾਂ ਫਲਾਸਫਰ ਹੈ। ਸੰਤਾਂ ਦੇ ਇਹ ਸੁਭਾਵਿਕ ਕਥਨ ਅੱਗੇ ਚੱਲ ਕੇ ਬਿਲਕੁਲ ਸੱਚ ਸਾਬਤ ਹੋਏ। ਜਦੋਂ ਕਰਮ ਸਿੰਘ ਨੇ ਇਤਿਹਾਸਕ ਖੋਜ ਵਿੱਚ ਸ਼ਲਾਘਾਯੋਗ ਕੰਮ ਕੀਤਾ ਅਤੇ ਇਸ ਖੇਤਰ ਵਿੱਚ ਮਾਨ-ਸਨਮਾਨ ਪ੍ਰਾਪਤ ਕੀਤਾ। ਸ. ਹੀਰਾ ਸਿੰਘ 'ਦਰਦ' ਲਿਖਦੇ ਹਨ:

"ਸਰਦਾਰ ਕਰਮ ਸਿੰਘ ਜੀ ਬਾਲ ਉਮਰ ਵਿਚ ਹੀ ਦਲੇਰ, ਨਿਰਭੈ ਤੇ ਉਤਸ਼ਾਹੀ ਸਨ। ਹਰ ਇੱਕ ਖੇਡ ਵਿਚ ਸਭ ਤੋਂ ਵੱਧ ਜਾਂਦੇ ਸਨ। ਸਭ ਨਾਲ ਪ੍ਰੇਮ ਕਰਦੇ ਸਨ ਤੇ ਪਿਆਰ ਨਾਲ ਵਰਤਦੇ ਸਨ। ਛੋਟੀ ਉਮਰ ਤੋਂ ਹੀ ਆਪ ਹੋਣਹਾਰ ਪ੍ਰਤੀਤ ਹੁੰਦੇ ਸਨ।"

ਕਰਮ ਸਿੰਘ ਰਹਿਤ ਬਹਿਤ ਵਿੱਚ ਪੱਕੇ, ਨਿੱਤ ਨੇਮੀ, ਸੱਜਣ ਪੁਰਸ਼ ਦੀ ਔਲਾਦ ਹੋਣ ਕਰਕੇ ਛੋਟੀ ਉਮਰ ਵਿੱਚ ਹੀ ਅੰਮ੍ਰਿਤ ਛੱਕ ਕੇ ਸਿੰਘ ਸੱਜ ਗਏ ਸਨ। ਬਚਪਨ ਦੇ ਸੰਸਕਾਰਾਂ ਨੇ ਉਹਨਾਂ ਦੀ ਸਖਸੀਅਤ ਨੂੰ ਇੱਕ ਸ਼ਰਧਾਲੂ ਸਿੱਖ ਬਣਾ ਦਿੱਤਾ। ਕਰਮ ਸਿੰਘ ਅਨੁਸਾਰ ਸਿੱਖਾਂ ਵਾਲਾ ਭੇਸ ਧਾਰ ਲੈਣ ਨਾਲ ਹੀ ਮਨੁੱਖ ਸਿੱਖ ਨਹੀ ਬਣ ਜਾਂਦਾ ਬਲਕਿ ਅਸਲ ਸਿੱਖ ਉਹ ਹੁੰਦਾ ਹੈ ਜਿਸ ਅੰਦਰ ਸਿੱਖੀ ਦੀ ਸਪਿਰਿਟ ਹੋਵੇ। ਅਮਰ ਖਾਲਸਾ ਕਿਤਾਬ ਦੀ ਭੂਮਿਕਾ ਲਿਖਦਿਆਂ ਕਰਮ ਸਿੰਘ ਲਿਖਦੇ ਹਨ:

"ਸਿੱਖੀ ਦੀ ਸਪਿਰਿਟ ਨੂੰ ਬਹੁਤ ਥੋੜੇ ਆਦਮੀ ਸਮਝ ਸਕਦੇ ਹਨ ਅਤੇ ਜੇਕਰ ਇਹ ਕਿਹਾ ਜਾਵੇ ਕਿ ਸਿੱਖੀ ਦੀ ਸਪਿਰਿਟ ਨੂੰ ਕੇਵਲ ਸਿੱਖ ਹੀ ਸਮਝ ਸਕਦੇ ਹਨ ਤਾਂ ਇਸ ਵਿੱਚ ਰਤਾ ਵੀ ਝੂਠ ਨਹੀਂ। ਸਿੱਖਾਂ ਵਾਲਾ ਰੂਪ ਧਾਰ ਲੈਣਾ ਸਿੱਖੀ ਨਹੀਂ ਸਿੱਖ ਉਹ ਹੈ ਜਿਸ ਵਿੱਚ ਸਿੱਖੀ ਦੀ ਸਪਿਰਿਟ ਹੋਵੇ। ਕੇਵਲ ਐਸਾ ਹੀ ਸਿੱਖ ਸਿੱਖੀ ਦੀ ਸਪਿਰਿਟ ਨੂੰ ਸਮਝ ਸਕਦਾ ਹੈ ਅਨੁਭਵ ਕਰ ਸਕਦਾ ਹੈ।"

## 6.2 ਸਿੱਖਿਆ

1902ਈ. ਵਿੱਚ ਜਦੋਂ ਸਿੰਘ ਸਭਾ ਲਹਿਰ ਦਾ ਜ਼ੋਰ ਸੀ, ਕਰਮ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖਲ ਹੋਏ। ਉਨ੍ਹਾਂ ਨੇ ਸਾਇੰਸ ਫੈਕਲੈਟੀ ਵਿੱਚ ਦਾਖਲਾ ਲਿਆ ਸੀ ਪਰ ਇਤਿਹਾਸ ਪੜ੍ਹਨ ਦਾ ਸ਼ੌਕ ਇਸ ਸਮੇਂ ਦੌਰਾਨ ਪੈਦਾ ਹੋਇਆ। ਇਹੀ ਸ਼ੌਕ ਇਤਿਹਾਸਕ ਖੋਜ ਵਿੱਚ ਤਬਦੀਲ ਹੋਇਆ। ਖਾਲਸਾ ਕਾਲਜ ਵਿੱਚ ਹੀ ਕਰਮ ਸਿੰਘ ਦੀ ਮੁਲਾਕਾਤ ਮਾਸਟਰ ਤਾਰਾ ਸਿੰਘ, ਮਾਸਟਰ ਈਸ਼ਰ ਸਿੰਘ, ਭਾਈ ਜੋਧ ਸਿੰਘ, ਸ. ਅਮਰ ਸਿੰਘ ਵਾਸੂ, ਸ. ਮਾਨ ਸਿੰਘ ਨਾਲ ਹੋਈ। ਇਹ ਸਾਰੇ ਵੀ ਖਾਲਸਾ ਕਾਲਜ ਵਿੱਚ ਹੀ ਪੜ੍ਹਦੇ ਸਨ। ਇਹ ਸਾਰੇ ਹੀ ਆਪਣੇ-ਆਪਣੇ ਖੇਤਰਾਂ ਵਿੱਚ ਬੜੇ ਪ੍ਰਸਿੱਧ ਹੋਏ। ਕਾਲਜ ਵਿੱਚ ਇਹਨਾਂ ਸਾਥੀਆਂ ਨਾਲ ਪੰਥਕ ਉਨੱਤੀ ਬਾਰੇ ਗੱਲਾ ਹੁੰਦੀਆਂ ਜਾਂ

ਜਦੋਂ ਸਮਾਂ ਮਿਲਦਾ ਤਾਂ ਇਤਿਹਾਸ ਦੀਆਂ ਪੁਸਤਕਾਂ ਪੜ੍ਹਦੇ ਸਨ। ਸ. ਕਰਮ ਸਿੰਘ, ਸਿੰਘ ਸਭਾ ਲਹਿਰ ਤੋਂ ਪ੍ਰੇਰਿਤ ਸਨ, ਇਸ ਲਈ ਉਹਨਾਂ ਨੇ ਸਿੱਖ ਇਤਿਹਾਸ ਦੀ ਵਿਗਿਆਨਿਕ ਖੋਜ ਕਰਨ ਵਾਲਾ ਰਸਤਾ ਚੁਣਿਆ। ਉਹਨਾਂ ਆਪਣੇ ਤਿੰਨ ਸਾਥੀਆਂ (ਸ. ਅਮਰ ਸਿੰਘ ਵਾਸੂ, ਸ. ਗੁਰਮੁਖ ਸਿੰਘ ਅਤੇ ਸ. ਈਸ਼ਰ ਸਿੰਘ) ਨਾਲ ਮਿਲ ਕੇ ਇੱਕ ਪ੍ਰਣ ਪੱਤਰ, ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੂੰ ਦਿੱਤਾ। ਜਿਸ ਵਿੱਚ ਉਹਨਾਂ ਨੇ ਆਪਣੇ ਲਈ ਇਤਿਹਾਸਿਕ ਖੇਤਰ, ਸ. ਅਮਰ ਸਿੰਘ ਵਾਸੂ ਪੱਤਰਕਾਰੀ ਦਾ ਖੇਤਰ, ਸ. ਗੁਰਮੁਖ ਸਿੰਘ ਨੇ ਪ੍ਰੋਫੈਸਰ ਬਣ ਵਿਦਿਆ ਦਾ ਪ੍ਰਕਾਸ਼ ਕਰਨ ਲਈ ਵਿਦਿਆ ਦਾ ਖੇਤਰ ਅਤੇ ਸ. ਈਸ਼ਰ ਸਿੰਘ ਨੇ ਧਾਰਮਿਕ ਖੇਤਰ ਚੁਣਿਆ। ਸ. ਹੀਰਾ ਸਿੰਘ ਦਰਦ ਆਪਣੀ ਸੰਪਾਦਿਤ ਪੁਸਤਕ 'ਕਰਮ ਸਿੰਘ ਹਿਸਟੋਰੀਅਨ' ਦੀ ਇਤਿਹਾਸਕ ਖੋਜ ਵਿੱਚ ਲਿਖਦੇ ਹਨ: ਕਰਮ ਸਿੰਘ ਨੇ ਕਿਹਾ, "ਮੈਂ ਵਿਗਿਆਨਕ ਢੰਗਾਂ ਨਾਲ ਖੋਜ ਕਰਾਂਗਾ ਤੇ ਸਿੱਖ ਇਤਿਹਾਸ ਲਿਖਾਂਗਾ। ਕਿਉਂਕਿ ਸਹੀ ਇਤਿਹਾਸ ਤੋਂ ਬਗੈਰ ਨਾ ਕੌਮਾਂ ਜਿੰਦਾਂ ਰਹਿ ਸਕਦੀਆਂ ਨਾ ਅੱਗੇ ਵੱਧ ਸਕਦੀਆ ਹਨ।" ਆਪਣੇ ਇਸ ਫੈਸਲੇ ਨੂੰ ਅਮਲੀ ਰੂਪ ਦੇਣ ਲਈ ਸ. ਕਰਮ ਸਿੰਘ ਨੇ 18 ਤੋਂ 20 ਘੰਟੇ ਰੋਜ਼ ਪੜ੍ਹ ਕੇ ਲਗਭਗ ਪੰਜਾਬ ਨਾਲ ਸੰਬੰਧਿਤ ਸਾਰੇ ਲੇਖਕਾਂ ਦੀਆਂ ਕਿਤਾਬਾਂ ਦਾ ਅਧਿਐਨ ਕੀਤਾ। 1905ਈ. ਵਿੱਚ ਜਦੋਂ ਕਰਮ ਸਿੰਘ ਬੀ.ਏ. ਵਿੱਚ ਪੜ੍ਹਦੇ ਸਨ ਤਾਂ ਉਹਨਾਂ ਦੇ ਦਿਮਾਗ ਵਿੱਚ ਇੱਕ ਗੱਲ ਆਈ ਕਿ ਸਿੱਖ ਇਤਿਹਾਸ ਨਾਲ ਜੁੜਿਆ ਇੱਕ ਮਹੱਤਵਪੂਰਨ ਸੋਮਾ ਨਸ਼ਟ ਹੋ ਰਿਹਾ ਹੈ। ਉਹ ਸੋਮਾ ਲਾਹੌਰ ਦਰਬਾਰ ਵਿੱਚ ਨੌਕਰੀਆਂ ਕਰ ਚੁੱਕੇ ਸੱਜਣ ਸਨ। ਜਿਨ੍ਹਾਂ ਦੀ ਉਮਰ ਉਸ ਵੇਲੇ 80 ਜਾਂ 90 ਸਾਲ ਤੱਕ ਸੀ। ਜੋ ਇਤਿਹਾਸ ਕਰਮ ਸਿੰਘ ਨੇ ਪੜਿਆ ਸੀ ਉਸ ਵਿੱਚ ਲਾਹੌਰ ਦਰਬਾਰ ਸੰਬੰਧੀ ਤਰਤੀਬ ਦੀ ਕਮੀ ਅਤੇ ਮਿਲਾਵਟਾਂ ਹੋਣ ਕਰਕੇ ਸਹੀ ਇਤਿਹਾਸ ਦੀ ਰਚਨਾ ਕਰਨੀ ਮੁਸ਼ਕਿਲ ਸੀ। ਇਸ ਲਈ ਉਹਨਾਂ ਨੇ ਬਜ਼ੁਰਗਾਂ ਨਾਲ ਗੱਲਬਾਤ ਕਰਨ ਦੀ ਵਿਓਂਤ ਬਣਾਈ। ਜਦੋਂ ਉਹਨਾਂ ਨੇ ਇਸ ਬਾਰੇ ਆਪਣੇ ਸੱਜਣਾਂ-ਮਿੱਤਰਾਂ ਨੂੰ ਦੱਸਿਆ ਤਾਂ ਉਹਨਾਂ ਨੇ ਕਿਹਾ ਕਿ ਬੀ.ਏ. ਦੇ ਪੇਪਰ ਹੋ ਜਾਣ ਤੋਂ ਬਾਅਦ ਇਸਨੂੰ ਸ਼ੁਰੂ ਕੀਤਾ ਜਾਵੇ।

ਸ੍ਰੀ ਐਨ.ਐੱਸ ਸਿੱਧੂ ਅਨੁਸਾਰ, "ਇਹ ਕਹਿਣਾ ਝੂਠ ਨਹੀਂ ਹੋਵੇਗਾ ਕਿ ਆਪ ਜਮਾਂਦਰੂ ਖੋਜੀ ਸਨ। ਜਦ ਆਪ ਖਾਲਸਾ ਕਾਲਜ ਵਿੱਚ ਪੜਿਆ ਕਰਦੇ ਸਨ ਤਾਂ ਆਪ ਕਾਲਜ ਦੀ ਧਰਮਸ਼ਾਲਾ ਵਿੱਚ ਗੁਰਪੁਰਬਾਂ ਵਾਲੇ ਦਿਨ ਜਦ ਭੀ ਆਪ ਨੂੰ ਸਮਾਂ ਮਿਲਦਾ ਸੀ, ਇਤਿਹਾਸ ਸੰਬੰਧੀ ਅਮੋਲਕ ਵਿਆਖਿਆਨ ਦਿਆ ਕਰਦੇ ਸਨ।"

## 6.3 ਸਾਹਿਤਕ ਯਾਤਰਾ

ਇਸ ਦੌਰਾਨ ਕਰਮ ਸਿੰਘ ਜੀ ਦਾ ਵਿਆਹ ਹੋ ਚੁੱਕਾ ਸੀ। ਵਿਦਿਆਰਥੀ ਜੀਵਨ ਵਿੱਚ ਹੀ 20-22 ਸਾਲ ਦੀ ਉਮਰ ਵਿੱਚ ਕਰਮ ਸਿੰਘ ਦਾ ਵਿਆਹ ਹੋ ਗਿਆ ਸੀ, ਪਰ ਉਹਨਾਂ ਦੀ ਲਗਨ ਅੱਗੇ ਘਰ ਦੀਆਂ ਜਿੰਮੇਵਾਰੀਆਂ ਰੁਕਾਵਟ ਨਾ ਬਣ ਸਕੀਆ। ਉਹ ਆਪਣੇ ਸੱਜਣਾਂ ਮਿੱਤਰਾਂ ਦੀ ਰਾਇ ਦੇ ਖਿਲਾਫ ਖੋਜ ਲਈ ਚੱਲ ਪਏ। ਇਸ ਖਿਲਾਫਤ ਕਾਰਣ ਉਹਨਾਂ ਦੇ ਪਿਤਾ ਜੀ ਨੇ ਉਹਨਾਂ ਨੂੰ ਮਾਇਕ ਸਹਾਇਤਾ ਦੇਣੀ ਬੰਦ ਕਰ ਦਿੱਤੀ, ਪਰ ਲਗਨ ਵਾਲਿਆਂ ਨੂੰ ਕੋਈ ਵੀ ਔਕੜ ਉਹਨਾਂ ਦੇ ਨਿਸ਼ਚੈ ਤੋਂ ਨਹੀ ਹਿਲਾ ਸਕਦੀ। ਇਸੇ ਤਰ੍ਹਾਂ ਇਹ ਔਕੜਾਂ ਕਰਮ ਸਿੰਘ ਦੇ ਜ਼ਜ਼ਬੇ ਨੂੰ ਨਹੀਂ ਹਰਾ ਸਕੀਆਂ। ਪੈਸੇ ਦੀ ਘਾਟ ਕਾਰਨ ਕਰਮ ਸਿੰਘ ਨੂੰ 30 ਜਾਂ 40 ਕੋਹ ਰੋਜ਼ ਪੈਦਲ ਤੁਰਨਾ ਪੈਂਦਾ ਸੀ। 'ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ' ਵਿੱਚ ਡਾ. ਹੀਰਾ ਸਿੰਘ ਦਰਦ ਲਿਖਦੇ ਹਨ ਕਿ ਇੱਕ ਜਗ੍ਹਾ ਕਰਮ ਸਿੰਘ ਨੇ ਲਿਖਿਆ ਹੈ ਕਿ, "ਜੇਕਰ 1905-07 ਵਿੱਚ ਕੋਈ ਜੱਥਾ ਮੇਰੀ ਸਹਾਇਤਾ ਕਰਨ ਵਾਲਾ ਹੁੰਦਾ ਤਾਂ ਪੁਰਾਣੇ ਕਾਗਜ ਕੌਡੀਆਂ ਦੇ ਮੁੱਲ ਇੱਕਠੇ ਕੀਤੇ ਜਾ ਸਕਦੇ ਸੀ। ਹੁਣ ਵੀ ਉਹ ਕਾਗਜ਼ ਮਿਲ ਸਕਦੇ ਹਨ, ਪਰ ਬਹੁਤ ਮਹਿੰਗੇ ਅਤੇ ਕੁਝ ਸਮੇਂ ਨੂੰ ਹੋਰ ਵੀ ਮਹਿੰਗੇ ਹੋ ਜਾਣਗੇ, ਲੋੜ ਇਸ ਗੱਲ ਦੀ ਹੈ ਕਿ ਕੋਈ ਜੱਥਾ ਲੱਕ ਬੰਨ ਕੇ ਇਸ ਕੰਮ ਦੇ ਮਗਰ ਪਵੇ। ਇੱਕਲੇ ਦੁਕੱਲੇ ਦੇ ਕਰਨ ਦਾ ਇਹ ਕੰਮ ਨਹੀ।"

ਇਸ ਤਰ੍ਹਾਂ ਕਰਮ ਸਿੰਘ ਨੇ ਪੜਾਈ ਛੱਡ ਕੇ ਆਪਣੇ ਭਵਿੱਖ ਦੀ ਚਿੰਤਾ ਨਾ ਕਰਦੇ ਹੋਏ, ਆਪਣੇ ਸੁੱਖ ਆਰਾਮ ਨੂੰ ਤਿਲਾਂਜਲਿ ਦਿੰਦਿਆ ਉਹ ਆਪਣੀ ਇਤਿਹਾਸਿਕ ਯਾਤਰਾ ਲਈ ਤੁਰ ਪਏ। 'ਮੇਰਾ ਪਹਿਲਾ ਜਤਨ' ਸਿਰਲੇਖ ਅਧੀਨ ਉਹਨਾਂ ਇਹ ਲਿਖਿਆ ਹੈ:

"ਪੰਜਾਬ ਵਿੱਚ ਪਹਿਲੀ ਪਲੇਗ ਪਈ ਤੇ ਲੋਕੀ ਮੱਖੀਆਂ ਵਾਂਗ ਮਰਨ ਲੱਗੇ। ਉਦੋਂ ਹੀ ਮੈਨੂੰ ਸਿੱਖ ਇਤਿਹਾਸ ਦਾ ਮਸਾਲਾ ਇੱਕਠਾ ਕਰਨ ਦੀ ਚੇਟਕ ਲੱਗੀ ਸੀ। ਪੁਰਾਣੇ-ਪੁਰਾਣੇ ਆਦਮੀ ਮਰਦੇ ਜਾ ਰਹੇ ਸਨ ਅਤੇ ਮੈਂ ਵੇਖਦਾ ਸਾਂ ਕਿ ਇਨ੍ਹਾਂ ਬਿਰਧ ਪੁਰਸ਼ਾਂ ਦੇ ਨਾਲ ਹੀ ਸਾਡਾ ਜ਼ਰੂਰੀ ਇਤਿਹਾਸਿਕ ਮਸਾਲਾ ਵੀ ਅਲੋਪ ਹੁੰਦਾ ਜਾ ਰਿਹਾ ਹੈ। ਮੈਂ ਆਪਣੀ ਬੀ.ਏ. ਦੀ ਪੜ੍ਹਾਈ ਛੱਡੀ ਤੇ ਬਿਰਧ ਪੁਰਸ਼ਾਂ ਨੂੰ ਫੋਲ ਫੋਲ ਕੇ ਪੁਰਾਣੇ ਹਾਲ ਜਮ੍ਹਾ ਕਰਨ ਲਗ ਪਿਆ। ਸਤਿਗੁਰ ਜੀ ਦੀ ਕ੍ਰਿਪਾ ਸੀ, ਮੈਨੂੰ ਚੰਗੀ ਸਫਲਤਾ ਤੇ ਸੋਹਣਾ ਮਸਾਲਾ ਇੱਕਠਾ ਹੋ ਗਿਆ।"

ਇਹ ਸਾਰਾ ਕੰਮ ਅਸਾਨ ਨਹੀਂ ਸੀ ਜਿੰਨ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਕਰਮ ਸਿੰਘ ਨੂੰ ਕਰਨ ਪਿਆ ਉਸ ਕੁਰਬਾਨੀ, ਉਸਦੀ ਮਿਹਨਤ ਅਤੇ ਲਗਨ ਦਾ ਅਨੁਮਾਨ ਲਗਾਉਣਾ ਔਖਾ ਹੈ। ਇਹ ਮਿਹਨਤ ਕਰਮ ਸਿੰਘ ਨੇ ਸਿੱਖ ਇਤਿਹਾਸ ਨੂੰ ਪੂਰੇ ਤੌਰ ਤੇ ਪ੍ਰਮਾਣਿਕ ਬਣਾਉਣ ਲਈ ਕੀਤੀ ਸੀ। ਜੇ ਉਸ ਵੇਲੇ ਕਿਸੇ ਪੰਥਕ ਜੱਥੇ ਜਾਂ ਕਿਸੇ ਸੁਸਾਇਟੀ ਨੇ ਮਾਇਕ ਮਦਦ ਕੀਤੀ ਹੁੰਦੀ ਤਾਂ ਅੱਜ ਸਿੱਖ ਇਤਿਹਾਸ ਪ੍ਰਮਾਣਿਕ ਇਤਿਹਾਸਕ ਮਸਾਲੇ ਨਾਲ ਸਰੋਬਾਰ ਹੁੰਦਾ। ਕਰਮ ਸਿੰਘ ਦੀ ਖੋਜ ਵਿੱਚ ਤਿੰਨ ਸੱਜਣਾਂ ਦਾ ਅਹਿਮ ਯੋਗਦਾਨ ਪਾਇਆ। ਉਹਨਾਂ ਵਿੱਚ ਮਾਸਟਰ ਈਸ਼ਰ ਸਿੰਘ ਜੀ ਨੇ ਆਪਣੀ ਪੰਦਰਾਂ ਰੁਪਏ ਦੀ ਮਾਸਿਕ ਤਨਖਾਹ ਵਿੱਚੋਂ ਅੱਧੀ ਤਨਖਾਹ ਕਰਮ ਸਿੰਘ ਦੇ ਖੋਜ ਪ੍ਰਤੀ ਸਿਦਕ, ਸਿਰੜ ਅਤੇ ਕੌਮ ਦੀ ਬੇਰੁਖੀ ਨੂੰ ਦੇਖਦਿਆਂ ਸ਼ੁਰੂ ਕਰ ਦਿੱਤੀ। ਇਸੇ ਤਰ੍ਹਾਂ ਮੋਹਨ ਸਿੰਘ ਵੈਦ ਅਤੇ ਭਾਈ ਤਖਤ ਸਿੰਘ ਨੇ ਆਪਣੇ ਵਲੋਂ ਪੂਰੀ ਸਹਾਇਤ ਕੀਤੀ ਤਾਂ ਜੋ ਕਰਮ ਸਿੰਘ ਦਾ ਉਤਸ਼ਾਹ ਬਣਿਆ ਰਹੇ। ਕਰਮ ਸਿੰਘ ਨੇ ਪੈਸੇ ਦੀ ਘਾਟ ਨੂੰ ਆਪਣੀ ਖੋਜ ਦੇ ਨੇੜੇ ਨਹੀਂ ਆਉਣ ਦਿੱਤਾ। ਉਸ ਸ਼ੇਰਦਿਲ ਇਨਸਾਨ ਦੇ ਕਦਮ ਖੋਜ ਲਈ ਅੱਗੇ ਤੋਂ ਅੱਗੇ ਵੱਧਦੇ ਰਹੇ।

ਪੰਜਾਬ ਤੋਂ ਇਤਿਹਾਸਿਕ ਮਸਾਲਾ ਇੱਕਠਾ ਕਰਨ ਤੋਂ ਬਾਅਦ ਉਹਨਾਂ ਇਹ ਨਿਸ਼ਚਾ ਕੀਤਾ ਕਿ ਗੁਰੂ ਨਾਨਕ ਸਾਹਿਬ ਦੀਆਂ ਮੱਕਾ, ਮਦੀਨਾ ਅਤੇ ਬਗਦਾਦ ਦੀਆਂ ਯਾਤਰਾਵਾਂ ਸੰਬੰਧੀ ਖੋਜ ਕੀਤੀ ਜਾਵੇ। ਪਹਿਲੀ ਔਕੜ ਤਾਂ ਮਾਇਕ ਸੀ ਜਿਹੜੀ ਕਿ ਭਾਈ ਤਖ਼ਤ ਸਿੰਘ ਜੀ ਨੇ ਹੱਲ ਕਰ ਦਿੱਤੀ। ਦੂਸਰੀ ਔਕੜ ਵਿੱਚ ਤਾਂ ਜਾਨ ਦਾ ਖ਼ਤਰਾ ਸੀ। ਉਹ ਇਹ ਕਿ ਉਨ੍ਹੀ ਦਿਨੀ ਇਸ ਯਾਤਰਾ ਤੇ ਹਾਜ਼ੀ ਦਾ ਭੇਸ ਧਾਰ ਕੇ ਹੀ ਜਾਇਆ ਜਾ ਸਕਦਾ ਸੀ। ਕੋਈ ਵੀ ਹਿੰਦੂ ਜਾਂ ਸਿੱਖ ਇਸ ਯਾਤਰਾ ਤੇ ਨਹੀ ਜਾ ਸਕਦਾ ਸੀ। ਤਖਤ ਸਿੰਘ ਜੀ ਨੇ ਕਰਮ ਸਿੰਘ ਲਈ ਹਾਜ਼ੀਆਂ ਵਾਲੇ ਕੱਪੜੇ ਬਣਵਾ ਦਿੱਤੇ ਅਤੇ ਕੁਝ ਮਾਇਆ ਦੇ ਕੇ ਉਤਸ਼ਾਹਿਤ ਕੀਤਾ। ਹਾਜ਼ੀ ਦੇ ਭੇਸ ਵਿੱਚ ਕਰਮ ਸਿੰਘ ਕਰਾਚੀ ਪਹੁੰਚੇ, ਜਿੱਥੇ ਸੈਂਕੜੇ ਹਾਜ਼ੀ ਮੱਕੇ ਦੀ ਯਾਤਰਾ ਲਈ ਤਿਆਰ ਬੈਠੇ ਸਨ। ਫੁਲਵਾੜੀ (ਮਾਸਕ) ਅੰਕ ਵਿੱਚ ਕਰਮ ਸਿੰਘ ਨੰਬਰ ਵਿਚ ਇਹ ਦੱਸਿਆ ਗਿਆ ਹੈ ਕਿ ਕਰਮ ਸਿੰਘ ਖੋਜੀ ਬਿਰਤੀ ਦੇ ਨਾਲ-ਨਾਲ "ਬੜੇ ਮਿਠ ਬੋਲੇ, ਗੰਭੀਰ, ਸਾਦੇ, ਹਮਦਰਦ, ਉਤਸ਼ਾਹੀ, ਨਿਰਭੈ, ਦਲੇਰ, ਹਸਮੁੱਖ ਤੇ ਸੱਚੇ ਮਿੱਤਰ ਸਨ। ਆਪ ਦਾ ਜੀਵਨ ਕਈ ਪਹਿਲੂਆਂ ਤੋਂ ਸ਼ੁੱਭ ਸਿੱਖਿਆ ਦਾ ਭੰਡਾਰਾ ਹੈ।" ਇਹਨਾਂ ਗੁਣਾਂ ਕਰਕੇ ਹੀ ਕਰਮ ਸਿੰਘ ਨੇ ਮੱਕੇ ਦੀ ਯਾਤਰਾ ਦੌਰਾਨ ਹਾਜ਼ੀਆਂ ਦੇ ਇੱਕ ਜਥੇਦਾਰ ਨੂੰ ਆਪਣਾ ਮਿੱਤਰ ਬਣਾ ਲਿਆ। ਕਰਮ ਸਿੰਘ ਜੀ ਨੂੰ ਇਤਿਹਾਸਕ ਖੋਜ ਦੇ ਨਾਲ-ਨਾਲ ਦੇਸੀ ਦਵਾਈਆਂ ਬਾਰੇ ਜਾਣਨ ਦਾ ਸ਼ੌਕ ਸੀ ਅਤੇ ਕਈ ਦਵਾਈਆਂ ਦੇ ਨੁਸਖੇ ਜਾਣਦੇ ਸਨ। ਹਾਜ਼ੀਆਂ ਦੇ ਜੱਥੇਦਾਰ ਨੂੰ ਕਿਸੇ ਖਾਸ ਦਵਾਈ ਦੀ ਜ਼ਰੂਰਤ ਪਈ ਤਾਂ ਕਰਮ ਸਿੰਘ ਨੇ ਉਹ ਦਵਾਈ ਬਣਾ ਕੇ ਦੇ ਦਿੱਤੀ ਜਿਸ ਕਾਰਣ ਉਹਨਾਂ ਦੀ ਮਿੱਤਰਤਾ ਵੱਧ ਗਈ। ਪੰਜ ਨਮਾਜ਼ਾਂ ਕਰਮ ਸਿੰਘ ਨੂੰ ਪਹਿਲਾਂ ਹੀ ਯਾਦ ਸਨ। ਮੁਸਲਮਾਨੀ ਨਾਂ ਰੱਖ ਕੇ ਮੱਕੇ ਦੀ ਯਾਤਰਾ ਲਈ ਤੁਰ ਪਏ। ਬਗਦਾਦ ਜਦੋਂ ਪਹੁੰਚੇ ਤਾਂ ਉਹ ਇੱਕ ਮਸਜਿਦ ਵਿੱਚ ਠਹਿਰੇ ਤਾਂ ਉੱਥੇ ਕੁਝ ਪੰਜਾਬੀਆਂ ਨੂੰ ਉਹਨਾਂ ਉੱਪਰ ਸ਼ੱਕ ਹੋ ਗਿਆ। ਕਿਉਂਕਿ ਇਕ ਦਿਨ ਕਿਸੇ ਨੇ ਇਨ੍ਹਾਂ ਨੂੰ ਜਪੁਜੀ ਸਾਹਿਬ ਦਾ ਪਾਠ ਕਰਦਿਆਂ ਸੁਣ ਲਿਆ ਸੀ। ਉਹ ਸਾਰੇ ਕਰਮ ਸਿੰਘ ਦੇ ਵਿਰੁੱਧ ਹੋ ਗਏ ਅਤੇ ਮੁਸਲਮਾਨ ਹੋਣ ਦੇ ਸਬੂਤ ਵਜੋਂ ਸੁੰਨਤ ਵਿਖਾਉਣ ਲਈ ਕਹਿਣ ਲੱਗੇ। ਜਦੋਂ ਮੁਸਲਮਾਨਾਂ ਨੂੰ ਇਹ ਪਤਾ ਲੱਗਾ ਕਿ ਕਰਮ ਸਿੰਘ ਨੇ ਸੁੰਨਤ ਨਹੀਂ ਕਰਵਾਈ ਤਾਂ ਉਹਨਾਂ ਨੇ ਜੁਮੇ ਵਾਲੇ ਦਿਨ ਕਰਮ ਸਿੰਘ ਦੀ ਸੁੰਨਤ ਅਤੇ ਕੇਸ ਕੱਟਣ ਦਾ ਫੈਸਲਾ ਕਰ ਲਿਆ। ਇਸ ਫੈਸਲੇ ਨੇ ਕੁਦਰਤੀ ਤੌਰ ਤੇ ਕਰਮ ਸਿੰਘ ਨੂੰ ਦੁਖੀ ਕੀਤਾ। ਕਰਮ ਸਿੰਘ ਨੂੰ ਅਚਾਨਕ ਇਕ ਮੁਸਲਮਾਨ ਸਾਥੀ ਦੀ ਯਾਦ ਆਈ ਜਿਸਦਾ ਰਿਸ਼ਤੇਦਾਰ ਇਥੇ ਪੁਲਿਸ ਵਿਭਾਗ ਵਿੱਚ ਨਿਯੁਕਤ ਸੀ। ਉਸਨੇ ਕਰਮ ਸਿੰਘ ਦੀ ਸਾਰੀ ਗੱਲ ਸੁਣ ਕੇ ਧਰਵਾਸਾ ਦਿੱਤਾ ਅਤੇ ਉਸਨੂੰ ਤੰਗ ਕਰਨ ਵਾਲਿਆਂ ਨੂੰ ਤਾੜਿਆ। ਇਸ ਤਰ੍ਹਾਂ ਉਹਨਾਂ ਦੇ ਕੇਸ ਕੱਟਣ ਦੀ

ਨੌਬਤ ਤਾਂ ਨਹੀਂ ਆਈ ਪਰ ਕਰਮ ਸਿੰਘ ਮਕੇ ਨਹੀ ਜਾ ਸਕੇ। ਬਗਦਾਦ ਵਿੱਚ ਆਪਣੀ ਖੋਜ-ਪੜਤਾਲ ਕੀਤੀ ਅਤੇ ਵਾਪਿਸ ਆ ਗਏ।

ਕਰਮ ਸਿੰਘ ਨੂੰ ਮੁਸਲਮਾਨ ਦੇਸ਼ ਜਾਣ ਕਰਕੇ ਅਤੇ ਮੁਸਲਮਾਨਾਂ ਦੇ ਹੱਥਾਂ ਦਾ ਪੱਕਿਆ ਖਾਣਾ ਖਾਣ ਕਰਕੇ ਉਸ ਵਕਤ ਦੇ ਪੁਜਾਰੀਆਂ ਨੇ ਤਨਖਾਹ ਲਾਉਣ ਅਤੇ ਅੰਮ੍ਰਿਤ ਛੱਕਣ ਲਈ ਕਿਹਾ ਤਾਂ ਕਰਮ ਸਿੰਘ ਦਾ ਜਵਾਬ ਸੀ ਕਿ, "ਸਤਿਗੁਰ ਬਖਸ਼ਿੰਦ ਤੇ ਜਾਣੀ ਜਾਣ ਹੈ, ਮੈਂ ਕੋਈ ਕੁਰਹਿਤ ਨਹੀਂ ਕੀਤੀ। ਮੁਸਲਮਾਨਾਂ ਦੇ ਹੱਥ ਦਾ ਤਿਆਰ ਕੀਤਾ ਭੋਜਨ ਮੈਂ ਜ਼ਰੂਰ ਛੱਕਦਾ ਰਿਹਾ ਹਾਂ, ਪਰ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਰਨਾ ਸਿੱਖੀ ਵਿਰੁੱਧ ਨਹੀ, ਪਰ ਜੇ ਤੁਸੀ ਇਸਨੂੰ ਭੁੱਲ ਮੰਨਕੇ ਤਨਖਾਹ ਲਾਉਣਾ ਚਾਹੁੰਦੇ ਹੋ ਤਾਂ ਅਜੇ ਖਬਰੇ ਕਿੰਨਾ ਚਿਰ ਮੈਨੂੰ ਇਸ ਤਰ੍ਹਾਂ ਵਿਚਰਨਾ ਪਏਗਾ, ਸੋ ਚੰਗਾ ਹੈ ਕਿ ਸਿੱਖ ਇਤਿਹਾਸ ਲਿਖਣ ਦੇ ਮਗਰੋਂ ਮੈਂ ਇੱਕਠੀ ਹੀ ਭੁੱਲ ਬਖ਼ਸ਼ਵਾ ਕੇ ਤਨਖਾਹ ਲਵਾ ਲਵਾਂ।" ਇਸ ਯਾਤਰਾ ਮਗਰੋਂ ਸਿੱਖਾਂ ਦੀ ਉਦਾਸੀਨਤਾ ਨੂੰ ਵੇਖ ਕੇ ਉਹਨਾਂ ਇਹ ਫੈਸਲਾ ਲਿਆ ਕਿ ਉਹ ਇੱਕਲੇ ਹੀ ਇਸ ਕੰਮ ਨੂੰ ਨੇਪਰੇ ਚੜਾਉਣਗੇ। ਆਪਣੇ ਪਰਿਵਾਰ ਦੇ ਗੁਜ਼ਾਰੇ ਲਈ ਆਪਣੇ ਮਿੱਤਰ ਸ. ਅਮਰ ਸਿੰਘ ਵਾਸੂ ਨਾਲ ਮਿਲ ਕੇ ਸਰਗੋਧੇ ਵਿੱਚ 'ਸੰਨਿਆਸੀ ਆਸ਼ਰਮ' ਨਾਂ ਦਾ ਇੱਕ ਦਵਾਖਾਨਾ ਸ਼ੁਰੂ ਕੀਤਾ। ਇਸ ਤੋਂ ਚੰਗੀ ਆਮਦਨ ਦੇ ਨਾਲ-ਨਾਲ ਖੋਜੀਆਂ, ਵਿਦਵਾਨਾਂ ਅਤੇ ਸਿੱਖਾਂ ਵਿੱਚ ਚੰਗੀ ਜਾਣ-ਪਹਿਚਾਨ ਬਣਾਈ। ਕਈ ਅਖਬਾਰਾਂ ਅਤੇ ਰਸਾਲਿਆਂ ਵਿੱਚ ਉਹਨਾਂ ਦੇ ਲੇਖ ਛੱਪਦੇ ਰਹਿੰਦੇ ਸਨ। 'ਖਾਲਸਾ ਯੰਗਮੈਨ' ਵਿੱਚ ਵੀ ਕਈ ਲੇਖ ਛਪੇ ਹਨ। ਉਹਨਾਂ ਦੀ ਸੋਭਾ ਸੁਣ ਕੇ ਉਹਨਾਂ ਦੇ ਮਿੱਤਰ ਸੰਤ ਜਵਾਲਾ ਸਿੰਘ ਜੀ (ਪਟਿਆਲੇ ਵਾਲੇ) ਪਟਿਆਲੇ ਲੈ ਗਏ। ਉਦੋਂ ਕਰਮ ਸਿੰਘ ਜੀ ਦੀ ਉਮਰ 27ਕੁ ਵਰੇ ਦੇ ਲਗਭਗ ਸੀ। ਉੱਥੇ ਉਹਨਾਂ ਨੂੰ ਪਟਿਆਲਾ ਰਿਆਸਤ ਵਿਚ ਸਟੇਟ ਹਿਸਟੋਰੀਅਨ ਨਿਯੁਕਤ ਕਰਵਾ ਦਿੱਤਾ। ਇਹ ਨੌਕਰੀ ਉਹਨਾਂ ਜਿਆਦਾ ਦੇਰ ਨਾ ਕੀਤੀ। ਸੰਤ ਜਵਾਲਾ ਸਿੰਘ ਦੀ ਨਿੱਜੀ ਲਾਇਬ੍ਰੇਰੀ ਅਤੇ ਪਟਿਆਲਾ ਸਰਕਾਰ ਦੀ ਲਾਇਬ੍ਰੇਰੀ ਵਿਚੋਂ ਕਰਮ ਸਿੰਘ ਨੇ ਬਹੁਤ ਕੁਝ ਪੜਿਆ ਅਤੇ ਘੋਖੀਆ। ਉਹ ਆਤਮ ਨਿਰਭਰ ਹੋਣਾ ਚਾਹੁੰਦੇ ਸਨ। ਇਸ ਲਈ ਉਹਨਾਂ ਨੇ ਕਲਕੱਤੇ ਵਿੱਚ ਚਿੱਤਰ ਪ੍ਰਕਾਸ਼ਨ ਕੰਪਨੀ ਸ਼ੁਰੂ ਕੀਤੀ। ਸਿੱਖ ਸ਼ਹੀਦਾਂ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਤਸਵੀਰਾਂ ਵੇਚਣੀਆਂ ਸ਼ੁਰੂ ਕੀਤੀਆਂ। ਇਹ ਕੰਮ ਵੀ ਚੰਗਾ ਚਲਿਆ ਪਰ ਕਰਮ ਸਿੰਘ ਦੀ ਖੋਜੀ ਰੁਚੀ ਦੇ ਅਨੁਕੂਲ ਨਾ ਹੋਣ ਕਰਕੇ ਉਹਨਾਂ ਖੇਤੀਬਾੜੀ ਵੱਲ ਧਿਆਨ ਦੇਣਾ ਸ਼ੁਰੂ ਕੀਤਾ।

ਪਟਿਆਲਾ ਦੇ ਪਤਾਰਸੀ ਪਿੰਡ ਵਿਚ ਜ਼ਮੀਨ ਖਰੀਦ ਕੇ ਖੇਤੀਬਾੜੀ ਦਾ ਕੰਮ ਸ਼ੁਰੂ ਕੀਤਾ। ਇੱਕ ਵਾਰ ਊਠ ਤੇ ਬੈਠ ਕੇ ਕੀਤੇ ਜਾ ਰਹੇ ਸਨ। ਊਠ ਇੱਕ ਕਿੱਕਰ ਦੇ ਦਰਖ਼ਤ ਕੋਲੋ ਲੰਘਿਆ ਅਤੇ ਕਿੱਕਰ ਦਾ ਕੰਡਾ ਕਰਮ ਸਿੰਘ ਦੀ ਅੱਖ ਤੇ ਲੱਗ ਗਿਆ ਬਹੁਤ ਖੂਨ ਵਗਿਆ। ਡਾਕਟਰ ਨੇ ਦਵਾਈ ਦੇ ਕੇ ਅੱਖ ਉੱਪਰ ਪੱਟੀ ਬੰਨ੍ਹ ਦਿੱਤੀ ਅਤੇ ਸਖਤ ਹਿਦਾਇਤ ਦਿੱਤੀ ਕਿ ਕੁਝ ਸਮਾਂ ਪੜ੍ਹਨਾ ਲਿਖਣਾ ਬਿਲਕੁਲ ਬੰਦ ਕਰ ਦਿਉ। ਉਹਨਾਂ ਦਿਨਾਂ ਵਿੱਚ ਹੀ ਕਰਮ ਸਿੰਘ ਨੂੰ ਕੋਈ ਦੁਰਲਭ ਇਤਿਹਾਸਿਕ ਲਿਖਤ ਮਿਲ ਗਈ ਜਿਸਨੂੰ ਪੜ੍ਹਨ ਦਾ ਲੋਭ ਕਰਮ ਸਿੰਘ ਛੱਡ ਨਾ ਸਕੇ, ਜਿਸ ਕਰਕੇ ਉਹਨਾਂ ਦੀ ਇੱਕ ਅੱਖ ਦੀ ਰੋਸ਼ਨੀ ਸਦਾ ਲਈ ਚਲੀ ਗਈ। ਖੇਤੀ ਦੇ ਕੰਮ ਵਿੱਚ ਕਰਮ ਸਿੰਘ ਨੂੰ ਸ਼ੁਰੂ ਤੋਂ ਹੀ ਦਿਲਚਸਪੀ ਸੀ। ਇਸ ਬਾਰੇ ਉਹਨਾਂ ਨੇ ਕਈ ਕਿਤਾਬਾਂ ਪੜ੍ਹੀਆ ਸਨ। ਕੁਝ ਸਮੇਂ ਬਾਅਦ ਕਰਮ ਸਿੰਘ ਨੇ ਨੈਨੀਤਾਲ (ਓ.ਸ਼.) ਵਿੱਚ ਤਿੰਨ ਹਜ਼ਾਰ ਵਿੱਘੇ ਜ਼ਮੀਨ ਖਰੀਦ ਕੇ ਵੱਡੇ ਪੈਮਾਨੇ ਤੇ ਖੇਤੀ ਦਾ ਕੰਮ ਸ਼ੁਰੂ ਕੀਤਾ। ਸਾਰੇ ਖੇਤਾਂ ਨੂੰ ਤਾਰਾਂ ਨਾਲ ਵਲਿਆ ਅਤੇ ਨਿਆ ਗਾਉ ਵਿਚ ਆਪਣੀ ਰਿਹਾਇਸ਼ ਰੱਖੀ। ਖੇਤੀ ਵਿੱਚ ਜੀ ਤੋੜ ਮਿਹਨਤ ਦੇ ਨਾਲ-ਨਾਲ ਉਹ ਆਪਣੀ ਖੋਜ ਦਾ ਕੰਮ ਵੀ ਕਰਦੇ ਰਹੇ। ਭਾਰਤ ਦੀ ਸ਼ਾਇਦ ਹੀ ਕੋਈ ਏਸੀ ਲਾਇਬ੍ਰੇਰੀ ਹੋਵੇਗੀ ਜਿੱਥੇ ਉਹ ਨਹੀਂ ਗਏ ਹੋਣਗੇ। ਪੁਸਤਕਾਂ, ਪੁਛ ਪੜਤਾਲ, ਹੱਥ ਲਿਖਤਾਂ, ਖੋਜ ਦੌਰਿਆਂ ਦੁਆਰਾ ਕਰਮ ਸਿੰਘ ਨੇ ਬੜੇ ਵੱਡੇ ਪੈਮਾਨੇ ਤੇ ਇਤਿਹਾਸਿਕ ਸਮੱਗਰੀ ਇੱਕਠੀ ਕਰ ਲਈ ਸੀ। ਸ. ਕਰਮ ਸਿੰਘ ਯਾਦਦਾਸ਼ਤ ਦੇ ਧਨੀ ਸਨ। ਕਿਸੇ ਵੀ ਇਤਿਹਾਸਕ ਪੁਸਤਕ ਨੂੰ ਇੱਕ ਵਾਰ ਪੜ੍ਹ ਕੇ ਯਾਦ ਕਰ ਲੈਂਦੇ ਬਹੁਤ ਹੀ ਘੱਟ ਗੱਲਾਂ ਨੋਟ ਕਰਦੇ ਸਨ। ਇਕ ਅਨੁਮਾਨ ਅਨੁਸਾਰ ਉਹਨਾਂ ਨੇ ਲਗਭਗ 13 ਕਾਪੀਆਂ ਲਿਖੀਆ ਜਿਸ ਵਿੱਚ ਸਿੱਖ ਇਤਿਹਾਸ ਦੇ ਅਲੱਗ-ਅਲੱਗ ਸਮਿਆਂ, ਸਖ਼ਸ਼ੀਅਤਾਂ ਅਤੇ ਘਟਨਾਵਾਂ ਬਾਰੇ ਮਹੱਤਵਪੂਰਨ ਜਾਣਕਾਰੀ ਸ਼ਾਮਿਲ ਸੀ। ਕਰਮ ਸਿੰਘ ਨੇ ਸੋਚਿਆ ਕਿ 2-3 ਸਾਲਾਂ ਵਿੱਚ ਖੇਤੀਬਾੜੀ ਦਾ ਕੰਮ ਪੱਕੇ ਪੈਰੀ ਖੜਾ ਕਰਕੇ ਨਿਸ਼ਚਿਤ ਹੋ ਜਾਣਗੇ, ਉਸ ਤੋਂ ਬਾਅਦ ਉਹ 5-6 ਮਹੀਨਿਆਂ ਵਿੱਚ ਇੱਕਠੀ ਕੀਤੀ ਮਹੱਤਵਪੂਰਨ ਸਮੱਗਰੀ ਤੋਂ ਇਤਿਹਾਸ ਦੀਆਂ ਕਈ ਪੁਸਤਕਾਂ

ਲਿਖ ਦੇਣਗੇ। ਇਹ ਸੋਚ ਤਾਂ ਕਰਮ ਸਿੰਘ ਦੀ ਸੀ ਪਰ ਪਰਮਾਤਮਾ ਨੂੰ ਕੁਝ ਹੋਰ ਮੰਜ਼ੂਰ ਸੀ। ਮਿਹਨਤੀ ਅਤੇ ਸਿਰੜੀ ਤਾਂ ਬਹੁਤ ਸਨ। ਲਗਾਤਾਰ ਮਿਹਨਤ ਕਰਕੇ ਉਹ ਤਪੇਦਿਕ (TB) ਦੇ ਸ਼ਿਕਾਰ ਹੋ ਗਏ। ਖ਼ੁਦ ਦਵਾਈਆਂ ਦੇ ਬਹੁਤ ਜਾਣਕਾਰ ਸਨ ਇਸ ਲਈ ਇਹ ਹਮਲਾ ਮਾਰੂ ਸਾਬਤ ਨਹੀ ਹੋਇਆ। 'ਫੁਲਵਾੜੀ' ਵਿਚ ਉਹਨਾਂ ਦੇ ਲੇਖ ਛਪਣੇ ਸ਼ੁਰੂ ਹੋ ਚੁੱਕੇ ਸਨ। ਫੁਲਵਾੜੀ ਦੇ ਇਤਿਹਾਸ ਨੰਬਰ ਨੂੰ ਸੰਪਾਦਿਤ ਕਰਨ ਦੀ ਵਿਚਾਰ ਹੋ ਚੁੱਕੀ ਸੀ। ਗਿਆਨੀ ਹੀਰਾ ਸਿੰਘ ਦਰਦ ਚਾਹੁੰਦੇ ਸਨ ਕੀ ਸ. ਕਰਮ ਸਿੰਘ ਪਹਿਲਾਂ ਸਿਹਤ ਵਲੋਂ ਤੰਦਰੁਸਤ ਹੋਣ ਤੋਂ ਬਾਅਦ ਕੋਈ ਕੰਮ ਸ਼ੁਰੂ ਕਰਨ, ਪਰ ਸ. ਕਰਮ ਸਿੰਘ ਨੇ ਬੀਮਾਰੀ ਦੀ ਹਾਲਤ ਵਿੱਚ ਹੀ 1929 ਨੂੰ ਕੰਮ ਕਰਨ ਦਾ ਨਿਸ਼ਚਾ ਕਰਕੇ ਉਸਨੂੰ ਨੇਪਰੇ ਚੜਾਇਆ। ਜਿੱਥੇ ਸ. ਕਰਮ ਸਿੰਘ ਰਹਿੰਦੇ ਸਨ (ਨੈਨੀਤਾਲ) ਉੱਥੇ ਮੱਛਰ ਬਹੁਤ ਸੀ। ਅਗਸਤ 1930 ਵਿੱਚ ਉਹਨਾਂ ਨੂੰ ਮਲੇਰੀਆ ਹੋ ਗਿਆ ਅਤੇ ਨਾਲ ਹੀ ਨਮੂਨੀਏ ਦਾ ਹਮਲਾ ਵੀ ਹੋ ਗਿਆ। ਬੀਮਾਰੀ ਦੀ ਗੰਭੀਰਤਾ ਨੂੰ ਦੇਖਦਿਆਂ ਕੌਮ ਦੇ ਅਣਮੋਲ ਹੀਰੇ ਨੂੰ ਤਰਨਤਾਰਨ ਲਿਆਂਦਾ ਗਿਆ। ਉਹਨਾਂ ਦੀ ਜੀਵਨ-ਜੋਤ ਦੀ ਰੱਖਿਆ ਲਈ ਪੁਰਜ਼ੋਰ ਕੋਸ਼ਿਸ਼ ਕੀਤੀ ਗਈ, ਪਰ ਕੋਈ ਵੀ ਕੋਸ਼ਿਸ਼ ਕੰਮ ਨਾ ਆਈ। 10 ਸਤੰਬਰ 1930 ਈ. ਨੂੰ ਸ਼ਾਮ ਸਾਢੇ 5 ਵਜੇ ਸ. ਕਰਮ ਸਿੰਘ ਅਕਾਲ ਚਲਾਣਾ ਕਰ ਗਏ। ਸਿੱਖ ਇਤਿਹਾਸ ਨੂੰ ਜਲਦੀ ਹੀ ਸੰਪੂਰਨ ਤੇ ਮੁਕੰਮਲ ਹੋਣ ਸੰਬੰਧੀ ਜੋ ਆਸ ਦੀ ਕਿਰਨ ਨਜ਼ਰ ਆਈ ਸੀ ਉਹ ਇਸ ਦੀਪ ਦੇ ਬੁੱਝ ਜਾਣ ਨਾਲ ਅਲੋਪ ਹੋ ਗਈ। ਉਹਨਾਂ ਨੂੰ ਸ਼ਰਧਾਜਲੀ ਦਿੰਦਿਆਂ ਫੁਲਵਾੜੀ (ਮਾਸਕ) ਦਾ ਪੂਰਾ ਅੰਕ ਉਹਨਾਂ ਨੂੰ ਸਮਰਪਿਤ ਕੀਤਾ ਗਿਆ। ਇਸ ਸ਼ਰਧਾਜਲੀ ਵਿੱਚ ਪੰਥ ਦੇ ਉਘੇ ਆਗੂ ਅਧਿਆਪਕ, ਲੇਖਕ ਅਤੇ ਇਤਿਹਾਸਕਾਰ ਸ਼ਾਮਿਲ ਹਨ। ਆਪਣੇ ਜੀਵਨ ਦੇ ਤਜ਼ਰਬੇ ਦੇ ਆਧਾਰ ਤੇ ਕਰਮ ਸਿੰਘ ਬਾਰੇ ਸੰਤ ਜਵਾਲਾ ਸਿੰਘ ਲਿਖਦੇ ਹਨ: "ਮੈਂ ਆਪਣੀ ਸਾਰੀ ਉਮਰ ਦੇ ਇਤਿਹਾਸਕ ਤਜ਼ਰਬੇ ਦੇ ਆਧਾਰ ਤੇ ਦਾਹਵਾ ਕਰਦਾ ਹਾਂ ਕਿ ਸਰਦਾਰ ਕਰਮ ਸਿੰਘ ਜੀ ਦਾ ਦਰਜ਼ਾ ਸੰਸਾਰ ਦੇ ਉੱਚ ਦਰਜ਼ੇ ਤੇ ਇਤਿਹਾਸਕਾਰਾਂ ਦੇ ਬਰਾਬਰ ਸੀ। ਪਰ ਬਦਕਿਸਮਤੀ ਨਾਲ ਉਹ ਸਿੱਖਾਂ ਜੈਸੀ ਬੇਕਦਰੀ ਕੌਮ ਵਿੱਚ ਪੈਦਾ ਹੋਏ, ਜੇ ਉਹ ਕਿਸੇ ਗੁਣ-ਗ੍ਰਾਹਕ ਕੌਮ ਵਿੱਚ ਜਨਮ ਲੈਂਦੇ ਤਾਂ ਅੱਜ ਉਨ੍ਹਾਂ ਦਾ ਨਾਂ ਸੂਰਜ ਵਾਂਗ ਚਮਕਦਾ ਹੁੰਦਾ ਅਤੇ ਉਹਨਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੀਆਂ ਯਾਦਗਾਰਾਂ ਕਾਇਮ ਕੀਤੀਆਂ ਜਾਂਦੀਆਂ।"

ਸ. ਹੀਰਾ ਸਿੰਘ ਦਰਦ ਨੇ ਸ. ਕਰਮ ਸਿੰਘ ਦੀ ਕੁਰਬਾਨੀ ਨੂੰ ਸਿੱਖ ਇਤਿਹਾਸ ਦੀ ਪਹਿਲੀ ਤੇ ਨਿਰਾਲੀ ਕੁਰਬਾਨੀ ਕਹਿੰਦਿਆਂ ਫੁਲਵਾੜੀ ਦੇ ਕਰਮ ਸਿੰਘ ਅੰਕ ਵਿੱਚ ਆਪਣੀ ਸ਼ਰਧਾਜਲੀ ਵਿੱਚ ਕਿਹਾ:

"ਸਿੱਖਾਂ ਵਿੱਚ ਸਰਦਾਰ ਜੀ ਦੀ ਕੁਰਬਾਨੀ ਵੀ ਸਿੱਖ ਇਤਿਹਾਸ ਲਈ ਪਹਿਲੀ ਤੇ ਨਿਰਾਲੀ ਕੁਰਬਾਨੀ ਹੈ। ਇਸ ਵਿੱਚ ਰਤਾ ਵੀ ਸ਼ੱਕ ਨਹੀਂ ਕਿ ਲਗਾਤਾਰ ਇਤਿਹਾਸਕ ਖੋਜ ਅਤੇ ਮਿਹਨਤ ਕਰਕੇ ਹੀ ਉਨ੍ਹਾਂ ਨੇ ਬਿਮਾਰੀ ਮਹੇੜ ਲਈ ਸੀ ਜਿਸਨੇ ਉਨ੍ਹਾਂ ਦਾ ਅੰਤ ਕਰ ਦਿੱਤਾ ਦੇਸ਼ਾਂ ਪਰਦੇਸ਼ਾਂ ਵਿੱਚ ਉਹ ਇਸ ਤਰ੍ਹਾਂ ਨਿਰਭੈ ਹੋ ਕੇ ਫਿਰਦੇ ਰਹੇ ਤੇ ਜਾਨ ਨੂੰ ਖਤਰਿਆਂ ਵਿੱਚ ਪਾਉਂਦੇ ਰਹੇ ਜਿਸ ਤਰ੍ਹਾਂ ਯੁੱਧਾਂ ਜੰਗਾਂ ਵਿੱਚ ਦਲੇਰ ਸਿਪਾਹੀ। ਇਸ ਲਈ ਨਿਰਸੰਦੇਹ ਕਰਮ ਸਿੰਘ ਜੀ ਦੀ ਕੁਰਬਾਨੀ ਧਾਰਮਕ ਅਤੇ ਕੌਮੀ ਕੁਰਬਾਨੀਆਂ ਨਾਲੋਂ ਘੱਟ ਇੱਜ਼ਤ ਨਾਲ ਨਹੀਂ ਦੇਖੀ ਜਾਣੀ ਚਾਹੀਦੀ।"

ਭਾਈ ਜੋਧ ਸਿੰਘ ਅਨੁਸਾਰ ਸ. ਕਰਮ ਸਿੰਘ ਪੰਜਾਬੀ ਦਾ ਪਹਿਲਾਂ ਸਿੱਖ ਇਤਿਹਾਸਕਾਰ ਸੀ। ਇਤਿਹਾਸਕਾਰਾਂ ਨਾਲ ਤੁਲਨਾ ਕਰਦਿਆਂ ਭਾਈ ਜੋਧ ਸਿੰਘ ਲਿਖਦੇ ਹਨ:

"ਭਾਈ ਕਰਮ ਸਿੰਘ ਜੀ ਦੇ ਅਕਾਲ ਚਲਾਣੇ ਨੇ ਪੰਥ ਨੂੰ ਜੋ ਹਾਨੀ ਪਹੁੰਚਾਈ ਹੈ, ਉਸਦਾ ਅੰਦਾਜ਼ਾ ਉਹ ਵਿਰਲੇ ਜਾਣਕਾਰ ਹੀ ਲਾ ਸਕਦੇ ਹਨ ਜਿੰਨ੍ਹਾਂ ਨੂੰ ਉਨ੍ਹਾਂ ਦਾ ਕੰਮ ਵੇਖਣ ਦਾ ਮੌਕਾ ਮਿਲਿਆ ਹੈ, ਮੈਨੂੰ ਇਹ ਕਹਿਣੋ ਸੰਗ ਨਹੀਂ ਕਿ ਉਹ ਸਿੱਖਾਂ ਦੇ ਪਹਿਲੇ ਇਤਿਹਾਸਕਾਰ ਸਨ। ਭਾਈ ਸੰਤੋਖ ਜੀ ਦਾ ਸੂਰਜ ਪ੍ਰਕਾਸ਼, ਰਤਨ ਸਿੰਘ ਭੰਗੂ ਜੀ ਦਾ ਪੰਥ ਪ੍ਰਕਾਸ਼, ਭਾਈ ਸੁੱਖਾਂ ਸਿੰਘ ਜੀ ਦਾ ਗੁਰਬਿਲਾਸ ਤੇ ਭਾਈ ਗਿਆਨ ਸਿੰਘ ਦੀ ਤਵਾਰੀਖ ਖਾਲਸਾ ਆਦਿ ਸਾਰੇ ਹੀ ਵੱਡਮੁੱਲੇ ਗ੍ਰੰਥ ਹਨ ਪਰ ਉਹ ਨਵੀਨ ਇਤਿਹਾਸ ਦੀ ਕਸਵੱਟੀ ਉੱਪਰ ਟਿਕ ਨਹੀਂ ਸਕਦੇ ਉਨ੍ਹਾਂ ਵਿਚ ਅਸਲੀ ਇਤਿਹਾਸ, ਗੁਰ ਭਗਤੀ ਕਵਿਤਾ ਦੇ ਚਮਤਕਾਰੇ ਤੇ ਲੇਖਕਾਂ ਦੇ ਆਪਣੇ ਵਹਿਮ ਰਲਗੱਡ ਹੋਏ ਹਨ। ਇਸ ਦਾ ਭਾਵ ਇਹ ਨਹੀਂ ਕਿ ਉਹ ਪੁਸਤਕਾਂ ਆਪਣਾ ਕੰਮ ਨਹੀ ਕਰ ਰਹੀਆਂ। ਆਮ ਲੋਕਾਂ ਵਿੱਚ ਸ਼ਰਧਾਭਾਵ,

ਗੁਰਭਗਤੀ ਤੇ ਇਤਿਹਾਸ ਦਾ ਪਰਚਾਰ ਇਨ੍ਹਾਂ ਦੇ ਸਦਕੇ ਹੀ ਅੱਜ ਤੱਕ ਕਾਇਮ ਹੈ। ਪਰੰਤੂ ਵਿਦਵਾਨ ਦੁਨੀਆਂ ਨਿਰੋਲ ਇਤਿਹਾਸ ਦੀ ਚਾਹਵਾਨ ਹੈ ਤੇ ਉਹ ਲਿਖਣ ਦਾ ਅਜੇ ਤੱਕ ਸਿੱਖਾਂ ਕੋਈ ਪ੍ਰਬੰਧ ਨਹੀਂ ਕੀਤਾ।"

## 6.4 ਸਾਹਿਤ ਰਚਨਾ

ਇਹਨਾਂ ਸਭ ਦੇ ਵਿਚਾਰਾਂ ਤੋਂ ਪਤਾ ਚੱਲਦਾ ਹੈ ਕਿ ਕਰਮ ਸਿੰਘ ਦੀ ਖੋਜ ਲਈ ਜੋ ਲਗਨ ਅਤੇ ਕੁਰਬਾਨੀ ਸੀ ਉਹ ਅਨਮੋਲ ਸੀ। ਸਿੱਖੀ, ਸਿੱਖ ਇਤਿਹਾਸਕਾਰੀ ਤੇ ਸਿੱਖ ਜੱਥੇਬੰਦੀਆਂ ਤੋਂ ਇਲਾਵਾਂ ਇਸਤਰੀਆਂ ਪ੍ਰਤੀ ਉਹਨਾਂ ਦੇ ਵਿਚਾਰ ਅਗਾਂਹ ਵਧੂ ਸੀ। 'ਜੀਵਨ ਸ੍ਰੀਮਤੀ ਹਰਨਾਮ ਕੌਰ' ਅਨੁਸਾਰ ਤੇ ਕਿਤੇ ਬਾਲ ਵਿਆਹ ਦਾ ਵਿਰੋਧ ਕਰਦੇ ਤਾਂ ਦੂਜੇ ਪਾਸੇ ਪਤਨੀ ਨੂੰ ਪਤੀ ਦੇ ਪੈਰੀਂ ਹੱਥ ਲਾਂਦਿਆਂ ਵੇਖ ਕੇ ਖੁਸ਼ ਹੁੰਦੇ ਹਨ ਅਤੇ ਪਤੀ ਦੀ ਆਪਣੀ ਪਤਨੀ ਲਈ ਰੋਟੀ ਤਿਆਰ ਕਰਨਾ ਇੱਕ ਸ਼ੋਭਾ ਅਤੇ ਮਾਨ ਵਾਲੀ ਗੱਲ ਸਮਝਦੇ ਸਨ। ਕਰਮ ਸਿੰਘ ਸ਼ੁਰੂ ਤੋਂ ਹੀ ਇਤਿਹਾਸ ਦੀ ਖੋਜ ਲਈ ਲਗਨ ਰੱਖਣ ਵਾਲੇ ਸੱਜਣ, ਵਿਦਵਾਨ, ਨਿਡਰ ਅਤੇ ਮਨੁੱਖੀ ਹਮਦਰਦੀ ਨਾਲ ਭਰੇ ਹੋਏ ਸਨ। ਕਿਸੇ ਵੀ ਔਕੜ ਤੋਂ ਨਹੀਂ ਘਬਰਾਏ ਅਤੇ ਨਾ ਹੀ ਕਦੇ ਕਿਸੇ ਦੇ ਲਾਲਚ ਵਿੱਚ ਫਸੇ। ਉਹਨਾਂ ਦੀ ਇੱਕ ਹੀ ਇੱਛਾ ਸੀ ਸਿੱਖ ਕੌਸ਼ ਦੇ ਇਤਿਹਾਸਕ ਵਿਰਸੇ ਨੂੰ ਖੋਜ ਰਾਹੀਂ ਸਾਫ ਅਤੇ ਸਪੱਸ਼ਟ ਰੂਪ ਵਿੱਚ ਦੁਨੀਆ ਅੱਗੇ ਪੇਸ਼ ਕੀਤਾ ਜਾਵੇ।

## 6.5 ਰਚਨਾਵਾਂ

ਕਰਮ ਸਿੰਘ ਹਿਸਟੋਰੀਅਨ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਬਾਅਦ ਉਸਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ।

1। ਸਿੱਖ ਇਤਿਹਾਸ ਨਾਲ ਸੰਬੰਧਿਤ ਰਚਨਾਵਾਂ
2। ਜੀਵਨੀ ਪ੍ਰਧਾਨ ਰਚਨਾਵਾਂ
3। ਨਿਬੰਧਾਤਮਕ ਰਚਨਾਵਾਂ

ਸ. ਕਰਮ ਸਿੰਘ ਅਨੁਸਾਰ ਇਤਿਹਾਸ ਉਹ ਪ੍ਰਕਾਸ਼ ਹੈ ਜਿਸਦੇ ਦੁਆਰਾ ਕੌਮ ਬਾਰੇ ਪੂਰੀ ਅਤੇ ਸਹੀ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ। ਉਹ ਕੌਮਾਂ ਹੀ ਜਿਉਂਦੀਆਂ ਹਨ ਜਿਨ੍ਹਾਂ ਦਾ ਇਤਿਹਾਸ ਸ਼ਾਨਦਾਰ ਰਿਹਾ ਹੋਵੇ। ਇਤਿਹਾਸ ਦੀ ਅਣਹੋਂਦ ਕਰਕੇ ਹੀ ਕੌਮਾਂ ਸਮੇਂ ਦੇ ਨਾਲ ਸਮਾਪਤ ਹੋ ਜਾਂਦੀਆਂ ਹਨ। ਸ. ਕਰਮ ਸਿੰਘ ਇਹ ਸੋਚਦ ਹਨ ਕਿ ਯਹੂਦੀ, ਈਸਾਈ ਅਤੇ ਮੁਸਲਮਾਨ ਜਿੰਨ੍ਹਾਂ ਕੌਮਾਂ ਅੰਦਰ ਇਤਿਹਾਸ ਲਿਖਣ ਦਾ ਰਿਵਾਜ ਹੈ, ਉਹਨਾਂ ਦੇ ਇਤਿਹਾਸ ਵਿਚ ਮਿਲਾਵਟ ਹੋ ਸਕਦੀ ਹੈ ਤਾਂ ਸਿੱਖ ਕੌਮ ਦਾ ਕੀ ਹਾਲ ਹੋਵੇਗਾ। ਇਸ ਬਾਰੇ 'ਕੱਤਕ ਕਿ ਵਿਸਾਖ' ਪੁਸਤਕ ਵਿੱਚ ਲਿਖਦੇ ਹਨ:

"ਜਿਹੜੀਆਂ ਕੌਮਾਂ ਮੁੱਢ ਤੋਂ ਹੀ ਆਪਣੇ ਸਮਾਚਾਰ ਆਪ ਲਿਖਦੀਆਂ ਆਈਆ ਹਨ, ਜਦ ਉਨ੍ਹਾਂ ਦੀਆਂ ਤਾਰੀਖਾਂ ਅਤੇ ਪੁਸਤਕਾਂ ਦਾ ਇਹ ਹਾਲ ਹੈ ਤਾਂ ਆਪ ਸੋਚੋ ਕਿ ਸਾਡਾ ਕੀ ਹਾਲ ਹੋਵੇਗਾ ਜਿਨ੍ਹਾਂ ਨੂੰ ਇਤਿਹਾਸ ਦੀ ਕਦਰ ਹੀ ਨਹੀਂ।"

ਸ. ਕਰਮ ਸਿੰਘ ਨੇ ਇਹ ਵਿਚਾਰ ਰੱਖਿਆ ਹੈ ਕਿ ਇਤਿਹਾਸ ਨੂੰ ਲਿਖਣ ਤੋਂ ਪਹਿਲਾਂ ਅਨੇਕਾਂ ਥਾਵਾਂ ਦੇ ਇਤਿਹਾਸ ਨੂੰ ਵਾਚਣ ਦੀ ਲੋੜ ਹੈ। ਜੇ ਕੋਈ ਦੋ ਚਾਰ ਇਤਿਹਾਸ ਦੀਆਂ ਪੁਸਤਕਾਂ ਪੜ੍ਹ ਕੇ ਦਾਅਵਾ ਕਰੇ ਕਿ ਉਸ ਵਰਗਾ ਮਾਹਰ ਕੋਈ ਨਹੀ ਤਾਂ ਸ. ਕਰਮ ਸਿੰਘ ਕਹਿੰਦੇ ਹਨ ਉਸ ਵਰਗਾ ਮੂਰਖ ਕੋਈ ਨਹੀਂ। ਇਤਿਹਾਸਿਕ ਖੋਜ ਵਿੱਚ ਇਤਿਹਾਸ-ਲੇਖਕ ਦੇ ਗੁਣਾਂ ਦਾ ਵਰਣਨ ਕਰਦਿਆਂ ਲਿਖਦੇ ਹਨ:

"ਮੁੱਕਦੀ ਗੱਲ ਇਹ ਹੈ ਕਿ ਜੋ ਮਸਾਲਾ ਸਿੱਖ ਇਤਿਹਾਸ ਦਾ ਇਸ ਵੇਲੇ ਸਾਡੇ ਸਾਹਮਣੇ ਹੈ, ਉਸ ਤੋਂ ਜੇਕਰ ਕਿਸੇ ਨੇ ਇਤਿਹਾਸ ਲਿਖਣਾ ਹੋਵੇ ਤਾਂ ਜੇਕਰ ਉਹ ਦਸ ਵੀਹ ਸਾਲ ਲਗਾਤਾਰ ਇਸ ਮਸਾਲੇ ਨੂੰ ਨਾ ਵਾਚੇ, ਉਹ ਜ਼ਰੂਰ ਭੁੱਲਾਂ ਕਰੇਗਾ ਅਤੇ ਆਪ ਤੋਂ ਪਿਛੋਂ ਆਉਣ ਵਾਲੇ ਖੋਜੀਆਂ ਨੂੰ ਕੁਰਾਹੇ ਪਾਵੇਗਾ। ਮੈਂ ਆਪ ਇਸ ਕੰਡਿਆਂ ਵਾਲੇ

ਰਾਹ ਤੁਰ ਚੁੱਕਾ ਹਾਂ, ਇਸ ਲਈ ਸਭ ਔਕੜਾਂ ਨੂੰ ਜਾਣਦਾ ਹਾਂ, ਦੱਸ ਵੀ ਇਸੇ ਲਈ ਰਿਹਾ ਹਾਂ ਕਿ ਭਲਾ ਕਿਸੇ ਦੇ ਕੰਮ ਆ ਜਾਵੇ।"

"ਸਿੱਖ ਇਤਿਹਾਸ ਨੂੰ ਸੈਂਕੜੇ ਆਦਮੀਆਂ ਲਿਖੀਆਂ ਤੇ ਸੈਂਕੜੇ ਆਦਮੀ ਅਜੇ ਲਿਖਣਗੇ, ਪਰ ਜੋ ਕੋਈ ਇਤਿਹਾਸ ਦੀ ਖ਼ਾਤਰ ਲਿਖਣਾ ਚਾਹੁੰਦਾ ਹੈ ਤਾਂ ਉਸ ਲਈ ਜ਼ਰੂਰੀ ਹੈ ਕਿ ਉਹ ਇਤਿਹਾਸ ਲਈ ਕਲਮ ਤੱਦ ਚੁੱਕੇ ਜਦ ਉਸਨੂੰ ਸਾਰੀਆਂ ਗੱਲਾਂ ਸਪੱਸ਼ਟ ਪਈਆ ਭਾਸ਼ਣ ਕਿਤੋਂ ਧੁੰਦਲਾਪਣ ਨਾ ਜਾਪੇ ਅਤੇ ਉਸਨੂੰ ਇਉਂ ਪਿਆ ਭਾਸੇ ਕਿ ਸਭ ਕੁਝ ਉਸ ਦੀਆਂ ਅੱਖਾਂ ਸਾਹਮਣੇ ਹੋ ਰਿਹਾ ਹੈ ਅਤੇ ਉਹ ਆਪ ਉਸ ਵਿੱਚ ਹਿੱਸਾ ਲੈ ਰਿਹਾ ਹੈ।"

ਇਹਨਾਂ ਸਾਰੇ ਗੁਣਾਂ ਨੂੰ ਧਾਰ ਕੇ ਹੀ ਸ. ਕਰਮ ਸਿੰਘ ਨੇ ਲਿਖਣਾ ਸ਼ੁਰੂ ਕੀਤਾ, ਪਰ ਦੁੱਖ ਦੀ ਗੱਲ ਇਹ ਹੈ ਕਿ ਉਹਨਾਂ ਦੀ ਮਿਹਨਤ ਦਾ ਫਲ ਸਾਡੇ ਸਾਹਮਣੇ ਨਾ ਆ ਸਕਿਆ। ਗਿਆਨੀ ਹੀਰਾ ਸਿੰਘ ਦਰਦ ਅਨੁਸਾਰ ਉਹਨਾਂ ਦੀ ਰਚਨਾ ਦੇ 'ਮਣ ਵਿਚੋਂ ਕਣ' ਜਿਨ੍ਹਾਂ ਵੀ ਸਾਡੇ ਤੱਕ ਨਹੀਂ ਪੁਜਿਆ। ਸ. ਕਰਮ ਸਿੰਘ ਦੀ ਯਾਦਦਾਸ਼ਤ ਬਹੁਤ ਤੇਜ ਸੀ, ਇਸ ਲਈ ਉਹ ਬਹੁਤ ਜ਼ਰੂਰੀ ਗੱਲਾਂ ਹੀ ਲਿਖਦੇ ਸਨ ਬਾਕੀ ਸਭ ਯਾਦ ਰੱਖਦੇ ਸਨ। ਇਸ ਲਈ ਇਤਿਹਾਸਿਕ ਮਸਾਲੇ ਦੀ ਖੋਜ ਸੰਬੰਧੀ ਮਿਹਨਤ ਦਾ ਬਹੁਤ ਸਾਰਾ ਫਲ ਉਹਨਾਂ ਨਾਲ ਹੀ ਖ਼ਤਮ ਹੋ ਗਿਆ। ਸ. ਕਰਮ ਸਿੰਘ ਦੀਆਂ ਲਿਖਤਾਂ ਦੇ ਰੂਪ ਵਿੱਚ ਜੋ ਬਚਿਆ ਉਸ ਦੀ ਸਾਂਭ ਠੀਕ ਤਰੀਕੇ ਨਾਲ ਨਹੀ ਹੋ ਸਕੀ। ਸਰਗੋਧੇ 'ਸੰਨਿਆਸੀ ਆਸ਼ਰਮ' ਚਲਾਉਣ ਵੇਲੇ ਉਹਨਾਂ ਨੇ ਕਾਫੀ ਕੰਮ ਕੀਤਾ ਸੀ ਪਰ ਇਸ ਤਰ੍ਹਾਂ ਲੱਗਦਾ ਹੈ ਕਿ ਉਸਦਾ ਬਹੁਤ ਸਾਰਾ ਹਿੱਸਾ ਖ਼ਰਾਬ ਹੋ ਗਿਆ ਜਾਂ ਗੁੰਮ ਹੋ ਗਿਆ ਹੈ। ਸ. ਕਰਮ ਸਿੰਘ ਜੀ ਅਚਾਨਕ ਅਕਾਲ ਚਲਾਣਾ ਕਰ ਗਏ। ਜ਼ਿਆਦਾ ਸਮਾਂ ਖੇਤੀਬਾੜੀ ਕਰਦੇ ਰਹੇ, ਉਹ ਵਿਹਲੇ ਸਮੇਂ ਦੀ ਉਡੀਕ ਵਿੱਚ ਸਨ ਤਾਂ ਜੋ ਸਾਂਭੇ ਇਤਿਹਾਸਕ ਖਰੜੇ ਅਤੇ ਨੋਟਸ ਨੂੰ ਪੁਸਤਕ ਦਾ ਰੂਪ ਦੇ ਸਕਣ। ਉਹਨਾਂ ਮਗਰੋਂ ਉਹਨਾਂ ਦੇ ਪਰਿਵਾਰ ਨੇ ਜ਼ਿਆਦਾਤਰ ਇਤਿਹਾਸਕ ਮਸਾਲਾ (ਹੱਥ ਲਿਖਤਾਂ ਤੇ ਖਰੜੇ) ਇਕ ਹੋਰ ਸਿੱਖ ਇਤਿਹਾਸਕਾਰ ਦੇ ਹਵਾਲੇ ਕਰ ਦਿੱਤਾ ਸੀ। ਉਹਨਾਂ ਹੱਥ ਲਿਖਤਾਂ ਅਤੇ ਖਰੜਿਆਂ ਬਾਰੇ ਕੋਈ ਨਿਰਣੇਜਨਕ ਗੱਲ ਨਹੀ ਆਖੀ ਜਾ ਸਕਦੀ। ਜੋ ਕੁਝ ਪ੍ਰਕਾਸ਼ਿਤ ਪੁਸਤਕਾਂ ਵਿਚ ਮਿਲਦਾ ਹੈ ਉਸ ਦੀ ਸੂਚੀ ਇਸ ਤਰ੍ਹਾਂ ਹੈ।

1. 'ਬੰਦਾ ਬਹਾਦਰ' ਚੀਫ ਖਾਲਸਾ ਦੀਵਾਨ ਅੰਮ੍ਰਿਤਸਰ, 1907 ਈ.
2. 'ਜੀਵਨ ਸ੍ਰੀਮਤੀ ਗੁਰਨਾਮ ਕੌਰ', ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1907ਈ.
3. 'ਜੀਵਨ ਸ੍ਰੀਮਤੀ ਸਦਾ ਕੌਰ', ਸ. ਲਖਮੀ ਸਿੰਘ ਛਾਪਕ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1908ਈ.
4. 'ਕੱਤਕ ਕਿ ਵਿਸਾਖ', ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ, 1908ਈ. (ਪਹਿਲੀ ਵਾਰ) ਸ. ਰਣਬੀਰ ਸਿੰਘ ਨੈਨੀਤਾਲ, 1932ਈ. (ਦੂਜੀ ਵਾਰ)
5. 'ਗੁਰਪੁਰਬ ਨਿਰਣੈ' ਭਾਈ ਬਹਾਦਰ ਸਿੰਘ, ਮੈਨੇਜਰ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਨਵੰਬਰ 1912.
6. 'ਬਾਬਾ ਆਲਾ ਸਿੰਘ' ਖਾਲਸਾ ਪ੍ਰਚਾਰਕ ਵਿਦਿਆਲਾ, ਤਰਨਤਾਰਨ, 1918ਈ. ਮੁਤਾਬਕ 16 ਮਾਘ ਸੰਮਤ 1975ਬਿਕਰਮੀ
7. ਕੇਸ ਤੇ ਸਿੱਖੀ, ਗਿਆਨੀ ਗੁਰਦਿੱਤ ਸਿੰਘ, ਫੁਲਵਾੜੀ ਪ੍ਰੈਸ, ਅੰਮ੍ਰਿਤਸਰ, 1929ਈ.
8. 'ਫੁਲਵਾੜੀ ਸਿੱਖ ਇਤਿਹਾਸ ਨੰਬਰ', ਸਿੰਘ ਬ੍ਰਦਰਜ਼, ਅੰਮ੍ਰਿਤਸਰ, 1963ਈ.
9. ਅਮਰ ਖਾਲਸਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1932ਈ.
10. 'ਬੰਦਾ ਬਹਾਦਰ ਕੌਣ ਸੀ' ਭਾਈ ਜੈਦੇਵ ਸਿੰਘ, ਜੁਗਿੰਦਰ ਸਿੰਘ, ਅੰਮ੍ਰਿਤਸਰ 1934ਈ.

11.'ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ' ਸੰਪਾ. ਹੀਰਾ ਸਿੰਘ ਦਰਦ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1960ਈ.

12. (ਕਰਮ ਸਿੰਘ ਹਿਸਟੋਰੀਅਨ, ਜੀਵਨ ਤੇ ਰਚਨਾ, ਭੁਪਿੰਦਰ ਸਿੰਘ ਗਰੋਵਰ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1986 ਅਨੁਸਾਰ)

'ਗੁਰੂ ਗਾਥਾ ਗ੍ਰੰਥ ਨਿਰਣਯ' ਅਤੇ 'ਲਾਹੌਰ ਦਰਬਾਰ ਦੇ ਆਖਰੀ ਦਿਨ' ਪੁਸਤਕਾਂ ਬਾਰੇ ਸੂਚਨਾ ਤਾਂ ਮਿਲਦੀ ਹੈ ਪਰ ਇਹ ਖਰੜੇ ਪ੍ਰਕਾਸ਼ਿਤ ਨਹੀ ਹੋ ਸਕੇ। ਉਪਰੋਕਤ ਸੂਚੀ ਦੇਖਣ ਨੂੰ ਤਾਂ ਸੰਖੇਪ ਜਿਹੀ ਲੱਗਦੀ ਹੈ ਪਰ ਇਹ ਇਹਨੀ ਮਹੱਤਵਪੂਰਨ ਹੈ ਕਿਉਂਕਿ ਇਹ ਨਿਰਣੈਜਨਕ ਹੈ ਅਤੇ ਖੋਜਾਰਥੀਆਂ ਵਾਸਤੇ ਅਤਿਅੰਤ ਲਾਭਦਾਇਕ ਹੈ।

ਕੱਤਕ ਕਿ ਵਿਸਾਖ ਬਹੁਚਰਚਿਤ ਪੁਸਤਕ ਹੈ ਇਸ ਪੁਸਤਕ ਦੁਆਰਾ ਦੀ ਕਰਮ ਸਿੰਘ ਦੀ ਆਮ ਸਿੱਖਾਂ ਨਾਲ ਪਹਿਚਾਨ ਹੋਈ ਅਤੇ ਉਹਨਾਂ ਦੀ ਪ੍ਰਸਿੱਧੀ ਦਾ ਕਾਰਨ ਵੀ ਇਹੀ ਪੁਸਤਕ ਹੈ। ਇਸ ਦੀ ਵਿਕਰੀ ਤੇ ਜਲਦੀ ਹੀ ਰੋਕ ਲਗਾ ਦਿੱਤੀ ਗਈ। ਕਿਉਂਕਿ ਲੇਖਕ ਨੇ ਜਿਸ ਦਲੇਰੀ ਨਾਲ ਗੁਰੂ ਨਾਨਕ ਸਾਹਿਬ ਦੇ ਜਨਮ ਸੰਬੰਧੀ ਪਏ ਭੁਲੇਖਿਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਉਨ੍ਹੀ ਦਲੇਰੀ ਪੁਸਤਕ ਦੇ ਪ੍ਰਕਾਸ਼ਨ ਨਹੀ ਕਰ ਸਕੇ। ਇਸ ਦੀ ਦੂਜੀ ਛਾਪ 1932ਈ. ਵਿੱਚ ਕਰਮ ਸਿੰਘ ਦੇ ਸਪੁੱਤਰ ਸ. ਰਣਬੀਰ ਸਿੰਘ ਨੇ ਨੈਨੀਤਾਲ ਤੋਂ ਪ੍ਰਕਾਸ਼ਿਤ ਕਰਵਾਈ।

ਗੁਰਪੁਰਬ ਨਿਰਣੈ ਪੁਸਤਕ ਕਰਮ ਸਿੰਘ ਦੀ ਕਰੜੀ ਮਿਹਨਤ ਦਾ ਸਿੱਟਾ ਹੈ। ਇਸ ਪੁਸਤਕ ਵਿੱਚ ਗੁਰੂ ਸਾਹਿਬਾਨ ਦੇ ਜਨਮ ਦਿਵਸ, ਗੱਦੀ ਨਸ਼ੀਨ ਹੋਣ, ਜੋਤੀ ਜੋਤ ਸਮਾਉਣ ਦੀਆਂ ਤਰੀਕਾਂ ਦਾ ਵੇਰਵਾ ਬੜੀ ਡੂੰਘੀ ਖੋਜ ਤੋਂ ਬਾਅਦ ਵਿਗਿਆਨਕ ਖੋਜ ਵਿਧੀ ਅਨੁਸਾਰ ਦਿੱਤਾ ਹੈ। ਕੇਸ ਤੇ ਸਿੱਖੀ ਪੁਸਤਕ ਦੇ ਕੁਲ 34 ਪੰਨੇ ਹਨ। ਇਹ ਪੁਸਤਕ ਕਰਮ ਸਿੰਘ ਦਾ ਜੋ ਸਿੱਖੀ ਪ੍ਰਤੀ ਜ਼ਜ਼ਬਾ ਅਤੇ ਖੋਜ ਪ੍ਰਤੀ ਲਗਨ ਪਰ ਸਿੱਖਾਂ ਦੀ ਇਸ ਪਾਸੇ ਉਦਾਸੀਨਤਾ ਅਤੇ ਇਸ ਉਦਾਸੀਨਤਾ ਦੇ ਭਿਆਨਕ ਸਿੱਟਿਆਂ ਨੂੰ ਪ੍ਰਗਟਾਉਂਦੀ ਹੈ। 'ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ' ਪੁਸਤਕ ਦੇ ਕੁਝ ਲੇਖ, ਲੇਖਕ ਦੇ ਜੀਵਨ ਕਾਲ ਵਿੱਚ ਪ੍ਰਕਾਸ਼ਿਤ ਕੀਤੇ ਗਏ ਅਤੇ ਕੁਝ ਉਹਨਾਂ ਦੇ ਅਕਾਲ ਚਲਾਣੇ ਤੋਂ ਬਾਅਦ ਉਹਨਾਂ ਦੇ ਸਪੁੱਤਰ ਸ. ਰਣਬੀਰ ਸਿੰਘ ਕੋਲੋਂ ਪ੍ਰਾਪਤ ਕਰਕੇ ਪ੍ਰਕਾਸ਼ਿਤ ਕੀਤੇ।

'ਬਿਰਧਾਂ ਦੇ ਬਿਆਨ' ਪੁਸਤਕ ਦੇ ਦੂਜੇ ਭਾਗ ਵਿੱਚ ਕੁਲ 21 ਬਿਆਨ ਸੰਕਲਿਤ ਕੀਤੇ ਹਨ। ਇਹ ਉਹਨਾਂ ਬਿਰਧਾਂ ਦੇ ਬਿਆਨ ਹਨ ਜਿਨ੍ਹਾਂ ਨੇ ਇਤਿਹਾਸਿਕ ਘਟਨਾਵਾਂ ਨੂੰ ਆਪਣੀ ਅੱਖੀ ਵੇਖਿਆ ਹੈ। ਇਸ ਤੋਂ ਵੱਧ ਇਤਿਹਾਸਿਕ ਸਮਗਰੀ ਕੀ ਹੋ ਸਕਦੀ ਹੈ? ਸ. ਕਰਮ ਸਿੰਘ ਇਹਨਾਂ ਬਿਆਨਾਂ ਬਾਰੇ ਲਿਖਦੇ ਹਨ:

"ਇਹ ਬਿਆਨ ਇਸ ਕਰਕੇ ਵੀ ਧਿਆਨਯੋਗ ਹਨ ਕਿ ਇਹ ਉਸ ਸਮੇਂ ਤੋਂ ਸੱਠ ਪੈਂਹਠ ਸਾਲ ਪਹਿਲਾਂ ਦੇ ਹਾਲਾਂ ਸੰਬੰਧੀ ਹਨ। ਇਤਨੇ ਚਿਰ ਵਿੱਚ ਨਿੱਕੀਆਂ ਨਿੱਕੀਆਂ ਗੱਲਾਂ ਭੁੱਲ ਜਾਂਦੀਆਂ ਹਨ ਤੇ ਕੇਵਲ ਜ਼ਰੂਰੀ ਗੱਲਾਂ ਹੀ ਯਾਦ ਰਹਿ ਸਕਦੀਆਂ ਹਨ। ਇਤਨੇ ਚਿਰ ਵਿੱਚ ਕਿਸੇ ਧੜੇ ਦਾ ਪੱਖਪਾਤ ਵੀ ਜਾਂਦਾ ਰਹਿੰਦਾ ਹੈ। ਇਸ ਲਈ ਅਸਲ ਗੱਲ ਵਿੱਚ ਵਾਧੇ ਘਾਟੇ ਜਾਂ ਚੰਗਾ ਮੰਦਾ ਰੰਗ ਦਿੱਤੇ ਜਾਣ ਦਾ ਕੋਈ ਡਰ ਨਹੀ ਰਹਿੰਦਾ।.......... ਹੋ ਸਕਦਾ ਹੈ ਕਿ ਆਮ ਪਾਠਕਾਂ ਨੂੰ ਇਹ ਸੁਆਦਲੇ ਨਾ ਜਾਪਣ, ਕਿਉਂ ਜੋ ਇਹ ਨੋਟ ਜਿਹੇ ਹੀ ਹਨ, ਪਰ ਜੇ ਖੋਜੀ ਲਾਹੌਰ ਦਰਬਾਰ ਦੇ ਹਾਲ ਲਿਖਣ ਲੱਗੂ, ਉਸ ਲਈ ਇਹ ਗੁਣਕਾਰ ਸਿੱਧ ਹੋਣਗੇ। .........ਇਹਨਾਂ ਬਿਰਧ ਪੁਰਸ਼ਾਂ ਵਿੱਚ ਇਕ ਉਹ ਵੀ ਸੀ ਜੋ ਸਰਦਾਰ ਚੇਤ ਸਿੰਘ ਦੇ ਕਤਲ ਕੀਤੇ ਜਾਣ ਸਮੇਂ ਮਹਾਰਾਜਾ ਖੜਕ ਸਿੰਘ ਜੀ ਦੇ ਪਾਸ ਹਾਜ਼ਰ ਸੀ। ਇੱਕ ਸੱਜਣ ਉਹ ਵੀ ਸੀ ਜੋ ਸੰਧਾਵਲੀਆ ਦਾ ਨੌਕਰ ਸੀ ਤੇ ਮਹਾਰਾਜਾ ਸ਼ੇਰ ਸਿੰਘ ਦੇ ਕਤਲ ਕੀਤੇ ਜਾਣ ਸਮੇਂ ਹਾਜ਼ਰ ਸੀ। ਇੱਕ ਸੱਜਣ ਰਾਜਾ ਹੀਰਾ ਸਿੰਘ ਦੇ ਮਾਰੇ ਜਾਣ ਸਮੇਂ ਖਾਲਸਾ ਫੌਜ ਦੇ ਨਾਲ ਸੀ........ ਅੱਡ ਅੱਡ ਲੜਾਈਆਂ ਵਿੱਚ ਹਿੱਸਾ ਲੈਣ ਵਾਲੇ ਤਾਂ ਕਈ ਬਿਰਧ ਪੁਰਸ਼ ਸਨ। ਇਕ ਬਿਰਧ ਪੁਰਸ਼ ਮੈਨੂੰ ਐਸਾ ਵੀ ਮਿਲਿਆ, ਜੋ ਲੁਹਾਮਾ (ਮੁਦਕੀ) ਫੇਰੂ ਸ਼ਹਿਰ, ਸਭਰਾਵਾਂ, ਰਾਮਨਗਰ, ਮੌਂਗ ਰਸੂਲ ਤੇ ਗੁਜਰਾਤ ਦੀਆਂ ਲੜਾਈਆਂ ਵਿੱਚ ਲੜਿਆ ਸੀ।"

ਇਤਿਹਾਸਿਕ ਅਤੇ ਸਾਹਿਤਕ ਜੀਵਨੀ ਵਿੱਚ ਇਹ ਫ਼ਰਕ ਹੁੰਦਾ ਹੈ ਕਿ ਸਾਹਿਤਿਕ ਜੀਵਨੀ ਵਿਚ ਸੁਹਜ ਸੁਆਦ ਨੂੰ ਮਹੱਤਵ ਦਿੱਤਾ ਜਾਂਦਾ ਹੈ ਪਰ ਇਤਿਹਾਸਿਕ ਜੀਵਨੀ ਵਿੱਚ ਇਤਿਹਾਕ ਪੱਖ ਤੋਂ ਜਾਣੂ ਕਰਵਾਇਆ ਜਾਂਦਾ ਹੈ। ਬੰਦਾ ਬਹਾਦੁਰ ਪੁਸਤਕ 267 ਪੰਨਿਆਂ ਦੀ ਹੈ। ਹੀਰਾ ਸਿੰਘ ਦਰਦ ਅਨੁਸਾਰ ਇਹ ਪੰਜਾਬੀ ਵਿੱਚ ਕਰਾਮਾਤਾਂ, ਵਹਿਮਾਂ ਭਰਮਾਂ ਤੋਂ ਅਲੱਗ ਇਤਿਹਾਸਕ ਖੋਜ ਦੇ ਅਸੂਲਾਂ ਮੁਤਾਬਕ ਲਿਖੀ ਇਹ ਪਹਿਲੀ ਪੁਸਤਕ ਹੈ। ਕਰਮ ਸਿੰਘ ਅਨੁਸਾਰ:

"ਬੰਦਾ ਭਾਵੇਂ ਗੁਰ ਸਿੱਖੀ ਵਿੱਚ ਤਾਂ ਆ ਗਿਆ ਸੀ, ਪਰ ਅੰਮ੍ਰਿਤਪਾਨ ਦਾ ਸਮਾਂ ਇਸਨੂੰ ਨਹੀਂ ਲੱਭਿਆ। ਸਿੱਖੀ ਮੰਡਲ ਵਿੱਚ ਆਯਾ ਅਜੇ ਦਿਨ ਹੀ ਹੋਏ ਸਨ ਕਿ ਗੁਰੂ ਜੀ ਜੋਤੀ ਜੋਤ ਸਮਾ ਗਏ। ਇਸ ਲਈ ਇਸ ਦੀ ਅਭਿਲਾਖਾ ਦਿਲ ਦੀ ਦਿਲ ਵਿਚ ਹੀ ਰਹੀ। ਐਸਾ ਮਾਲੂਮ ਹੁੰਦਾ ਹੈ ਕਿ ਗੁਰੂ ਜੀ ਦੀ ਮਿਹਰ ਦੇ ਕਾਰਨ ਬਾਕੀ ਸਿੰਘਾਂ ਵਿੱਚ ਬੰਦੇ ਦੀ ਇੱਜ਼ਤ ਬਣ ਗਈ ਸੀ ਅਤੇ ਸ਼ੈਦ ਇਹੋ ਹੀ ਕਾਰਨ ਹੋਵੇ ਕਿ ਖਾਸ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕਰਨੋਂ ਵਿਰਵੇ ਰਹਿ ਕੇ ਬੰਦੇ ਨੂੰ ਉਸ ਦੀ ਬਣੀ ਹੋਈ ਇੱਜ਼ਤ ਨੇ ਸਿੰਘਾਂ ਪਾਸੋਂ ਅੰਮ੍ਰਿਤਪਾਨ ਕਰਨ ਦੀ ਆਗਯਾ ਨਾ ਦਿੱਤੀ ਹੋਵੇ। ਭਾਵੇਂ ਕੁਝ ਵੀ ਹੋਵੇ, ਇਹ ਦੋ ਗੱਲਾਂ ਜ਼ਰੂਰ ਸਨ ਕਿ ਇਕ ਤਾਂ ਬੰਦੇ ਨੇ ਅੰਮ੍ਰਿਤ ਨਹੀਂ ਛਕਿਆ ਸੀ ਅਤੇ ਦੂਜੇ ਸਿੰਘਾਂ ਵਿੱਚ ਉਸਦੀ ਬਹੁਤ ਇੱਜ਼ਤ ਸੀ।"

ਬੰਦੇ ਦੇ ਜੀਵਨ ਬਾਰੇ ਇਹ ਪੁਸਤਕ ਬਹੁਤ ਮਹੱਤਤਾ ਰੱਖਦੀ ਹੈ ਕਿਉਂਕਿ ਇਸ ਵਿੱਚ ਇਤਿਹਾਸਿਕ ਤੱਥਾਂ ਦੀ ਪੜਚੋਲ ਕੀਤੀ ਗਈ ਹੈ। ਪਰ ਕਈ ਇਤਿਹਾਸਕਾਰਾਂ ਦੇ ਇਸ ਨਾਲ ਮਤਭੇਦ ਹਨ। ਬੰਦਾ ਬਹਾਦਰ ਦੇ ਅਖੀਰਲੇ ਸਮੇਂ ਬਾਰੇ ਕਰਮ ਸਿੰਘ ਲਿਖਦੇ ਹਨ:

"13ਮਾਰਚ, 1716 ਈ. ਨੂੰ ਬੇਅੰਤ ਤਸੀਹੇ ਦੇ ਕੇ ਹਾਥੀ ਦੇ ਪੈਰ ਨਾਲ ਬੰਨ ਕੇ, ਬੰਦੇ ਨੂੰ ਮਰਿਆ ਹੋਇਆ ਸਮਝ ਕੇ ਉਸਨੂੰ ਜਮਨਾ ਕਿਨਾਰੇ ਸੁੱਟ ਦਿੱਤਾ ਗਿਆ। ਉਥੋਂ ਕਿਸੇ ਫਕੀਰ ਨੇ ਬੰਦੇ ਦੀ ਜਾਨ ਬਚਾਈ ਅਤੇ ਕਈ ਮਹੀਨਿਆਂ ਦੇ ਦਵਾ-ਦਾਰੂ ਤੋਂ ਬਾਅਦ ਬੰਦਾ ਸਿਹਤਮੰਦ ਹੋ ਕੇ ਚੋਰੀ-ਛੁਪੇ ਜੰਮੂ ਦੇ ਪਹਾੜਾਂ ਵੱਲ ਚਲਾ ਗਿਆ। ਉਸਦਾ ਬੱਚਾ ਮਰ ਚੁੱਕਾ ਸੀ, ਪਤਨੀ ਮੁਸਲਮਾਨ ਹੋ ਚੁੱਕੀ ਸੀ, ਬੰਦਈ ਦੇ ਤੱਤ ਖਾਲਸਾ ਵਿੱਚ ਮਤਭੇਦ ਗਹਿਰੇ ਹੋ ਗਏ ਸਨ। ਜੰਮੂ ਪਹੁੰਚ ਕੇ ਬੰਦੇ ਦਾ ਦੂਜਾ ਵਿਆਹ ਹੋਇਆ ਅਤੇ 1728 ਈ. ਵਿੱਚ ਉਸਦੇ ਘਰ ਇੱਕ ਪੁੱਤਰ ਨੇ ਜਨਮ ਲਿਆ। ਜਿਸਦਾ ਨਾਂ ਰਣਜੀਤ ਸਿੰਘ ਰੱਖਿਆ ਗਿਆ ਬੰਦਾ 1741ਈ. ਨੂੰ ਅਕਾਲ ਚਲਾਣਾ ਕਰ ਗਿਆ।"

ਸਿੱਖਾਂ ਨੇ ਇਤਿਹਾਸ ਸਿਰਜਿਆ ਤਾਂ ਬਹੁਤ ਪਰ ਉਸਨੂੰ ਲਿਖਤ ਰੂਪ ਦਿੱਤਾ ਬਹੁਤ ਘੱਟ। ਭਾਈ ਗੁਰਦਾਸ ਜੀ ਨੇ ਪਹਿਲੀ ਤੇ ਗਿਆਰਵੀਂ ਵਾਰ ਵਿੱਚ ਇਸ ਦਾ ਆਰੰਭ ਕੀਤਾ ਹੈ। ਅੰਗਰੇਜ਼ਾਂ ਨੇ ਆਪਣੀ ਮਨਮਰਜ਼ੀ ਨਾਲ ਪੁਸਤਕਾਂ ਦੀ ਰਚਨਾ ਕਰਵਾਈ। ਆਪਣੇ ਰਾਜ ਨੂੰ ਚੰਗਾ ਸਾਬਿਤ ਕਰਨ ਵਾਸਤੇ ਸਾਡੇ ਇਤਿਹਾਸ ਵਿੱਚ ਮਨ ਮਰਜ਼ੀ ਦੀਆਂ ਗੱਲਾਂ ਲਿਖਵਾਈਆਂ। ਸ. ਹੀਰਾ ਸਿੰਘ ਦਰਦ ਅਨੁਸਾਰ:

ਸਾਡੇ ਕਿਸੇ ਅੰਜਾਣੇ ਇਤਿਹਾਸਕਾਰ ਨੇ ਇਹ ਗੱਲ ਲਿਖ ਮਾਰੀ ਜਾਂ ਉਸ ਤੋਂ ਲਿਖਵਾਈ ਗਈ ਕਿ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਤੋਂ ਪਹਿਲਾਂ ਇਹ ਗੱਲ ਕਹੀ ਸੀ ਕਿ, "ਮੈ ਟੋਪੀ ਵਾਲੇ ਸਿੱਖਾਂ ਨੂੰ (ਭਾਵ ਅੰਗਰੇਜ਼ਾਂ) ਵੇਖ ਰਿਹਾ ਹਾਂ ਜੋ ਭਾਰਤ ਵਿੱਚ ਆ ਕੇ ਮੁਗਲ ਰਾਜ ਨੂੰ ਖਤਮ ਕਰਨਗੇ।" ਅੰਗਰੇਜੀ ਰਾਜ ਭਗਤ ਸਿੱਖਾਂ ਨੇ ਇਸ ਗੱਲ ਨੂੰ ਇਤਨਾ ਪ੍ਰਚਾਰਿਆ ਕਿ ਆਮ ਸਿੱਖ ਵੀ ਇਸਨੂੰ ਸੱਚ ਮੰਨਣ ਲੱਗ ਪਏ। ਗੁਰਦੁਆਰਿਆਂ ਵਿੱਚ ਅੰਗਰੇਜ਼ੀ ਰਾਜ ਜੁਗੋਂ ਜੁਗ ਅਟਲ ਦੇ ਅਰਦਾਸੇ ਵੀ ਹੋਣ ਲੱਗ ਪਏ। ਆਖਰ ਇਹ ਭੁਲੇਖਾ ਉਦੋਂ ਦੂਰ ਹੋਇਆ, ਜਦੋਂ ਸਰਦੂਲ ਸਿੰਘ ਕਵੀਸ਼ਰ ਦੀ ਐਡੀਟਰੀ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਅੰਗਰੇਜ਼ੀ ਮਾਸਕ ਪੱਤਰ ਸਿੱਖ ਰੀਵੀਉ, ਦਿੱਲੀ ਵਿੱਚ ਇਕ ਵਿਦਵਾਨ ਇਤਿਹਾਸਕਾਰ ਦਾ ਲੇਖ ਛਪਿਆ, ਜਿਸ ਵਿੱਚ ਉਸਨੇ ਸਿੱਧ ਕਰਕੇ ਦੱਸਿਆ ਕਿ ਇਹ ਗੱਲ ਬਿਲਕੁਲ ਮਨਘੜਤ ਹੈ ਤੇ ਸਿੱਖਾਂ ਨੂੰ ਅੰਗਰੇਜ਼ਾਂ ਦੀ ਗੁਲਾਮੀ ਕਬੂਲ ਕਰਨ ਲਈ ਘੜ ਕੇ ਪ੍ਰਚਾਰੀ ਗਈ ਹੈ।

## 6.6 ਸਾਰ

ਸ. ਕਰਮ ਸਿੰਘ ਦੀ ਬੋਲੀ ਦਾ ਸਮੁੱਚਾ ਮੁਹਾਵਰਾ ਪੰਜਾਬੀ ਵਾਲਾ ਹੈ। ਉਹ ਵਿਸ਼ੇ ਨੂੰ ਸਾਹਿਤਕ ਰੂਪ ਦੇਣ ਵਿੱਚ ਸਫਲ ਰਹੇ ਹਨ। ਉਹਨਾਂ ਨੇ ਇਸ ਬਾਰੇ ਭਾਵੇਂ ਕੋਈ ਯਤਨ ਕੀਤਾ ਜਾਂ ਨਹੀ ਪਰ ਅਸਲ ਵਿੱਚ ਉਨ੍ਹਾਂ ਨੂੰ ਆਪਣੀ ਲਿਖਤ ਨੂੰ ਉੱਨਤ ਕਰਨ ਲਈ, ਸਵਾਰਨ ਲਈ ਵਿਹਲ ਨਹੀ ਮਿਲੀ, ਉਹ ਲਿਖਦੇ ਹਨ:

"ਮੈਂ ਆਪਣੇ ਲੇਖਾਂ ਵਿੱਚ ਲਿਖਤ ਦੀਆਂ ਭੁੱਲਾਂ ਵੱਲ ਕਦੇ ਧਿਆਨ ਨਹੀਂ ਦਿੱਤਾ, ਮੇਰਾ ਭਾਵ ਸਦਾ ਇਹ ਰਿਹਾ ਹੈ ਕਿ ਪਾਠਕਾਂ ਨੂੰ ਇਤਿਹਾਸਕ, ਹਾਲਾਂ ਦੀ ਵਾਕਫੀ ਕਰਵਾਈ ਜਾਵੇ, ਲੇਖ ਨੂੰ ਮਾਂਜਣਾ ਤੇ ਲਿਸ਼ਕਾਉਣਾ ਵਿਹਲੇ ਵੇਲੇ ਦੀਆਂ ਗੱਲਾਂ ਹਨ, ਜਾਂ ਮੇਰੇ ਜਿਹੇ ਹੱਲ ਵਾਹੁਣ ਵਾਲੇ ਨੂੰ ਪ੍ਰਾਪਤ ਨਹੀ ਹੋ ਸਕਦੀਆਂ। ਸੂਰਜ ਚੜ੍ਹਦੇ ਤੋਂ ਸਿੱਖਰ ਦੁਪਹਿਰੇ ਤੀਕ ਹੱਲ ਵਾਹ ਕੇ ਜਦ ਬੰਦਾ ਘਰ ਆਵੇ ਅਤੇ ਕਲਮ ਫੜ ਕੇ ਲੇਖ ਲਿਖਣ ਲਗੇ ਤਾਂ ਅਜਿਹੇ ਲੇਖ ਵਿੱਚ ਲਿਖਤ ਦੀਆਂ ਭੁਲਾ ਰਹਿ ਜਾਣਾ ਕੋਈ ਅਣਹੋਣੀ ਗੱਲ ਨਹੀ।"

ਕਰਮ ਸਿੰਘ ਇਤਿਹਾਸਕਾਰ ਦੇ ਵਜੋਂ ਹੀ ਨਹੀ ਬਲਕਿ ਇਕ ਵਾਰਤਕਕਾਰ ਤੌਰ ਤੇ ਵੀ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਇੱਕ ਵੱਖਰੀ ਥਾਂ ਰੱਖਦੇ ਹਨ। ਕਰਮ ਸਿੰਘ ਨੇ ਇਤਿਹਾਸਕਾਰੀ ਨੂੰ ਸ਼ਰਧਾ ਦੇ ਘੇਰੇ ਵਿੱਚੋਂ ਕੱਢ ਕੇ ਅਸਲੀਅਤ ਤੱਕ ਪਹੁੰਚਨ ਦਾ ਕਾਮਯਾਬ ਯਤਨ ਕੀਤਾ ਹੈ। ਸ਼ਰਧਾਲੂ ਸਿੱਖ ਹੋਣ ਦੇ ਬਾਵਜੂਦ ਉਹ ਅੰਧ ਵਿਸ਼ਵਾਸ਼ੀ ਨਹੀ ਹਨ। ਜੇ ਕਰਮ ਸਿੰਘ ਨੂੰ ਵਿਗਿਆਨਕ ਸਿੱਖ ਇਤਿਹਾਸਕਾਰੀ ਦਾ ਮੋਢੀ ਕਿਹਾ ਜਾਵੇ ਤਾਂ ਇਹ ਅਤਿਕਥਨੀ ਨਹੀ ਹੋਵੇਗੀ। ਉਹਨਾਂ ਦੀ ਦਲੀਲ ਹੰਕਾਰ ਰਹਿਤ, ਨਮਰਤਾ ਨਾਲ ਪੇਸ਼ ਹੋਈ ਹੈ। ਬਿਨਾਂ ਤੱਥਾਂ ਤੋਂ ਕੋਈ ਨਿਰਣਾ ਨਹੀ ਲਿਆ, ਪ੍ਰਮਾਣਿਕਤਾ ਦਾ ਗੁਣ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਉਹਨਾਂ ਦਾ ਇਹ ਗੁਣ ਦੂਜਿਆਂ ਲਈ ਪ੍ਰੇਰਣਾ ਸ੍ਰੋਤ ਹਨ। ਸਿੱਖ ਇਤਿਹਾਸਕਾਰੀ ਦੇ ਖੇਤਰ ਵਿੱਚ ਇਸ ਤੋਂ ਵੱਡੀ ਦੇਣ ਕੀ ਹੋ ਸਕਦੀ ਹੈ।

## 6.7 ਸਹਾਇਕ ਪੁਸਤਕਾਂ


1. ਕਰਮ ਸਿੰਘ ਹਿਸਟੋਰੀਅਨ, ਜੀਵਨ ਤੇ ਰਚਨਾ, ਭੁਪਿੰਦਰ ਸਿੰਘ ਗਰੋਵਰ
2. ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਵਾਰਤਕ, ਜਸਬੀਰ ਸਿੰਘ
3. ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕ ਖੋਜ, ਹੀਰਾ ਸਿੰਘ ਦਰਦ
4. ਬੰਦਾ ਬਹਾਦਰ, ਕਰਮ ਸਿੰਘ ਹਿਸਟੋਰੀਅਨ
5. ਕੱਤਕ ਕਿ ਵਿਸਾਖ, ਕਰਮ ਸਿੰਘ ਹਿਸਟੋਰੀਅਨ
6. ਗੁਰਪੁਰਬ ਨਿਰਣੈ, ਕਰਮ ਸਿੰਘ ਹਿਸਟੋਰੀਅਨ
7. ਕੇਸ ਤੇ ਸਿੱਖੀ, ਕਰਮ ਸਿੰਘ ਹਿਸਟੋਰੀਅਨ